# ਜੰਗਲ ਦਾ ਚੌਧਰੀ ਹਾਥੀ

ਨੌਜਵਾਨ ਭਾਰਤ ਪੁਸਤਕਮਾਲਾ

# ਜੰਗਲ ਦਾ ਚੌਧਰੀ ਹਾਥੀ

ਰਾਮੇਸ਼ ਬੇਦੀ

ਅਨੁਵਾਦਕ

ਹਰਭਜਨ ਸਿੰਘ ਬਟਾਲਵੀ

ਫੋਟੋਗ੍ਰਾਫਰ

ਰਾਜੇਸ਼ ਬੇਦੀ

ਨੈਸ਼ਨਲ ਬੁਕ ਟਰੱਸਟ, ਇੰਡੀਆ

ISBN 81-237-2486-1

1998 (ਸ਼ੱਕ ਸੰਮਤ 1920)

ELEPHANT LORD OF THE JUNGLE *(PUNJABI)*

ਮੁੱਲ : **35.00**

ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਏ-5, ਗਰੀਨ ਪਾਰਕ, ਨਵੀਂ ਦਿੱਲੀ - 110016 ਵਲੋਂ ਪ੍ਰਕਾਸ਼ਿਤ।

# ਤਤਕਰਾ

# ਦੋ ਸ਼ਬਦ

ਰਾਮੇਸ ਬੇਦੀ ਅਤੇ ਉਸਦੇ ਫ਼ੋਟੋਗ੍ਰਾਫ਼ਰ ਪੁੱਤਰਾ ਨਰੇਸ ਅਤੇ ਰਾਜੇਸ਼ ਨੂੰ ਪੁਸਤਕ ਲਈ ਢੁੱਕਵੀਆ ਤਸਵੀਰਾਂ ਖਿੱਚਣ ਵਾਸਤੇ ਅਤੇ ਹਾਥੀਆਂ ਨੂੰ ਨੇੜਿਓਂ ਵੇਖਣ ਲਈ ਕਈ ਜੰਗਲ ਗਾਹੁਣੇ ਪਏ। ਅਣਗਿਣਤ ਔਕੜਾ ਦਾ ਸਾਹਮਣਾ ਕਰਨਾ ਪਿਆ।

ਸ੍ਰੀ ਵਿਨੋਦ ਰਿਸੀ ਆਈ ਐਫ਼ ਐਸ ਦਾ ਉਨ੍ਹਾਂ ਦੇ ਯੋਗ ਸੁਝਾਵਾਂ ਲਈ ਲੇਖਕ ਵਲੋਂ ਧੰਨਵਾਦ ਕਰਨਾ ਬਣਦਾ ਹੈ।



# 1

# ਜਾਣ–ਪਛਾਣ

ਹਰਿਦੁਆਰ ਨੇੜੇ ਜੰਗਲ ਵਿਚ ਕੰਮ ਕਰਨ ਵਾਲੇ ਕਾਮਿਆਂ ਅਤੇ ਬਾਂਸ ਵੱਢਣ ਵਾਲਿਆਂ ਨੂੰ ਜੇ ਤੁਸੀਂ ਇਹ ਪੁੱਛੋ ਕਿ ਤੁਹਾਨੂੰ ਸਭ ਤੋਂ ਵੱਧ ਡਰ ਕਿਸ ਜੰਗਲੀ ਜਾਨਵਰ ਤੋਂ ਲਗਦਾ .ਹੈ ਤਾ ਉਹ ਝੱਟ ਕਹਿਣਗੇ ਹਾਥੀ ਤੋ। ਇਸ ਖੇਤਰ ਵਿਚ ਉਂਜ ਬਾਘ, ਚੀਤੇ, ਜੰਗਲੀ ਸੂਰ ਅਤੇ ਰਿੱਛ ਵੀ ਹਨ। ਪਰ ਇਹ ਲੋਕ ਇਹਨਾਂ ਦੀ ਬਹੁਤ ਪ੍ਰਵਾਹ ਨਹੀ ਕਰਦੇ। ਜੇ ਕਦੇ ਕੋਈ ਹਾਥੀਆਂ ਦਾ ਝੁੰਡ ਇਥਰੋ ਲੰਘ ਜਾਵੇ ਤਾਂ ਉਹ ਛੱਡਦੇ ਹੀ ਕੁਝ ਨਹੀ—ਛੱਪਰ ਢਾਹ ਦਿੰਦੇ ਹਨ, ਖਾਧ ਪਦਾਰਥ ਬਰਬਾਦ ਕਰ ਦਿੰਦੇ ਹਨ ਅਤੇ ਘਰੇਲੂ ਵਸਤਾ ਮਿੱਧ ਕੇ ਖ਼ਰਾਬ ਕਰ ਦਿੰਦੇ ਹਨ।

ਕਸ਼ਮੀਰੀ ਗੁੱਜਰ ਇਸ ਤੇ ਭਲੀ ਭਾਂਤ ਜਾਣੂ ਹਨ। ਇਹ ਫਿਰਤੂ ਲੋਕ ਇਹਨਾਂ ਜੰਗਲਾ ਵਿਚ ਸਦੀਆ ਤੋਂ ਰਹਿ ਰਹੇ ਹਨ। ਰੋਜ ਹੀ ਉਹ ਆਪਣੇ ਡੇਰਿਆਂ ਤੋਂ ਦੂਰ ਮੱਝਾ ਚਾਰਨ ਜਾਂਦੇ ਹਨ। ਜੇ ਕਿਤੇ ਉਹਨਾ ਦੇ ਦੂਰ ਗਿਆਂ ਪਿਛੋਂ ਹਾਥੀ ਆ ਪੈਣ ਤਾ ਸਭ ਕੁਝ ਖਤਮ ਸਮਝੋ, ਇਥੋਂ ਤੱਕ ਕਿ ਕੱਟੇ-ਵੱਛੇ ਵੀ ਮਧੋਲ ਕੇ ਮਾਰ ਦਿੱਤੇ ਜਾਦੇ ਹਨ।



ਮੈਨੂੰ ਯਾਦ ਹੈ, ਜਿਵੇਂ ਉੱਤਰ ਪ੍ਰਦੇਸ਼ ਦੇ ਨੈਸ਼ਨਲ ਕਾਰਬੈਟ ਪਾਰਕ ਵਿਚ ਇਕ ਵਾਰ ਇੰਜ ਹੋਇਆ ਸੀ। ਇਕ ਚੀਤੇ ਨੂੰ ਫਾਹੁਣ ਵਾਸਤੇ ਕੱਟਾ ਬੱਧਾ ਹੋਇਆ ਸੀ ਪਰ ਉਥੇ ਚੀਤੇ ਦੀ ਥਾ ਹਾਥੀ ਆ ਪਏ। ਕੱਟਾ ਸੰਘਣੇ ਰੁੱਖਾ ਵਿਚ ਇਕ ਵਿਹਲੀ ਥਾਂ ਤੇ ਬੱਧਾ ਹੋਇਆ ਸੀ। ਹਾਥੀਆਂ ਦੇ ਆਉਣ 'ਤੇ ਕੱਟੇ ਵਿਚਾਰੇ ਨੂੰ ਪਤਾ ਵੀ ਨਾ ਲੱਗਾ ਕਿ ਕੀ ਵਾਪਰਨ ਵਾਲਾ ਹੈ, ਕਿ ਉਹ ਝੁੰਡਾ ਵਿਚ ਫਸਿਆ ਪਿਆ ਸੀ ਅਤੇ ਭੁੰਜੇ ਸੁੱਟਣ ਪਿਛੋਂ ਪੈਰਾਂ ਹੇਠ ਮਸਲ ਵੀ ਦਿੱਤਾ ਗਿਆ ਸੀ।

ਸੁਭਾਵਕ ਤੌਰ ਤੇ ਹਾਥੀ ਭਲਾਮਾਣਸ ਅਤੇ ਸਾਤੀ-ਪਸੰਦ ਜਾਨਵਰ ਹੈ ਅਤੇ ਦਸ ਤੋਂ ਲੈ ਕੇ ਸੌ ਤੱਕ ਦੀ ਗਿਣਤੀ ਦੇ ਝੁੰਡਾ ਵਿਚ ਘੁੰਮਦਾ ਹੈ। ਅਜਿਹੇ ਝੁੰਡਾ ਵਿਚ ਵਧੇਰੇ ਹਥਣੀਆ ਹੁੰਦੀਆ ਹਨ ਪਰ ਨਾਲ ਥੋੜ੍ਹੇ ਜਿਹੇ ਹਾਥੀ ਵੀ ਹੁੰਦੇ ਹਨ। ਝੁੰਡ ਦਾ ਮੁਖੀ ਚਿੰਘਾੜਦਾ ਹੈ ਤਾ ਸਾਰਾ ਝੁੰਡ ਇਕੱਠਾ ਹੋ ਜਾਦਾ ਹੈ। ਜੇਕਰ ਝੁੰਡ ਨੇ ਖਿੰਡਣਾ ਹੋਵੇ ਤਾ ਉਹ ਇਕੱਲੇ ਇਕੱਲੇ ਹੋ ਜਾਦੇ ਹਨ, ਖ਼ਾਸ ਕਰਕੇ ਹਥਣੀਆ ਡਰ ਕੇ ਦੌੜ ਜਾਦੀਆਂ ਹਨ। ਰਾਮਾਇਣ ਵਿਚ ਇਸ ਤਰ੍ਹਾਂ ਦੇ ਕਈ ਹਵਾਲੇ ਆਉਂਦੇ ਹਨ। ਉਂਜ ਆਮ ਕਰਕੇ ਹਥਣੀਆਂ ਇਸ ਗੱਲ ਦਾ ਧਿਆਨ ਰੱਖਦੀਆ ਹਨ ਕਿ ਉਹ ਝੁੰਡ ਨਾਲੋ ਵੱਖ ਨਾ ਹੋ ਜਾਣ। ਹਾਥੀ ਕਈ ਵਾਰ ਵੱਖ ਹੋ ਜਾਂਦੇ ਹਨ ਪਰ ਬਹੁਤ ਦੂਰ ਨਹੀਂ ਜਾਦੇ। ਜਿਹੜਾ ਹਾਥੀ ਸਭ ਤੋ ਤਕੜਾ ਹੁੰਦਾ ਹੇ ਉਹੀ ਝੁੰਡ ਦਾ ਮੁਖੀ ਬਣਦਾ ਹੈ। ਜੇ ਕੋਈ ਵਿਰੋਧੀ ਉਸਦੀ ਇਸ ਹਸਤੀ ਨੂੰ ਵੰਗਾਰੇ ਤਾ ਨਿਬੇੜਾ ਗਹਿਗੱਚ ਭੇੜ ਨਾਲ ਹੀ ਹੁੰਦਾ ਹੈ। ਹਾਰਿਆ ਹੋਇਆ ਹਾਥੀ ਜੇ ਝੁੰਡ ਵਿਚ ਰਹਿਣਾ ਚਾਹੇ ਤਾ ਜਿੱਤੇ ਹੋਏ ਦੀ ਸਰਦਾਰੀ ਮੰਨ ਕੇ ਹੀ ਰਹਿ ਸਕਦਾ ਹੈ। ਨਹੀਂ ਤਾ ਝੁੰਡ ਛੱਡ ਕੇ ਇਕੱਲਾ ਹੀ ਜੰਗਲਾਂ ਵਿਚ ਧੱਕੇ ਖਾਦਾ ਹੈ। ਇਕੱਲੇ ਹੋਣ ਦੀ ਹਾਲਤ ਵਿਚ ਉਸਨੂੰ ਹਰ ਵੇਲੇ ਚੌਕੰਨਾ ਰਹਿਣਾ ਪੈਦਾ ਹੈ ਅਤੇ ਆਪਣੇ ਬਚਾਅ ਲਈ ਤਿਆਰ ਰਹਿਣਾ ਪੈਂਦਾ ਹੈ।

ਪਰੰਤੂ ਹਰ ਇਕੱਲਾ ਫਿਰਦਾ ਹਾਥੀ ਇੰਜ ਝੁੰਡ ਵਿਚੋਂ ਛੇਕਿਆ ਹੋਇਆ ਹੀ ਨਹੀ ਹੁੰਦਾ। ਇਹ ਵੀ ਹੋ ਸਕਦਾ ਹੇ ਕਿ ਅਜਿਹਾ ਹਾਥੀ ਕਦੇ ਕਿਸੇ ਝੁੰਡ ਦਾ ਮੁਖੀ ਹੁੰਦਾ ਹੋਵੇ ਪਰ ਉਸਨੇ ਆਪਣੇ ਆਪ ਹੀ ਉਦਾਸ ਹੋ ਕੇ ਸੰਨਿਆਸ ਲੈ ਲਿਆ ਹੋਵੇ।

ਇਕੱਲੇ ਹਾਥੀ ਜੰਗਲਾ ਦੇ ਕੰਢਿਆ ਤੇ ਰਹਿਣਾ ਪਸੰਦ ਕਰਦੇ ਨੇ ਜਿਥੇ ਉਹ ਸੌਖ ਨਾਲ ਖੇਤਾਂ 'ਤੇ ਧਾਵਾ ਬੋਲ ਸਕਣ। ਮਨੁੱਖੀ ਬਸਤੀਆ ਨੇੜੇ ਉਹ ਆਟਾ, ਚਾਵਲ ਜਾ ਹੋਰ ਰਹਿੰਦ-ਖੂੰਹਦ ਦੀ ਭਾਲ ਵਿਚ ਫਿਰਦੇ ਰਹਿੰਦੇ ਹਨ ਅਤੇ ਜੇ ਕੋਈ ਚੀਜ ਰਾਤ ਵੇਲੇ ਘਰੋਂ ਬਾਹਰ ਰਹਿ ਜਾਵੇ ਤਾ ਸਵੇਰ ਨੂੰ ਉਹਦਾ ਨਿਸ਼ਾਨ ਤੱਕ ਨਹੀਂ ਬਚਦਾ। ਮਰਕੀਸਨ ਪਾਰਕ ਵਿਚ ਇਕ ਹਾਥੀ ਨੇ ਵੀਹ ਕਿਲੋ ਆਲੂ, ਪੰਜ ਮਿੰਟਾਂ ਵਿਚ ਹੀ ਚਟਮ ਕਰ ਲਏ। ਫਿਰ ਉਸਨੇ ਰੇਂਜਰ ਦੇ ਘਰ ਦੀ ਬਾਰੀ ਵਿਚੋ ਆਪਣੀ ਸੁੰਡ ਅੰਦਰ ਕੀਤੀ ਅਤੇ ਦੇਸੀ ਦਾਰੂ ਪਾਂਬੀ ਦੇ ਤੇਈ ਲਿਟਰ ਵੀ ਡਕਾਰ ਗਿਆ। ਅਗਲੇ ਦਿਨ ਉਹ ਇਕ ਦਰਖ਼ਤ ਨਾਲ ਲੱਗ ਕੇ ਸਾਰਾ ਦਿਨ ਸੁੱਤਾ ਰਿਹਾ। ਜੇ ਹਾਥੀ ਦੇ ਮੂੰਹ ਨੂੰ ਇਕ ਵਾਰ ਕੇਲੇ, ਆਲੂ, ਮੱਕੀ, ਗੰਨਾ ਜਾਂ ਅਜਿਹੀ ਹੀ ਕੋਈ ਹੋਰ ਚੀਜ ਲੱਗ ਜਾਵੇ, ਫਿਰ ਤਾਂ ਉਸਨੂੰ ਰੋਕਣਾ ਔਖਾ ਹੋ ਜਾਦਾ ਹੈ। ਉਹ ਜਾਨ ਮਾਲ ਲਈ ਫ਼ਿਰ ਖ਼ਤਰਾ ਵੀ ਬਣ ਸਕਦਾ ਹੈ।

ਇਹਨਾਂ ਜਾਨਵਰਾ ਨੂੰ ਭਜਾਉਣ ਲਈ ਹਰ ਤਰ੍ਹਾ ਦੇ ਦਾਅ ਵਰਤੇ ਜਾਣ 'ਤੇ ਵੀ ਭਜਾਉਣਾ ਸੌਖਾ ਨਹੀ ਹੁੰਦਾ। ਉਹ ਹਰ ਵੇਲੇ ਹੀ ਮਨੁੱਖ ਦਾ ਸਾਹਮਣਾ ਕਰਨਾ ਗਿੱਝ ਜਾਦੇ ਹਨ, ਇਸ ਕਰਕੇ ਉਹ ਦਲੇਰ ਅਤੇ ਖ਼ਤਰਨਾਕ ਦੁਸਮਣ ਬਣ ਜਾਦੇ ਹਨ। ਕਈ ਵਾਰ ਤਾਂ ਇਕੱਲੇ ਬੰਦੇ ਨੂੰ ਵੇਖ ਕੇ ਅਜਿਹਾ ਹਾਥੀ ਹੱਲਾ ਵੀ ਬੋਲ ਦਿੰਦਾ ਹੈ। ਅਜਿਹੇ ਹਾਥੀ ਨੂੰ ਵਿਗੜਿਆ ਹੋਇਆ ਜਾਂ ਮਸਤ ਹਾਥੀ ਵੀ ਕਿਹਾ ਜਾਂਦਾ ਹੈ। ਜਦੋਂ ਲੋਕ ਇਨ੍ਹਾ ਨੂੰ ਡਰਾਉਦੇ ਹਨ ਜਾ ਇਹਨਾਂ ਨੂੰ ਕੋਈ ਡੂੰਘੀ ਸੱਟ ਵੱਜ ਜਾਦੀ ਹੈ ਤਾ ਵੀ ਇਹ ਬੇ ਮੁਹਾਰੇ ਹੋ ਜਾਂਦੇ ਹਨ। ਫਸਲਾ ਤੋ ਦੂਰ ਭਜਾਉਣ ਲਈ ਬਹੁਤ ਵਾਰ ਲੋਕ ਇਹਨਾਂ 'ਤੇ ਗੋਲੀ ਚਲਾਉਂਦੇ ਹਨ, ਜਿਸਦੇ ਜ਼ਖ਼ਮ ਇਹਨਾਂ ਨੂੰ ਸਾਰੀ ਉਮਰ ਰੜਕਦੇ ਰਹਿੰਦੇ ਹਨ। ਵਿਚਾਰੇ ਘਾਹੀ, ਲੱਕੜਹਾਰੇ ਜਾ ਰਾਹੀ ਹੀ ਅਕਸਰ ਇਨ੍ਹਾਂ ਦੇ ਗੁੱਸੇ ਦਾ ਸਿਕਾਰ ਹੁੰਦੇ ਹਨ।

ਵਿਗੜੇ ਹੋਏ ਹਾਥੀ ਦਾ ਇਹ ਕਿੱਸਾ ਸੀ ਕਿ ਉਹ ਪੱਥਰ ਜਾ ਲੱਕੜ ਦੇ ਮੋਛੇ ਸੁੰਡ ਨਾਲ ਚੁੱਕ ਚੁੱਕ ਕੇ ਲੋਕਾ 'ਤੇ ਵਗਾਹ ਮਾਰਦਾ ਸੀ। ਉਹ ਭੱਜਦੀਆਂ ਮੋਟਰਾਂ ਦਾ ਵੀ ਪਿੱਛਾ ਕਰਦਾ ਸੀ। ਇਹ ਵਿਗੜੇ ਹੋਏ ਹਾਥੀ ਸੜਕ ਦੇ ਐਨ ਵਿਚਕਾਰ ਆਣ ਖਲੋਂਦੇ ਹਨ ਤਾ ਜੋ ਉਹ ਆਉਣ ਵਾਲੇ ਵਾਹਨਾਂ 'ਤੇ ਹੱਲਾ ਕਰ ਸਕਣ। ਹਾਰਨ ਵਜਾਉਣ ਦਾ ਉਨ੍ਹਾ 'ਤੇ ਕੋਈ ਅਸਰ ਨਹੀਂ ਹੁੰਦਾ। ਇਹੋ ਜਿਹੀ ਸਥਿਤੀ ਵਿਚ ਡਰਾਈਵਰ ਜਰਾ ਪਰ੍ਹਾ ਹੀ ਬੱਸਾ ਰੋਕ ਲੈਂਦੇ ਹਨ ਅਤੇ ਸਵਾਰੀਆਂ ਨੂੰ ਕਹਿੰਦੇ ਹਨ ਕਿ ਉਹ ਘਬਰਾਉਣ ਨਾ। ਕਈ ਵਾਰ ਤਾਂ ਅਜਿਹੇ ਜਾਨਵਰ ਨੂੰ ਭਜਾਉਣ ਲਈ ਹਵਾ ਵਿਚ ਗੋਲੀਆਂ ਵੀ ਚਲਾਉਣੀਆਂ ਪੈਦੀਆ ਹਨ। ਅਫਰੀਕਾ ਵਿਚ ਤਾ ਇਕ ਅਜਿਹੇ ਵਿਗੜੇ ਹਾਥੀ ਨੇ 91 ਮੀਟਰ ਤੱਕ ਵੀ ਵਾਹਨਾ 'ਤੇ ਹਮਲੇ ਕੀਤੇ। ਇਕ ਵਾਰ ਤਾ ਉਸਨੇ ਇਕ ਵਾਰਡਨ ਦੇ ਟਰੱਕ ਦਾ ਪੰਜ ਕਿਲੋਮੀਟਰ ਤੱਕ ਵੀ ਪਿੱਛਾ ਕੀਤਾ। ਉਸਨੂੰ ਤਾਂ ਫਿਰ ਗੋਲੀ ਹੀ ਮਾਰਨੀ ਪਈ। ਹਾਥੀ ਆਪਣੀ ਸੁੰਡ, ਬਾਹਰੀ ਦੰਦਾ ਅਤੇ ਸਿਰ ਦੀ ਵਰਤੋਂ ਨਾਲ ਲਾਰੀ ਨੂੰ ਭੰਨ ਕੇ ਸਕਲੋ ਬੇਸ਼ਕਲ ਕਰ ਸਕਦਾ ਹੈ। ਅਫ਼ਰੀਕਾ ਦੇ ਇਕ ਕੌਮੀ ਪਾਰਕ ਵਿਚ ਇਕ ਸੜਕ ਨਵੀਂ ਨਵੀਂ ਹੀ ਬਣੀ ਸੀ ਅਤੇ ਜਾਨਵਰਾ ਨੇ ਇਸ ਤੋ ਪਰ੍ਹੇ ਰਹਿਣਾ ਅਜੇ ਨਹੀਂ ਸੀ ਸਿੱਖਿਆ। ਇਕ ਦਿਨ ਇਕ ਹਾਥੀ ਦਾ ਸਿਰ ਤੁਰੀ ਜਾਂਦੀ ਲਾਰੀ ਨਾਲ ਜਾ ਵੱਜਾ। ਇਸ ਵਿਚ ਬੈਠੀਆਂ ਸਵਾਰੀਆ ਵਿਚੋਂ ਦੋ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈਆਂ। ਹਾਥੀ ਨੂੰ ਵੀ ਸੱਟਾ ਲੱਗੀਆ।

ਇਹੋ ਜੇਹੀ ਹੀ ਇਕ ਹੋਰ ਰੋਚਕ ਘਟਨਾ ਮਰਕੀਸਨ ਪਾਰਕ ਵਿਚਲੀ ਹਵਾਈ ਪੱਟੀ 'ਤੇ ਵਾਪਰੀ। ਇਥੇ ਡਕੋਟਾ ਹਵਾਈ ਜਹਾਜ਼ਾਂ ਦੇ ਉਤਰਨ ਲਈ ਜੰਗਲ ਦਾ ਥੋੜ੍ਹਾ ਜਿਹਾ ਹਿੱਸਾ ਸਾਫ਼ ਕੀਤਾ ਹੋਇਆ ਸੀ। ਜਦੋਂ ਇਕ ਪੰਜ ਹਜ਼ਾਰ ਕਿਲੋਗ੍ਰਾਮ ਭਾਰਾ ਵਾਹਨ ਇਥੋਂ ਲੰਘ ਰਿਹਾ ਸੀ ਤਾਂ ਜੰਗਲ ਵਿਚੋ ਨਿਕਲ ਕੇ ਇਕ ਵੱਡਾ ਹਾਥੀ ਰਾਹ ਮੱਲ ਖਲੋਤਾ। ਉਸਨੇ ਆਪਣੇ ਦੰਦਾਂ ਨਾਲ ਟਰੱਕ ਤੇ ਕਈ ਵਾਰ ਹਮਲੇ ਕੀਤੇ। ਟਰੱਕ ਦਾ ਬੋਨਟ ਪਹਿਲਾ ਨਿਸਾਨਾ ਬਣਿਆ। ਫਿਰ ਉਸਨੇ ਹੋਰ ਵਾਰ ਕੀਤਾ ਅਤੇ ਟਰੱਕ ਦੀ ਤੇਲ ਵਾਲੀ ਟੈਂਕੀ ਵਿਚ ਮਘੋਰਾ ਕਰ ਸੁੱਟਿਆ। ਇਕ ਹੋਰ ਟੱਕਰ ਨਾਲ ਟਰੱਕ ਉਲਟ ਗਿਆ ਅਤੇ ਰੰਸਤਾ ਬੰਦ ਹੋ ਗਿਆ। ਲੋਹੇ ਵਿਚ ਹਾਥੀ ਦੁਆਰਾ

ਕੀਤੇ ਮਘੋਰੇ ਇੰਜ ਲਗਦੇ ਸਨ ਜਿਵੇਂ 88 ਐੱਮ. ਐੱਮ ਤੋਪ ਦੇ ਗੋਲਿਆਂ ਨਾਲ ਕੀਤੇ ਗਏ ਹੋਣ। ਲੋਹੇ ਦੀਆ ਚਾਦਰਾ ਕੇਲੇ ਦੀ ਛਿੱਲ ਵਾਗ ਲੱਥ ਕੇ ਡਿੱਗ ਪਈਆਂ। ਖ਼ੁਸ਼ਕਿਸਮਤੀ ਇਹ ਕਿ ਟਰੱਕ ਵਿਚ ਸਵਾਰ ਤਿੰਨਾਂ ਹੀ ਬੰਦਿਆ ਨੂੰ ਕੋਈ ਗੰਭੀਰ ਸੱਟਾਂ ਨਾ ਲੱਗੀਆਂ।

ਆਪਣੇ ਵਿਦਿਆਰਥੀ ਜੀਵਨ ਦੀ ਇਕ ਘਟਨਾ ਮੈਨੂੰ ਬਹੁਤ ਹੀ ਚੰਗੀ ਤਰ੍ਹਾਂ ਯਾਦ ਹੈ। ਮੈਂ ਸ਼ਿਵਾਲਿਕ ਦੇ ਪੈਰਾਂ ਵਿਚ ਗੰਗਾ ਕੰਢੇ ਕੱਚੇ ਘਰਾਂ ਵਾਲੇ ਇਕ ਆਸ਼ਰਮ ਵਿਚ ਰਹਿੰਦਾ ਸਾਂ। ਹਰਿਦੁਆਰ ਜਾਣ ਵਾਸਤੇ ਕੰਡਿਆਲੀਆਂ ਝਾੜੀਆਂ ਅਤੇ ਤੇਜ਼ ਵਗਣ ਵਾਲੀਆਂ ਪਹਾੜੀ ਨਦੀਆਂ ਵਾਲੇ ਸੰਘਣੇ ਜੰਗਲ ਵਿਚੋਂ ਦੀ ਸਾਢੇ ਛੇ ਕਿਲੋਮੀਟਰ ਤੁਰਨਾ ਪੈਂਦਾ ਸੀ। ਬਰਸਾਤ ਵਿਚ ਤਾਂ ਹਾਲਤ ਹੋਰ ਵੀ ਖ਼ਰਾਬ ਹੋ ਜਾਂਦੀ ਸੀ। ਗੰਗਾ ਵਿਚ ਹੜ੍ਹ ਆ ਜਾਂਦਾ ਸੀ, ਪੁਲ ਰੁੜ੍ਹ ਜਾਂਦੇ ਸਨ ਅਤੇ ਬੇੜੀਆ ਵੀ ਨਹੀਂ ਸੀ ਪੈਂਦੀਆਂ। ਅਸੀਂ ਜੰਗਲ ਵਿਚ ਫਸ ਗਏ ਸਾ। ਮੇਰੇ ਖਿਆਲ ਵਿਚ 1928 ਦੀ ਗੱਲ ਹੋਵੇਗੀ, ਇਕ ਮੀਂਹ ਵਾਲੇ ਦਿਨ ਮੈਂ ਆਪਣੇ ਤਿੰਨ ਸਾਥੀਆਂ ਨਾਲ ਹਰਿਦੁਆਰੋ ਵਾਪਸ ਆ ਰਿਹਾ ਸਾਂ। ਅਸੀਂ ਅਜੇ ਮਸਾਂ ਅੰਜਨ-ਵਨ—(ਇਹ ਨਾ ਇਸਦੇ ਮਸਕਰਾ ਕਾਲਖ਼ ਨਾਲ ਰਲਦੇ ਮਿਲਦੇ ਹੋਣ ਕਰਕੇ ਪਿਆ ਸੀ)—ਟੱਪੇ ਹੀ ਸੀ ਅਤੇ ਨਦੀ ਦੀ ਢਲਾਨ 'ਤੇ ਉਤਰੇ ਹੀ ਸਾਂ ਕਿ ਪਿਛੋਂ ਇਕ, ਇਕ ਅੱਖ ਵਾਲੇ ਹਾਥੀ ਨੇ ਸਾਡੇ ਤੇ ਹੱਲਾ ਬੋਲ ਦਿੱਤਾ। ਇਕੋ ਅੱਖ ਵਾਲਾ ਇਕੱਲਾ ਹਾਥੀ। ਅਸੀ ਆਪਣੀਆਂ ਬੁਸਕੀਆ ਸੁੱਟ ਕੇ ਜੀਅ ਭਿਆਣੇ ਨੱਸ ਉਠੇ। ਪਿਛੋ ਪਤਾ ਲੱਗਾ ਕਿ ਸਾਡੀਆਂ ਬੁਸਕੀਆ ਨੇ ਹੀ ਸਾਨੂੰ ਬਚਾਇਆ ਸੀ। ਹਾਥੀ ਨੇ ਆਪਣਾ ਗੁੱਸਾ ਉਨ੍ਹਾਂ 'ਤੇ ਹੀ ਕੱਢ ਲਿਆ। ਉਸਨੇ ਪੈਰ ਮਾਰ ਮਾਰ ਕੇ ਇਹ ਲੀਰੋਂ ਲੀਰ ਕਰ ਸੁੱਟੀਆ ਅਤੇ ਅਸੀਂ ਬਚ ਗਏ। ਜੇ ਸਾਡੇ ਵਿਚੋਂ ਕੋਈ ਜਣਾ ਉਸਦੇ ਕਾਬੂ ਆ ਜਾਦਾ ਤਾਂ ਉਹ ਉਸਦਾ ਵੀ ਕੀਮਾ ਬਣਾ ਸੁੱਟਦਾ। ਚੰਗੀ ਗੱਲ ਇਹੋ ਹੀ ਹੈ ਕਿ ਜੇ ਕਿਤੇ ਬਦਕਿਸਮਤੀ ਨਾਲ ਤੁਹਾਡਾ ਸਾਹਮਣਾ ਇਹੋ ਜਿਹੇ ਹਾਥੀ ਨਾਲ ਹੋ ਜਾਵੇ ਤਾਂ ਆਪਣਾ ਕੋਟ, ਕਮੀਜ਼, ਸਿਰ ਦਾ ਕੱਪੜਾ ਜਾਂ ਜੋ ਵੀ ਕੁਝ ਤੁਹਾਡੇ ਕੋਲ ਹੋਵੇ, ਉਸ ਵੱਲ ਸੁੱਟੋ ਅਤੇ ਸ਼ੂਟ ਵੱਟ ਜਾਵੋ। ਜਦੋਂ ਨੂੰ ਉਹ ਸੁੱਟੇ ਹੋਏ ਕੱਪੜੇ ਨਾਲ ਨਿਬੜੇਗਾ, ਤੁਸੀ ਖ਼ਤਰੇ ਤੋ ਦੂਰ ਜਾਣ ਦੇ ਮੌਕੇ ਬਣਾ ਲਵੋਗੇ। ਇਕ ਵਾਰ ਇਸ ਤਰ੍ਹਾਂ ਦਾ ਇਕ ਹਾਥੀ ਕਿਸੇ ਯਾਤਰੀ ਕਾਰ ਦਾ ਪਿੱਛਾ ਕਰ ਰਿਹਾ ਸੀ। ਕੁਦਰਤੀ ਹੀ, ਕਾਰ ਤੋਂ ਕੇਲਿਆਂ ਵਾਲੀ ਇਕ ਟੋਕਰੀ ਡਿੱਗ ਗਈ, ਹਾਥੀ ਕੇਲਿਆ ਨਾਲ ਉਲਝ ਗਿਆ ਅਤੇ ਕਾਰ ਦੂਰ ਚਲੇ ਗਈ।

ਜੰਗਲੀ ਹਾਥੀਆਂ ਦੀਆਂ ਤਸਵੀਰਾਂ ਖਿੱਚਣ ਅਤੇ ਉਨ੍ਹਾਂ ਨੂੰ ਵੇਖਣ ਵਾਸਤੇ ਮੈਨੂੰ ਕਈ ਕੌਮੀ ਪਾਰਕਾਂ ਅਤੇ ਰੱਖਾਂ ਵਿਚ ਜਾਣ ਦਾ ਮੌਕਾ ਮਿਲਿਆ। ਮੇਰਾ ਤਜਰਬਾ ਇਹ ਹੈ ਕਿ ਜੇ ਤੁਸੀਂ ਹਾਥੀ 'ਤੇ ਸਵਾਰ ਹੋਵੋ ਤਾਂ ਕਿਸੇ ਇਕੱਲੇ ਹਾਥੀ ਤੋਂ ਖ਼ਤਰਾ ਹੋ ਸਕਦਾ ਹੈ। ਝੁੰਡ ਵਿਚਲੇ ਜਾਨਵਰ ਆਉਣ ਜਾਣ ਵਾਲਿਆਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਤੁਸੀਂ ਆਪਣਾ ਹਾਥੀ ਝੁੰਡ ਦੇ ਐਨ ਨੇੜੇ ਤਕ ਲਿਆ ਸਕਦੇ ਹੋ। ਜੇ ਤੁਹਾਡਾ ਹਾਥੀ ਚੰਗਾ ਸਿਧਾਇਆ ਹੋਇਆ ਹੈ ਤਾਂ ਉਹ ਝੁੰਡ ਵਿਚੋਂ ਦੀ ਵੀ ਤੁਹਾਨੂੰ ਲੰਘਾ ਕੇ ਲੈ ਜਾਵੇਗਾ। ਉਤਸੁਕਤਾ ਵੱਸ ਜਾਂ ਉਂਜ ਹੀ ਕੋਈ ਜੰਗਲੀ ਹਾਥੀ ਤੁਹਾਡੇ ਹਾਥੀ ਵੱਲ ਸੁੰਡ ਚੁੱਕ ਸਕਦਾ ਹੇ ਪਰ ਉਹ ਤੁਹਾਡੇ ਸਵਾਰ ਹੋਣ ਬਾਰੇ

ਕੋਈ ਗਹੁ ਨਹੀ ਕਰਦਾ।

ਜੇ ਹਾਥੀ ਮਗਰ ਪੈ ਜਾਵੇ ਤਾਂ ਸੜਕ 'ਤੇ ਸਿੱਧੇ ਕਦੇ ਨਾ ਦੌੜੋ। ਪੱਧਰੀ ਜ਼ਮੀਨ ਤੇ ਹਾਥੀ ਚਾਲੀ ਤੋਂ ਅੱਠਤਾਲੀ ਕਿਲੋਮੀਟਰ ਦੀ ਰਫ਼ਤਾਰ ਨਾਲ ਭੱਜ ਸਕਦਾ ਹੈ ਅਤੇ ਬੰਦੇ ਨੂੰ ਪਿਛਾੜ ਸਕਦਾ ਹੇ। ਟੋਇਆ-ਟਿੱਬਿਆਂ ਵਾਲੇ ਪਾਸੇ ਅਤੇ ਤੰਗ, ਵਲਵਲੇਵੇਂ ਵਾਲੀਆਂ ਪਗਡੰਡੀਆਂ 'ਤੇ ਦੌੜਨ ਵਿਚ ਬਚਾਓ ਹੈ। ਹਾਥੀ ਇਹੋ ਜਿਹੀ ਜ਼ਮੀਨ 'ਤੇ ਅਜਿਹੇ ਮੋੜ ਸੌਖਿਆਂ ਨਹੀਂ ਮੁੜ ਸਕਦਾ। ਉਸ ਦੀ ਚਾਲ ਮੱਠੀ ਪੈ ਜਾਦੀ ਹੈ ਤੇ ਓਨੀ ਦੇਰ ਨੂੰ ਬੰਦਾ ਕਿਤੇ ਦਾ ਕਿਤੇ ਜਾ ਨਿਕਲਦਾ ਹੈ। ਜੇ ਇਲਾਕਾ ਪਹਾੜੀ ਹੋਵੇ ਤਾਂ ਢਲਾਨ ਤੋਂ ਹੇਠਾ ਨੂੰ ਦੌੜੋ। ਹਾਥੀ ਥੱਲੇ ਨੂੰ ਮੱਠਾ ਹੀ ਦੌੜਦਾ ਹੈ। ਉੱਪਰ ਨੂੰ ਉਹ ਤੇਜ਼ ਦੌੜਦਾ ਹੈ ਅਤੇ ਸੁੰਡ ਨਾਲ ਵੀ ਸ਼ਿਕਾਰ ਨੂੰ ਕਾਬੂ ਕਰ ਸਕਦਾ ਹੈ। ਥੱਲੇ ਨੂੰ ਦੌੜਦਿਆ ਗੋਲ ਪੱਕਰਾ ਵਿਚ ਦੀ ਦੌੜਨਾ ਚੰਗਾ ਰਹਿੰਦਾ ਹੈ। ਬੰਦਾ ਤਾ ਇਹਨਾ ਪੱਥਰਾਂ ਤੋਂ ਛਾਲਾ ਮਾਰ ਸਕਦਾ ਹੇ ਪਰ ਹਾਥੀ ਨਹੀਂ। ਉਸਦੇ ਵੱਡੇ ਆਕਾਰ ਕਰਕੇ ਇਹ ਪੱਥਰ ਰਿੜ੍ਹ ਵੀ ਪੈਣਗੇ ਅਤੇ ਉਹ ਆਪਣੇ ਆਪ ਨੂੰ ਸਾਵਾ ਨਹੀ ਰੱਖ ਸਕੇਗਾ। ਹਾਥੀ ਨੂੰ ਵੀ ਇਸ ਗੱਲ ਦਾ ਪਤਾ ਹੈ। ਇਸ ਹਾਲਤ ਵਿਚ ਹਾਥੀ ਪਿਛਲੀਆ ਲੱਤਾ 'ਤੇ ਕੁੱਬਾ ਹੋ ਕੇ ਅਤੇ ਅਗਲੀਆਂ ਲੱਤਾਂ ਸਿੱਧੀਆਂ ਰੱਖ ਕੇ ਹੇਠਾ ਨੂੰ ਤਿਲਕਦਾ ਹੈ। ਜੇ ਜ਼ਮੀਨ ਤਿਲਕਵੀਂ ਵੀ ਹੋਵੇ ਤਾ ਹਾਥੀ ਤਿਲਕ ਵੀ ਜਾਵੇ ਤਾ ਉਹ ਛੇਤੀ ਹੀ ਸਾਂਵਾ ਹੋ ਕੇ ਉੱਠ ਬਹਿੰਦਾ ਹੈ।

ਸਾਨੂੰ ਸਭ ਨੂੰ ਬਿੱਲੀ ਦੀ ਸਿੱਧੀ ਅਤੇ ਅਛੋਪਲੀ ਤੋਰ ਬਾਰੇ ਪਤਾ ਹੈ। ਪਰ ਜਿੰਨ੍ਹਾਂ ਨੇ ਜੰਗਲ ਵਿਚ ਹਾਥੀ ਨੂੰ ਤੁਰਦਿਆਂ ਵੇਖਿਆ ਹੈ ਉਹ ਜਾਣਦੇ ਹਨ ਕਿ ਉਹ ਇੰਨਾ ਵੱਡਾ ਕੱਦ ਹੁੰਦਿਆਂ ਵੀ ਕਿੰਨੇ ਪੋਲੇ ਪੈਰੀਂ ਅਤੇ ਸੁਹਾਵਣਾ ਤੁਰਦਾ ਹੈ। ਹਾਥੀ ਦੀ ਔਸਤ ਚਾਲ ਸਾਢੇ ਛੇ ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ। ਦੌੜਨ ਵੇਲੇ ਉਹ ਬੱਤੀ ਕਿਲਮੀਟਰ ਪ੍ਰਤੀ ਘੰਟਾ ਵੀ ਜਾ ਸਕਦਾ ਹੈ। ਪਰ ਇਹ ਵੀ ਸੱਚ ਹੈ ਕਿ ਉਹ ਇਹ ਚਾਲ ਥੋੜ੍ਹੇ ਸਮੇਂ ਲਈ ਹੀ ਕਾਇਮ ਰਖ ਸਕਦਾ ਹੇ। ਉਹ ਸੌਲਾ ਕਿਲੋਮੀਟਰ ਪ੍ਰਤੀ ਘੰਟਾ ਦੇ ਹਿਸਾਬ ਤਾਂ ਕਾਫ਼ੀ ਲੰਮੇ ਸਮੇਂ ਲਈ ਜਾ ਸਕਦਾ ਹੈ।

ਚੰਗੀ ਕਿਸਮਤ ਨੂੰ ਉਹ ਬਹੁਤ ਦੂਰ ਤੱਕ ਚੰਗੀ ਤਰ੍ਹਾ ਵੇਖ ਨਹੀਂ ਸਕਦਾ। ਇਸ ਕਰਕੇ ਜੇ ਬੰਦਾ ਥੋੜ੍ਹੀ ਦੂਰ ਕਿਸੇ ਰੁੱਖ ਜਾ ਚਟਾਨ ਓਹਲੇ ਹੋ ਜਾਵੇ ਤਾ ਉਸਦੇ ਬਚਾਓ ਦੇ ਮੌਕੇ ਵਧ ਜਾਂਦੇ ਹਨ।

ਹਾਥੀ ਕਮਜੋਰ ਨਜ਼ਰ ਵਾਲਾ ਜਾਨਵਰ ਹੈ। ਇਹ ਨਹੀਂ ਕਿ ਉਸਨੂੰ ਦੂਰੋਂ ਦਿਸਦਾ ਨਹੀ। ਬੇਸ਼ਕ ਉਹ ਬੰਦੇ ਜਿੰਨੀ ਦੂਰੀ ਤਕ ਵੇਖ ਸਕਦਾ ਹੈ ਪਰ ਉਸਦੀਆਂ ਨਿੱਕੀਆ ਨਿੱਕੀਆਂ ਅੱਖਾ ਇੰਨੀ ਦੂਰ ਠੀਕ ਤਰ੍ਹਾਂ ਕੇਂਦ੍ਰਿਤ ਨਹੀਂ ਹੁੰਦੀਆਂ। ਨਜ਼ਰ ਠੀਕ ਕਰਨ ਲਈ ਉਸਨੂੰ ਥੋੜ੍ਹਾ ਸਮਾ ਲਗਦਾ ਹੈ। ਇਸ ਘਾਟ ਨੂੰ ਪੂਰਾ ਕਰਨ ਵਾਸਤੇ ਉਹ ਆਪਣੇ ਵੱਡੇ ਵੱਡੇ ਕੰਨਾ 'ਤੇ ਨਿਰਭਰ ਕਰਦਾ ਹੈ। ਹਾਥੀ ਦੀ ਸੁਣਨ ਸ਼ਕਤੀ ਬਹੁਤ ਹੀ ਤੇਜ਼ ਹੁੰਦੀ ਹੈ।

ਇਵੇਂ ਹੀ ਉਸਦੀਆ ਹੋਰ ਸੁੰਘਣ ਸ਼ਕਤੀਆ ਬੜੀਆਂ ਬਲਵਾਨ ਹੁੰਦੀਆਂ ਹਨ। ਉਹ ਆਦਮੀ ਦੀ ਗੰਧ ਤੋਂ ਹੀ ਉਸਦੇ ਨੇੜੇ ਤੇੜੇ ਹੋਣ ਦਾ ਪਤਾ ਲਾ ਲੈਂਦਾ ਹੈ ਅਤੇ ਪਰੇ ਚਲੇ ਜਾਦਾ ਹੈ। ਕਦੀ ਕਦੀ ਵੇਖ ਕੇ, ਸੁਣ ਕੇ ਜਾਂ ਸੁੰਘ ਕੇ ਬੰਦੇ ਦੇ

ਨੇੜੇ ਹੋਣ ਦਾ ਪਤਾ ਲੱਗ ਜਾਣ, 'ਤੇ ਵੀ ਉਹ ਹਿੱਲਦਾ-ਨਹੀਂ, ਸਗੋਂ ਜੇ ਬੰਦਾ ਹੋਰ ਨੇੜੇ ਆਵੇ ਤਾਂ ਹਮਲਾ ਕਰਨ ਤਕ ਵੀ ਚਲੇ ਜਾਂਦਾ ਹੈ।


ਕਾਲੀ ਭੂਰੀ ਜਿਹੀ ਉਸਦੀ ਚਮੜੀ ਪ੍ਰਕਿਰਤਕ ਬਨਸਪਤੀ ਨਾਲ ਇਕ-ਮਿੱਕ ਹੋ ਜਾਣ ਲਈ ਅਤਿ ਢੁੱਕਵੀਂ ਹੇ। ਉਹ ਆਲੇ-ਦੁਆਲੇ ਨਾਲ ਇੰਜ ਘੁਲ ਮਿਲ ਜਾਂਦਾ ਹੈ ਕਿ ਉਸਦੇ ਨੇੜੇ ਜਾਣ ਤਕ, ਜੇ ਉਹ ਹਿੱਲੇ ਨਾ, ਤਾਂ ਉਸਦੀ ਹੋਂਦ ਦਾ ਪਤਾ ਹੀ ਨਹੀਂ ਲਗਦਾ।

2

# ਆਪਸੀ ਮੇਲ ਅਤੇ ਵਾਸ

## ਪਵਿੱਤਰ ਪਸ਼ੂ

ਪ੍ਰਾਚੀਨ ਭਾਰਤ ਵਿਚ ਹਾਥੀ ਨੂੰ ਬਹੁਤ ਚੰਗਾ ਸਮਝਿਆ ਜਾਦਾ ਸੀ। ਮਨੁੱਖ ਲਈ ਗਾ ਅਤੇ ਘੋੜੇ ਪਿਛੋ ਉਸੇ ਨੂੰ ਹੀ ਲਾਭਦਾਇਕ ਸਮਝਿਆ ਜਾਦਾ ਸੀ। ਸ਼ਾਸਤਰਾਂ ਵਿਚ ਹਾਥੀ ਨੂੰ ਮਾਰਨ ਦੀ ਮਨਾਹੀ ਕੀਤੀ ਗਈ ਹੈ। ਅੱਜ ਵੀ ਅਸੀ ਗਣੇਸ਼ ਦੀ ਪੂਜਾ ਕਰਦੇ ਹਾਂ, ਜਿਸਦਾ ਸਿਰ ਹਾਥੀ ਦਾ ਹੈ। ਬੁੱਧ ਗਯਾ, ਭਾਰਹੱਟ, ਅਮਰਾਵਤੀ ਅਤੇ ਉਦੈਗਿਰੀ ਦੇ ਮੰਦਰਾ ਦੇ ਖੰਡਰਾ ਵਿਚ ਉੱਕਰੀਆ ਮੂਰਤੀਆ ਵਿਚ ਲਕਸ਼ਮੀ ਦੇ ਨਾਲ ਹਾਥੀ ਵੀ ਹੈ। ਰਾਮ ਦੇ ਪ੍ਰਸਿੱਧ ਉਡਣ-ਰੱਥ ਪੁਸ਼ਪਕ 'ਤੇ ਵੀ ਇਕ ਤਸਵੀਰ ਹੈ ਜਿਸ ਵਿਚ ਲਕਸ਼ਮੀ ਕੰਵਲ ਫੁੱਲ 'ਤੇ ਬੈਠੀ ਹੈ ਅਤੇ ਉਸਦੇ ਦੋਵੇ ਪਾਸੇ ਹਾਥੀ ਸੁੰਡਾ ਨਾਲ ਜਲ ਬਰਸਾ ਰਹੇ ਹਨ ਅਤੇ ਉੱਚੇ ਸੁੰਡਾਂ ਨਾਲ ਕੰਵਲ ਫੁੱਲ ਫੜੀ ਖੜੇ



ਹਨ। ਪੁਰਾਣਾਂ ਵਿਚ ਚਾਰ ਦੇਵਤੇ ਵੀ ਚੌਹੀਂ ਪਾਸੀਂ ਹਾਥੀਆਂ ਦੇ ਰੂਪ ਵਿਚ ਹੀ ਦਰਸਾਏ ਗਏ ਹਨ। ਸੁਮੇਰੀਅਨ ਲੋਕਾਂ ਦਾ ਵਿਸ਼ਵਾਸ ਸੀ ਕਿ ਹਾਥੀ ਹੀ ਜੀਵਨ-ਰੁੱਖ ਦਾ ਰਖਵਾਲਾ ਹੈ। ਇਹ ਉਹ ਆਕਾਸ਼ੀ ਰੁੱਖ ਜਾਂ ਕਲਪ ਬ੍ਰਿੱਛ ਹੈ ਜੋ ਸਭ ਆਸਾਂ ਪੂਰੀਆਂ ਕਰਦਾ ਹੈ। ਮੈਸੋਪਟਾਮੀਆ ਵਿਚ ਨੇਬੂਚਦ ਨਜ਼ਰ ਦੇ ਸਮੇਂ ਦੀ ਇਕ ਮੁਹਰ ਲੱਭੀ ਹੈ ਜਿਸ ਵਿਚ ਬਲਦ ਦੇ ਧੜ ਵਾਲੇ ਹਾਥੀ ਦੀ ਛਾਪ ਹੈ। ਇਹ ਜਾਨਵਰ ਜੀਵਨ ਰੁੱਖ ਦੇ ਨੇੜੇ ਖੜਾ ਹੈ ਤੇ ਇਸ ਨੂੰ ਬਾਹਰੀ ਹੱਲਿਆਂ ਤੋਂ ਬਚਾਉਂਦਾ ਹੈ। ਮੈਸੋਪਟਾਮੀਆ ਵਿਚ ਹਾਥੀ ਨਹੀਂ ਹੁੰਦੇ ਅਤੇ ਸੁਮੇਰੀਅਨ ਲੋਕਾਂ ਨੇ ਇਹ ਵਿਚਾਰ ਸ਼ਾਇਦ ਸਿੰਧ ਘਾਟੀ ਦੇ ਸਭਿਆਚਾਰ ਵਿਚੋਂ ਹੀ ਲਿਆ ਹੈ।

ਹੜੱਪਾ ਅਤੇ ਮੋਹੰਜੋਦੜੋ ਵਿਚੋਂ ਮਿਲੀਆਂ ਮੁਹਰਾਂ ਵਿਚ ਹਾਥੀ ਅਕਸਰ ਹੀ ਦਿਖਾਇਆ ਗਿਆ ਹੈ। ਇਕ ਮੁਹਰ ਦੇ ਇਕ ਪਾਸੇ ਚੀਤੇ ਦਾ ਸ਼ਿਕਾਰ ਅਤੇ ਕੁਝ ਲਿਖਿਆ ਹੋਇਆ ਮਿਲਦਾ ਹੈ ਜਦ ਕਿ ਦੂਜੇ ਪਾਸੇ ਇਕ ਹਾਥੀ ਅਤੇ ਬਾਰਾ-ਸਿੰਗਾ ਇਕ ਦੂਜੇ ਦੇ ਅੱਗੇ ਪਿੱਛੇ ਜੀਵਨ-ਰੁੱਖ ਨੂੰ ਆਪਣੀ ਸਰਧਾ ਪੇਸ਼ ਰਕਦੇ ਵਿਖਾਏ ਗਏ ਹਨ। ਮੋਹੰਜੋਦੜੋ ਵਿਚ ਮਿਲੀ ਇਕ ਹੋਰ ਮੁਹਰ 'ਤੇ ਬਾਰਾਂਸਿੰਗਾ, ਹਾਥੀ, ਚੀਤਾ, ਬਾਘ, ਛੋਟੇ ਸਿੰਗਾਂ ਵਾਲਾ ਬਲਦ, ਜੰਗਲੀ ਬਲਦ, ਬੱਕਰੀ, ਮਲੀਮੱਛੀ, ਕੱਛੂਕੁੰਮਾਂ ਅਤੇ ਇਕ ਮੱਛੀ, ਭਾਵ ਕਈ ਕਿਸਮ ਦੇ ਜਾਨਵਰਾ ਦਾ ਸਮੂਹ ਜਿਹਾ ਵਿਖਾਇਆ ਗਿਆ ਹੈ ਜੋ ਜੀਵਨ-ਰੁੱਖ ਨੂੰ ਆਪਣੀ ਸ਼ਰਧਾ ਪੇਸ਼ ਕਰ ਰਹੇ ਹਨ। ਇਕ ਹੋਰ ਆਇਤਾਕਾਰ ਮੁਹਰ ਜੋ ਮੋਹੰਜੋਦੜੋ ਤੋਂ ਹੀ ਮਿਲੀ ਹੈ, ਵਿਚ ਤਿੰਨ ਮੂੰਹਾਂ ਵਾਲਾ ਇਕ ਦੇਵਤਾ ਯੋਗ ਦੀ ਅਵਸਥਾ ਵਿਚ ਹੈ ਜਿਸਦੇ ਸੱਜੇ ਪਾਸੇ ਚੀਤਾ ਅਤੇ ਹਾਥੀ ਹੈ ਅਤੇ ਖੱਬੇ ਪਾਸੇ ਇਕ ਬਾਰਾਂਸਿੰਗਾ ਅਤੇ ਮੱਝ ਹਨ। ਆਸਣ ਤੋਂ ਹੇਠਾਂ ਦੋ ਹਿਰਨ ਆਹਮੋ ਸਾਹਮਣੇ ਹਨ ਜਿਨ੍ਹਾਂ ਦੇ ਮੂੰਹ ਦੂਜੇ ਪਾਸੇ ਨੂੰ ਹਨ। ਇਹ ਪਸ਼ੂਪਤੀ ਦੇ ਪ੍ਰਤੀਕ ਵਜੋਂ ਮੰਨੀ ਜਾਂਦੀ ਹੈ। ਇਸ ਵਿਚ ਦਿਲਚਸਪ ਗੱਲ ਇਹ ਹੈ ਕਿ ਹਾਥੀ ਤੋਂ ਇਲਾਵਾ ਸਾਰੇ ਹੀ ਜਾਨਵਰਾਂ ਦੇ ਮੂੰਹ ਦੇਵਤੇ ਵੱਲ ਹਨ। ਹਾਥੀ ਕੋਲ ਇਕ ਆਦਮੀ ਖੜ੍ਹਾ ਹੈ, ਹੋ ਸਕਦਾ ਹੈ ਕਿ ਉਹ ਕੋਈ ਸੂਰਮਾ ਹੋਵੇ, ਜੋ ਹਾਥੀ ਨੂੰ ਰੋਕੀ ਖੜ੍ਹਾ ਹੈ ਤਾਂ ਜੋ ਇਹ ਪਸ਼ੂਪਤੀ ਤੋਂ ਦੂਰ ਨਾ ਦੌੜ ਜਾਵੇ। ਇਕ ਹੋਰ ਮੁਹਰ ਵਿਚ ਇਕ ਹਾਥੀ ਨੂੰ ਕਾਲੇ ਜਾਦੂ ਨਾਲ ਕਾਬੂ ਰੱਖਣ ਦੀ ਕੋਸ਼ਿਸ਼ ਦਿਖਾਈ ਗਈ ਹੈ। ਇੰਜ ਕਰਨਾ ਕੋਈ ਸੌਖਾ ਨਹੀਂ। ਯੋਧੇ ਦੇ ਹੁਕਮ ਦੀ ਪ੍ਰਵਾਹ ਨਾ ਕਰਦਾ ਹੋਇਆ ਹਾਥੀ ਆਪਣੀਆਂ ਪਿਛਲੀਆਂ ਲੱਤਾਂ 'ਤੇ ਉੱਠਦਾ ਹੋਇਆ ਸਿਰ ਨਾਲ ਹਮਲਾ ਕਰਦਾ ਹੈ। ਹੜੱਪਾ ਦੀ ਇਕ ਮੁਹਰ ਵਿਚ ਦੋ ਚੀਤਿਆਂ ਦੇ ਮਾਰਨ ਵਾਲੇ ਯੋਧੇ ਸਾਹਮਣੇ ਹਾਥੀ ਚੁੱਪਚਾਪ ਦੂਰ ਜਾਂਦਾ ਵਿਖਾਇਆ ਗਿਆ ਹੈ।

ਅਮਰਾਵਤੀ ਦੇ ਮੰਦਰਾਂ ਦੇ ਖੰਡਰਾਂ ਵਿਚੋਂ ਹਾਥੀ ਇਕ ਅਨੋਖਾ ਜੀਵ ਹੈ ਜਿਸਦਾ ਪਿਛਲਾ ਹਿੱਸਾ ਮੱਛੀ ਵਰਗਾ ਹੈ। ਮਹਾਂਭਾਰਤ ਵਿਚ ਅਜਿਹੇ ਜੀਵ ਨੂੰ ਮੀਨਾਵਾਜੀ ਜਾਂ ਗੱਜਾਵਕਤਰਾਝਾਸ਼ਾ ਕਿਹਾ ਗਿਆ ਹੈ। ਇਸ ਗੱਲ ਦੀ ਪ੍ਰੋੜਤਾ ਬਾਲਮੀਕ ਵੀ ਕਰਦਾ ਹੈ ਜਦੋਂ ਉਹ ਹਾਥੀਆ ਨਾਲ ਭਰੇ ਮੈਦਾਨੇ ਜੰਗ ਦੀ ਸ਼ਾਰਕ ਤੇ ਦੂਜੀਆ ਮੱਛੀਆ ਨਾਲ ਭਰੇ ਸਮੁੰਦਰ ਨਾਲ ਤੁਲਨਾ ਕਰਦਾ ਹੈ।

ਕਦੇ ਕਦੇ ਇਕ ਦੰਦ ਵਾਲਾ ਹਾਥੀ ਵੀ ਵੇਖਣ ਵਿਚ ਆਉਂਦਾ ਹੈ। ਗਣੇਸ਼ ਨੂੰ ਇਕੋ ਦੰਦ ਵਾਲਾ ਹਾਥੀ ਹੀ ਮੰਨਿਆ ਜਾਂਦਾ ਹੈ ਅਤੇ ਇਸ ਕਰਕੇ ਹੀ ਇਸ ਨੂੰ ਇਕਦੰਦਾ ਕਿਹਾ ਜਾਦਾ ਹੈ। ਇਹੋ ਕਾਰਣ ਹੇ ਕਿ ਇਕ ਦੰਦ ਵਾਲੇ ਹਾਥੀ ਨੂੰ ਗਣੇਸ਼ ਕਿਹਾ ਜਾਂਦਾ ਹੈ। ਕਾਰਬੈਟ ਨੈਸ਼ਨਲ ਪਾਰਕ ਵਿਚ 1967 ਵਿਚ ਮੈਨੂੰ ਵੀ ਇਕ ਦੰਦ ਵਾਲਾ ਇਕ ਹਾਥੀ ਵੇਖਣ ਦਾ ਮੌਕਾ ਮਿਲਿਆ। ਇਸ ਹੀਣਤਾ ਦੇ ਹੁੰਦਿਆਂ ਵੀ ਉਹ ਝੁੰਡ ਦਾ ਮੁਖੀਆ ਸੀ। ਇਸ ਝੁੰਡ ਵਿਚ ਤਿੰਨ ਹੋਰ ਹਾਥੀ ਸਨ ਜਿਨ੍ਹਾਂ ਦੇ ਪੂਰੇ ਦੋ ਦੋ ਦੰਦ ਸਨ ਪਰ ਉਹ ਸਾਰੇ ਉਸ ਤੋਂ ਦੂਰ ਹੀ ਰਹਿੰਦੇ ਸਨ। ਇਨ੍ਹਾਂ ਜਾਨਵਰਾਂ ਦੇ ਸੁਭਾਅ ਦਾ ਕੋਈ ਚੰਗਾ ਇਤਿਹਾਸ ਨਹੀਂ ਹੈ।

1936 ਵਿਚ ਅਜਿਹਾ ਹੀ ਇਕ, ਇਕਦੰਦਾ ਹਾਥੀ ਆਸਾਮ ਵਿਚਲੇ ਇਕ ਖੰਦਕ (ਹਾਥੀ ਨੂੰ ਫੜ੍ਹਨ ਲਈ ਬਣਾਇਆ ਗਿਆ ਟੋਆ) ਵਿਚ ਫੜਿਆ ਗਿਆ ਸੀ। ਉਹ ਬਹੁਤ ਵੱਡਾ ਤਾਂ ਨਹੀ ਸੀ ਪਰ ਤਕੜਾ ਬੜਾ ਸੀ। ਉਸਦਾ ਦੰਦ ਵੀ ਉੱਪਰ ਨੂੰ ਮੁੜਿਆ ਹੋਇਆ ਕਾਫ਼ੀ ਵੱਡਾ ਸੀ, ਜਿਸ ਨਾਲ ਉਹਦੀ ਸ਼ਕਲ ਹੋਰ ਵੀ ਡਰਾਉਣੀ ਲੱਗਦੀ ਸੀ। ਇਕ ਵਾਰ ਜਦੋਂ ਉਸਨੂੰ ਪਾਣੀ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਉਸਨੇ ਇਕ ਹੋਰ ਹਾਥੀ ਵੇਖਿਆ ਜਿਸ ਤੋ ਕਿਤੇ ਪਹਿਲਾਂ ਉਹ ਹਾਰ ਖਾ ਚੁੱਕਾ ਸੀ। ਵੇਖਦਿਆਂ ਹੀ ਉਹ ਗੁੱਸੇ ਵਿਚ ਆ ਗਿਆ ਅਤੇ ਇਕਦਮ ਉਸ 'ਤੇ ਟੁੱਟ ਪਿਆ। ਮਹਾਵਤ ਦੇ ਕਾਬੂ ਕਰਨ ਤੋਂ ਪਹਿਲਾ ਹੀ ਉਸਨੇ ਆਪਣਾ ਜ਼ਾਲਮ ਦੰਦ ਵਿਰੋਧੀ ਦੀ ਹਿੱਕ ਵਿਚ ਗੱਡ ਦਿੱਤਾ ਤੇ ਪਲਾਂ ਵਿਚ ਹੀ ਉਸਨੂੰ ਪਾਰ ਬੁਲਾ ਦਿੱਤਾ।

ਦੱਖਣੀ ਅਫ਼ਰੀਕਾ ਦੀ ਇਕ ਨਿੱਜੀ ਖੇਡ—ਰੱਖ ਵਿਚ ਇਕ ਖੇਡ ਰਖਵਾਲਾ ਬੈਰਾਡੇ ਇਕ ਵਾਰ ਕਿਸੇ ਇਕਦੰਦੇ ਹਾਥੀ ਦੇ ਅੜਿੱਕੇ ਚੜ੍ਹ ਗਿਆ। ਜਾਨਵਰ ਨੇ ਬੜੇ ਲੰਮੇ ਸਮੇਂ ਲਈ ਉਹਦਾ ਪਿੱਛਾ ਕੀਤਾ ਅਤੇ ਉਸਨੂੰ ਮਾਰ ਦੇਣ ਦੇ ਯਤਨ ਕੀਤੇ। ਬੈਰਾਡੇ ਥੱਕ ਟੁੱਟ ਕੇ ਹਾਰ ਮੰਨਣ ਹੀ ਵਾਲਾ ਸੀ ਕਿ ਉਸਨੂੰ ਇਕ ਬਸਤੀ ਵਿਖਾਈ ਦਿੱਤੀ। ਇਕ ਬੂ-ਮਾਰਦੀ ਝੁੱਗੀ ਦੀ ਇਕ ਨੁੱਕਰੇ ਉਸਨੇ ਆਪਣੇ ਆਪ ਨੂੰ ਲੁਕਾ ਲਿਆ। ਜਦੋ ਹਾਥੀ ਨੇ ਵੇਖਿਆ ਕਿ ਉਸਦਾ ਸ਼ਿਕਾਰ ਉਸਨੂੰ ਧੋਖਾ ਦੇ ਗਿਆ ਹੈ ਤਾਂ ਉਸਨੇ ਉਥੇ ਮਿਲਣ ਵਾਲੇ ਪਹਿਲੇ ਬੰਦੇ ਨੂੰ ਹੀ ਜਾ ਧਰਿਆ। ਇਹ ਵਿਚਾਰੀ ਇਕ ਇਸਤਰੀ ਸੀ। ਪਲ ਵਿਚ ਹੀ ਉਸਨੇ ਉਹਨੂੰ ਚੁੱਕ ਕੇ ਪਟਕਾ ਮਾਰਿਆ। ਉਸਨੂੰ ਮਾਰ ਦੇਣ ਪਿਛੋਂ ਵੀ ਉਸਦਾ ਗੁੱਸਾ ਠੰਢਾ ਨਾ ਹੋਇਆ। ਘੜੀ ਮੁੜੀ ਉਹ ਲਾਸ ਨੂੰ ਚੁੱਕਦਾ, ਹਵਾਂ ਵਿਚ ਝੰਡੀ ਵਾਂਗ ਲਹਿਰਾਉਂਦਾ ਅਤੇ ਫਿਰ ਜ਼ਮੀਨ 'ਤੇ ਜ਼ੋਰ ਦੀ ਸੁੱਟਦਾ। ਜੇ ਉਸਨੂੰ ਗੋਲੀ ਨਾ ਮਾਰੀ ਜਾਂਦੀ ਤਾਂ ਉਹ ਕਈ ਹੋਰ ਜਾਨਾ ਦਾ ਖੌ ਬਣ ਜਾਦਾ।

## ਵਰਗੀਕਰਣ

ਹਾਥੀਆਂ ਨੂੰ ਮੋਟੇ ਤੋਰ ਤੇ ਦੋ ਵਰਗਾਂ ਵਿਚ ਵੰਡਿਆ ਜਾਦਾ ਹੈ। ਇਹ ਦੋ ਵਰਗ ਹਨ, ਅਫ਼ਰੀਕਨ ਨਸਲ ਅਤੇ ਏਸ਼ੀਆਈ ਨਸਲ। ਇਸ ਗੱਲ ਦੇ ਵੀ ਪ੍ਰਮਾਣ ਮਿਲਦੇ ਹਨ ਕਿ ਏਸੀਆ ਵਿਚ ਹੀ ਹਾਥੀਆ ਦੀਆਂ ਕਈ ਨਸਲਾਂ ਹਨ। ਪਰ ਅੱਜ ਭਾਰਤ,

ਬਰਮਾ, ਸ੍ਰੀਲੰਕਾ ਅਤੇ ਸੁਮਾਟਰਾ ਵਿਚ ਮਿਲਦੇ ਹਾਥੀਆ ਨੂੰ ਜੀਵ-ਵਿਗਿਆਨ ਅਨੁਸਾਰ ਉਨ੍ਹਾਂ ਹੀ ਨਸਲਾਂ ਦਾ ਸੁਧਰਿਆ ਰੂਪ ਕਿਹਾ ਜਾ ਸਕਦਾ ਹੈ। ਅਫ਼ਰੀਕਨ ਅਤੇ ਭਾਰਤੀ ਨਸਲਾਂ ਵਿਚ ਹੇਠਾਂ ਦਿੱਤੇ ਵਖਰੇਵੇਂ ਹਨ :

| *ਅਫ਼ਰੀਕੀ ਹਾਥੀ* | *ਭਾਰਤੀ ਹਾਥੀ* |
|---|---|
| • ਆਕਾਰ ਵਿਚ ਵੱਡਾ | ਆਕਾਰ ਵਿਚ ਛੋਟਾ |
| • ਕੱਦ (ਮੋਢੇ ਤੱਕ ਉਚਾਈ) 330 ਸੈਂਟੀਮੀਟਰ | ਕੱਦ (ਪਿੱਠ ਦੇ ਅੱਧ ਤਕ ਉਚਾਈ) 320 ਸੈਂਟੀਮੀਟਰ |
| • ਸਭ ਤੋਂ ਉਚੀ ਥਾਂ-ਮੋਢਾ | ਸਭ ਤੋਂ ਉੱਚੀ ਥਾ-ਪਿੱਠਾ ਦਾ ਅੱਧ |
| • ਕੰਨ ਵੱਡੇ | ਕੰਨ ਛੋਟੇ |
| • ਸੁੰਡ ਛੋਟੀ | ਸੁੰਡ ਵੱਡੀ |
| • ਦੰਦ ਵੱਡੇ | ਦੰਦ ਛੋਟੇ |
| • ਅਗਲੇ ਪੈਰ ਦੇ ਨਹੁੰ-ਚਾਰ (ਹਰੇਕ ਦੇ) | ਅਗਲੇ ਪੈਰ ਦੇ ਨਹੁੰ-ਪੰਜ (ਹਰੇਕ ਦੇ) |
| • ਪਿਛਲੇ ਪੈਰ ਦੇ ਨਹੁੰ-ਤਿੰਨ (ਹਰੇਕ ਦੇ) | ਪਿਛਲੇ ਪੈਰ ਦੇ ਨਹੁੰ-ਚਾਰ (ਹਰੇਕ ਦੇ) |
| • ਸੁੰਡ ਤੇ ਦੋ ਉਂਗਲ ਵਰਗੀਆਂ ਚੀਜ਼ਾਂ | ਸੁੰਡ ਤੇ ਇਕ ਉਂਗਲ ਵਰਗੀ ਚੀਜ਼ |
| • ਹਾਥੀ, ਹਥਣੀ ਦੋਹਾਂ ਦੇ ਦੰਦ ਹਨ | ਆਮ ਕਰਕੇ ਹਾਥੀ ਦੇ ਹੀ ਦੰਦ ਹੁੰਦੇ ਹਨ। |
| • ਪਾਲਤੂ ਬਣਾਉਣਾ ਔਖਾ ਹੈ | ਪਾਲਤੂ ਬਣਾਉਣਾ ਸੌਖਾ ਹੈ। |

ਏਸ਼ੀਆਈ ਹਾਥੀ ਨੂੰ ਪਾਲਤੂ ਬਣਾਇਆ ਗਿਆ ਹੈ ਪਰ ਅਫ਼ਰੀਕੀ ਨਸਲ ਉਤੇ ਇਸ ਪੱਖੋਂ ਘੱਟ ਧਿਆਨ ਦਿੱਤਾ ਗਿਆ ਹੈ। ਇਸ ਨਾਲ ਇਹ ਵਿਸ਼ਵਾਸ ਬਣਿਆ ਹੈ—ਭਾਵੇਂ ਹੈ ਗ਼ਲਤ ਹੀ—ਕਿ ਅਫ਼ਰੀਕੀ ਹਾਥੀ ਨੂੰ ਸਿਧਾਇਆ ਨਹੀਂ ਜਾ ਸਕਦਾ। ਉਂਜ ਯੂਰਪੀ ਇਤਿਹਾਸ ਵਿਚ ਕਈ ਉਦਾਹਰਣਾ ਮਿਲਦੀਆ ਹਨ ਜਿਨ੍ਹਾ ਅਨੁਸਾਰ ਅਫ਼ਰੀਕੀ ਹਾਥੀਆ ਨੂੰ ਲੜਾਈਆਂ ਲਈ ਤਿਆਰ ਕੀਤਾ ਜਾਦਾ ਸੀ। ਏਸ਼ੀਆਈ ਹਾਥੀ ਬੇਸ਼ੱਕ ਹਜ਼ਾਰਾ ਸਾਲਾ ਤੋਂ ਮਨੁੱਖ ਦੀ ਸੇਵਾ ਵਿਚ ਰਹਿੰਦਾ ਆ ਰਿਹਾ ਹੈ।

ਕੁਝ ਪ੍ਰਾਣੀ ਵਿਗਿਆਨੀ ਭਾਰਤੀ ਹਾਥੀਆਂ ਨੂੰ ਵੀ ਦੋ ਸ੍ਰੇਣੀਆਂ ਵਿਚ ਵੰਡਦੇ ਹਨ—ਦੇਰਾਨੀਆਗਲਾ ਅਤੇ ਡੀ. ਬਲੇਨਵਿੱਲਾ ਜਾ ਐਲੀਫ਼ਾਸ ਮੈਕਸੀਮਸ ਦਾਖ਼ੁਮੈਨਸਿਜ਼ ਅਤੇ ਐਲੀਫਾਸ ਮੈਕਸੀਮਸ ਬੈਨਸੇਲੇਨਸਿਜ। ਪਹਿਲੀ ਕਿਸਮ ਦੱਖਣੀ ਭਾਰਤ ਵਿਚ ਮਿਲਦੀ ਹੈ। ਇਹਨਾਂ ਵਿਚੋਂ ਹਾਥੀਆ ਦੇ 82 ਪ੍ਰਤੀਸ਼ਤ ਦੇ ਦੰਦ ਹੁੰਦੇ ਹਨ ਪਰ ਹਥਣੀਆਂ ਦੇ ਇਹ ਘੱਟ ਵੱਧ ਹੀ ਹੁੰਦੇ ਹਨ। ਇਹਨਾ ਦੰਦ ਦੇ ਜੋੜੇ ਦਾ ਔਸਤ ਭਾਰ 57 ਕਿਲੋਗ੍ਰਾਮ ਹੁੰਦਾ ਹੈ। ਉਂਜ ਭਾਰੇ ਤੋਂ ਭਾਰਾ ਜੋੜਾ 77 ਕਿਲੋਗ੍ਰਾਮ ਸੀ। ਇਹਨਾਂ ਦੰਦਾ ਦੀ ਔਸਤ ਲੰਬਾਈ ਦੋ ਮੀਟਰ ਹੈ।

ਦੂਜੀ ਕਿਸਮ ਉੱਤਰੀ ਭਾਰਤ ਅਤੇ ਨੇਪਾਲ ਵਿਚ ਮਿਲਦੀ ਹੈ। ਇਹਨਾ ਵਿਚਲੇ

ਹਾਥੀਆ ਵਿਚੋਂ ਕੇਵਲ 51 ਪ੍ਰਤੀਸ਼ਤ ਦੇ ਹੀ ਦੰਦ ਹੁੰਦੇ ਹਨ ਜੋ ਉਤੇ ਵੱਲ ਨੂੰ ਮੁੜੇ ਹੁੰਦੇ ਹਨ। ਇਕ ਜੋੜੀ ਦੰਦਾ ਦਾ ਔਸਤ ਭਾਰ 65 ਕਿਲੋਗ੍ਰਾਮ ਅਤੇ ਲੰਬਾਈ ਉਹੀ ਦੋ ਮੀਟਰ।

ਇਹਨਾ ਦੋ ਕਿਸਮਾ ਵਿਚ ਕਈ ਹੋਰ ਸਥਾਨਕ ਰੰਗਣ ਵਾਲੀਆਂ ਕਿਸਮਾ ਹਨ ਜੋ ਸ਼ਕਲ, ਆਕਾਰ, ਰੰਗ, ਵਤੀਰਾ, ਵਾਸ, ਸਕਤੀ, ਸਰੀਰਕ ਗੰਧ, ਖਾਣ ਦੀਆ ਆਦਤਾਂ ਅਤੇ ਕਈ ਬਿਮਾਰੀਆਂ ਤੋ ਪ੍ਰਭਾਵਿਤ ਤੇ ਅਪ੍ਰਭਾਵਿਤ ਹੋਣ ਉਤੇ ਨਿਰਭਰ ਕਰਦੀਆਂ ਹਨ।

ਬਾਲਮੀਕ ਦੇ ਸਮੇਂ ਹਾਥੀਆ ਨੂੰ ਤਿੰਨ ਸ੍ਰੇਣੀਆਂ ਵਿਚ ਵੰਡਿਆ ਗਿਆ ਸੀ—

- *ਭੱਦਰ*—ਆਕਾਰ ਅਤੇ ਅਨੁਪਾਤ ਵਿਚ ਮਧਰੇ
- *ਮੰਦਰ*—ਹੱਡਾ ਦੇ ਖੁਲ੍ਹੇ ਪਰ ਸੁਸਤ
- *ਮ੍ਰਿਗ*—ਪਤਲਾ ਅਤੇ ਤਕੜਾ

ਕਈ ਦੋਗਲੀਆਂ ਕਿਸਮਾ ਵੀ ਸਨ ਜੋ ਇਕ ਨਸਲ ਨੂੰ ਹੋਰ ਨਸਲ ਨਾਲ ਮਿਲਾਉਣ ਤੋਂ ਪੈਦਾ ਹੁੰਦੀਆਂ ਹਨ।

ਰਾਮਾਇਣ ਦੇ ਸਮੇਂ ਦੇ ਰਾਜੇ ਹਾਥੀ ਰੱਖਣ ਦੇ ਬੜੇ ਸ਼ੌਕੀਨ ਸਨ। ਉਸ ਵੇਲੇ ਕਈ ਰੱਖਾਂ ਅਤੇ ਬਾਗ਼-ਬਗ਼ੀਚੇ ਹੁੰਦੇ ਸਨ ਜਿਹਨਾਂ ਨੂੰ ਨਾਗਵਣ ਕਿਹਾ ਜਾਂਦਾ ਸੀ ਅਤੇ ਇਹ ਹਾਥੀਆ ਨੂੰ ਪਾਲਣ ਅਤੇ ਨਸਲ ਸੁਧਾਰਨ ਲਈ ਹੀ ਰੱਖੇ ਜਾਦੇ ਸਨ। ਜਦੋ ਚਿਤਰਕੂਟ ਵਿਖੇ ਭਰਤ, ਰਾਮ ਨੂੰ ਮਿਲਣ ਗਿਆ ਸੀ ਤਾ ਰਾਮ ਨੇ ਉਸਨੂੰ ਪੁੱਛਿਆ ਸੀ ਕਿ ਕੀ ਨਾਗਵਣ ਠੀਕ ਰੱਖਿਆ ਹੋਇਆ ਹੈ ਨਾ।

ਹਿਮਾਲਾ ਅਤੇ ਵਿੰਧਿਆਚਲ ਪਹਾੜਾ ਦੇ ਪੈਰਾ ਵਿਚ ਪੈਦੀ ਜ਼ਮੀਨ ਵਧੀਆ ਹਾਥੀਆ ਲਈ ਪ੍ਰਸਿੱਧ ਸੀ। ਅਯੁੱਧਿਆ ਸਹਿਰ ਵਿਚ ਐਰਾਂਵਤ, ਮਹਾਪਦਮ, ਅੰਜਨ ਅਤੇ ਵਾਮਨ ਨਸਲ ਦੇ ਹਾਥੀ ਹੁੰਦੇ ਸਨ। ਐਰਾਵਤ ਅਤੇ ਇੰਦਰਾਸ਼ੀਰ ਪਹਾੜੀਆਂ ਨੂੰ ਹਾਥੀਆ ਦੀਆ ਬਹੁਤ ਵਧੀਆ ਨਸਲਾ ਉਤੇ ਮਾਣ ਸੀ। ਇਹ ਹਾਥੀ ਏਨੇ ਸੋਹਣੇ ਹੁੰਦੇ ਸਨ ਕਿ ਇਨ੍ਹਾ ਨੂੰ ਪ੍ਰਿਆਦਰਸ਼ਨੀ ਕਿਹਾ ਜਾਦਾ ਸੀ। ਰਾਵਣ ਦੇ ਹਾਥੀਵਾੜੇ ਵਿਚ ਕੁਝ ਹਾਥੀ ਅਤਿ ਵਧੀਆ ਕਿਸਮ ਦੇ ਹੁੰਦੇ ਸਨ ਜਿਹੜੇ ਕਿ ਬੜੇ ਹੀ ਸੁੰਦਰ ਅਤੇ ਲੜਾਈ ਲਈ ਚੰਗੇ ਸਿਧਾਏ ਹੋਏ ਹੁੰਦੇ ਸਨ।

## ਜੰਗਲ ਦਾ ਚੌਧਰੀ

ਹਾਥੀ ਦਾ ਆਕਾਰ ਅਤੇ ਭਾਰ ਇਸਨੂੰ ਧਰਤੀ ਦਾ ਸਭ ਤੋਂ ਵੱਡਾ ਜਾਨਵਰ ਬਣਾ ਦੇਂਦੇ ਹਨ। ਪ੍ਰਾਚੀਨ ਭਾਰਤ ਵਿਚ ਹਾਥੀ ਨੂੰ ਲੰਮੀ ਉਮਰ ਵਾਲਾ ਮੰਨਿਆ ਜਾਂਦਾ ਸੀ। ਜਿਹੜੇ ਬੰਦਿਆ ਦੀ ਸਿਹਤ ਚੰਗੀ ਹੁੰਦੀ ਸੀ ਜਾ ਲੰਮੀ ਉਮਰ ਵਾਲੇ ਹੁੰਦੇ ਸਨ, ਉਹਨਾਂ ਦੀ ਤੁਲਨਾ ਹਾਥੀ ਨਾਲ ਕੀਤੀ ਜਾਂਦੀ ਸੀ ਅਤੇ ਉਸਨੂੰ ਰਾਜਪ੍ਰਾਣ ਕਿਹਾ ਜਾਂਦਾ ਸੀ। ਹਾਥੀ ਸ਼ਕਤੀ ਦਾ ਪ੍ਰਤੀਕ ਸੀ। ਯੋਧਿਆਂ ਦੀ ਸਕਤੀ ਇਥੋਂ ਹੀ ਗਿਣੀ ਜਾਦੀ ਸੀ ਕਿ ਉਹ ਕਿੰਨੇ ਹਾਥੀਆ ਨੂੰ ਹਰਾ ਸਕਦਾ ਹੈ। ਇਹ ਸਮਝਿਆ ਜਾਂਦਾ ਸੀ ਕਿ ਭੀਮ ਵਰਗੇ ਯੋਧੇ ਵਿਚ ਦਸ ਹਜ਼ਾਰ ਹਾਥੀਆਂ ਜਿੰਨਾ ਬਲ ਸੀ।

ਜਿਹੜੇ ਜੰਗਲਾਂ ਦੀ ਜਾਣਕਾਰੀ ਰੱਖਦੇ ਸਨ ਉਹ ਤਾ ਇਹੀ ਸਮਝਦੇ ਸਨ ਕਿ ਹਾਥੀ ਹੀ ਜੰਗਲ ਦਾ ਰਾਜਾ ਹੈ। ਸ਼ੇਰ ਅਤੇ ਚੀਤੇ ਆਮ ਕਰਕੇ ਉਸ ਤੋਂ ਦੂਰ ਹੀ ਰਹਿੰਦੇ ਸਨ। ਇਕ 275 ਕਿਲੋਗ੍ਰਾਮ ਭਾਰ ਵਾਲਾ ਸ਼ੇਰ ਸੱਤ ਟਨ ਭਾਰੇ ਹਾਥੀ ਲਈ ਰਾਹ ਛੱਡ ਜਾਂਦਾ ਸੀ।

ਹਾਥੀ ਦਾ ਭਾਰ 6750 ਕਿਲੋਗ੍ਰਾਮ ਤੱਕ ਹੋ ਸਕਦਾ ਹੈ। ਮੈਸੂਰ ਪ੍ਰਾਤ ਜੋ ਹੁਣ ਕਰਨਾਟਕ ਦਾ ਹਿੱਸਾ ਹੈ, ਦੇ ਦੋ ਹਾਥੀਆ ਦਾ ਭਾਰ ਕ੍ਰਮਵਾਰ 7409 ਅਤੇ 6854 ਕਿਲੋਗ੍ਰਾਮ ਸੀ। ਏਸੀਆਈ ਹਾਥੀ ਆਪਣੇ ਵੱਡੇ ਆਕਾਰ ਅਤੇ ਛੋਟੀਆ ਲੱਤਾਂ ਕਰਕੇ ਅਫ਼ਰੀਕੀ ਹਾਥੀ ਨਾਲੋਂ ਫਿਰਨ-ਤੁਰਨ ਵਿਚ ਸੁਸਤ ਹੈ। ਹਾਥੀ ਦੀ ਧੌਣ ਛੋਟੀ ਅਤੇ ਆਕੜੀ ਹੋਈ ਹੋਣ ਕਰਕੇ ਜ਼ਰਾ ਔਖੀ ਮੁੜਦੀ ਹੈ। ਮਹਾਵਤ ਇਥੇ ਹੀ ਬੈਠਦਾ ਹੈ। ਹਾਥੀ ਦਾ ਸਿਰ ਅਤੇ ਕੰਨ ਮਾਸ ਰੰਗੇ ਧੱਬਿਆਂ ਵਾਲੇ ਹੁੰਦੇ ਹਨ ਜਿਨ੍ਹਾ ਉਤੇ ਗੂਹੜੇ ਰੰਗ ਦੇ ਤਿੱਤਰ-ਮਿੱਤਰੇ ਨਿਸਾਨ ਹੁੰਦੇ ਹਨ।

ਹਾਥੀ ਦੇ ਪੈਰਾਂ ਦਾ ਮੋਟਾ ਤਲਾ, ਕਰੜੀ ਥਾਂ ਜਿਵੇਂ ਰੋੜੀ ਵਾਲੀ ਸੜਕ ਆਦਿ ਤੇ ਤੁਰਨ ਨਾਲ ਖ਼ਰਾਬ ਹੋ ਜਾਂਦਾ ਹੈ ਅਤੇ ਇਸ ਵਿਚੋ ਲਹੂ ਵਗਣਾ ਵੀ ਸ਼ੁਰੂ ਹੋ ਸਕਦਾ ਹੈ। ਇਸੇ ਕਰਕੇ ਆਮ ਤੌਰ ਤੇ ਮਹਾਵਤ ਰੇਤਲਾ ਅਤੇ ਨਰਮ ਰਸਤਾ ਹੀ ਆਪਣੇ ਹਾਥੀਆ ਲਈ ਚੁਣਦੇ ਹਨ। ਉਮਰ ਵਧਣ ਨਾਲ ਹਾਥੀ ਦੇ ਪਿਛਲੇ ਪੈਰਾ ਦੇ ਤਲੇ ਪੋਲੇ ਪੈ ਜਾਂਦੇ ਹਨ।

ਹਾਥੀ ਦੀ ਸੁੰਡ ਸਮੇਂ ਨਾਲ ਵਿਕਸਿਤ ਹੋਈ। ਇਹ ਆਕਾਰ ਅਤੇ ਸ਼ਕਲ ਵਿਚ ਉਸਦੀ ਨੱਕ ਹੀ ਹੈ। ਇਹ ਬਹੁਤ ਸਕਤੀਸ਼ਾਲੀ, ਇਧਰ ਉਧਰ ਮੁੜ ਜਾਣ ਵਾਲੀ, ਬਹੁਤ ਕੰਮ ਦੇਣ ਵਾਲੀ ਚੀਜ਼ ਹੈ ਜਿਸਦੇ ਸਿਰੇ 'ਤੇ ਦੋ ਨਾਸਾ ਹੁੰਦੀਆ ਹਨ। ਇਸਦਾ ਅੰਤਲਾ ਭਾਗ ਬੜਾ ਕੋਮਲ ਹੁੰਦਾ ਹੈ ਅਤੇ ਇਸਨੂੰ ਕਰੜੇ ਕੰਮ ਲਈ ਨਹੀ ਵਰਤਿਆ ਜਾਂਦਾ। ਇਸਦੇ ਜਿਹੜੇ ਤਕੜੇ ਪੱਠੇ ਭਾਰੀ ਵਸਤਾਂ ਨੂੰ ਫੜਦੇ, ਚੁੱਕਦੇ ਅਤੇ ਤੋੜਦੇ ਹਨ ਉਹ ਸਿਰੇ ਤੋਂ 15 ਸੈਂਟੀਮੀਟਰ ਉਤੇ ਹੁੰਦੇ ਹਨ।

ਹਾਥੀ ਦੀ ਪੂਛ ਦੇ ਸਿਰੇ 'ਤੇ ਵਾਲਾਂ ਦਾ ਗੁੱਛਾ ਇਸ ਦੀ ਛੋਟੀ ਉਮਰ ਵਿਚ ਬੜਾ ਨਰਮ ਅਤੇ ਛੋਟਾ ਹੁੰਦਾ ਹੈ। ਜਿਉਂ ਜਿਉਂ ਹਾਥੀ ਦੀ ਉਮਰ ਵਧਦੀ ਹੈ ਇਹ ਵਾਲ ਵੀ ਸਖਤ ਅਤੇ ਲੰਮੇ ਹੁੰਦੇ ਜਾਂਦੇ ਹਨ ਅਤੇ ਤਾਰਾਂ ਵਰਗੇ ਲੱਗਣ ਲੱਗ ਜਾਂਦੇ ਹਨ।

ਹਾਥੀ ਦੀ ਉਮਰ ਦਾ ਅਨੁਮਾਨ ਉਸਦੇ ਕੰਨਾਂ ਅਤੇ ਨਹੁੰਦਰਾਂ ਦੀ ਹਾਲਤ ਤੋਂ ਲਾਇਆ ਜਾ ਸਕਦਾ ਹੈ। ਛੇ ਜਾਂ ਸੱਤ ਸਾਲ ਤੱਕ ਇਸਦੇ ਕੰਨ ਖੜ੍ਹੇ ਰਹਿੰਦੇ ਹਨ। ਉਪਰੰਤ ਉਤਲੇ ਹਿੱਸੇ ਹੇਠਾਂ ਨੂੰ ਆਉਣ ਲੱਗਦੇ ਹਨ। ਜਦ ਉਮਰ ਤੀਹ ਸਾਲ ਹੁੰਦੀ ਹੈ ਇਹ ਕੰਨ ਪੂਰੀ ਤਰ੍ਹਾਂ ਥੱਲੇ ਨੂੰ ਲਮਕਣ ਲੱਗ ਪੈਂਦੇ ਹਨ। ਵਡੇਰੀ ਉਮਰ ਵਿਚ ਇਹ ਝੜਨ ਵੀ ਲੱਗ ਪੈਂਦੇ ਹਨ। ਵੱਡੀ ਉਮਰ ਵਿਚ ਹੇਠਲਾ ਪਾਸਾ ਆਪਣੀ ਮਜ਼ਬੂਤੀ ਗੁਆ ਬਹਿੰਦਾ ਹੈ ਤੇ ਕੰਨ ਢਿੱਲੇ ਜਿਹੇ ਅਤੇ ਲਮਕਵੇਂ ਜਿਹੇ ਹੋ ਜਾਦੇ ਹਨ।

ਭਾਰਤੀ ਨਸਲਾਂ ਵਿਚ ਹਾਥੀ ਦੀ ਉਚਾਈ 246 ਤੋਂ 276 ਸੈਟੀਮੀਟਰ ਅਤੇ ਹਥਣੀ ਦੀ 182 ਤੇ 246 ਸੈਂਟੀਮੀਟਰ ਤਕ ਹੁੰਦੀ ਹੈ। ਦੰਦਾਂ ਵਾਲੇ ਹਾਥੀ 319

ਸੈਂਟੀਮੀਟਰ ਤੋਂ ਵੱਧ ਉਚੇ ਘੱਟ ਹੀ ਮਿਲਦੇ ਹਨ ਪਰ ਕਈ ਵਾਰ 335 ਸੈਂਟੀਮੀਟਰ ਉਚੇ ਹਾਥੀ ਅਤੇ 275 ਸੈਂਟੀਮੀਟਰ ਉਚੀਆਂ ਹਥਣੀਆ ਵੀ ਵੇਖਣ ਵਿਚ ਆਈਆਂ ਹਨ। ਉਚਾਈ ਜਾਨਣ ਲਈ ਜਾਨਵਰ ਨੂੰ ਚਹੁੰ ਲੱਤਾ 'ਤੇ, ਪੈਰ ਇਕੱਠੇ ਕਰਕੇ, ਸਿੱਧਾ ਖੜ੍ਹਾ ਕਰਕੇ, ਮੋਢੇ ਤੱਕ ਉਚਾਈ ਗਿਣਨੀ ਚਾਹੀਦੀ ਹੈ। ਹਾਥੀਆਂ ਦੇ ਜਾਣਕਾਰ ਇਹ ਜਾਣਦੇ ਹਨ ਕਿ ਜੰਗਲੀ ਹਾਥੀ ਪਾਲਤੂ ਹਾਥੀਆਂ ਨਾਲੋਂ ਸਦਾ ਹੀ ਉੱਚੇ ਹੁੰਦੇ ਹਨ।

ਇਹ ਵੀ ਵੇਖਿਆ ਗਿਆ ਹੈ ਕਿ ਹਾਥੀ ਦੀ ਧਰਤੀ ਤੋਂ ਮੋਢੇ ਤੱਕ ਦੀ ਉਚਾਈ ਉਸਦੀ ਇਕ ਅਗਲੀ ਲੱਤ ਦੇ ਘੇਰੇ ਤੋ ਦੁੱਗਣੀ ਹੁੰਦੀ ਹੈ। ਜੰਗਲੀ ਹਾਥੀਆਂ ਦੀ ਉਚਾਈ ਵੇਖਣ ਲਈ ਉਸਦੇ ਪੈਰਾਂ ਦੇ ਨਿਸ਼ਾਨਾਂ ਤੋ ਇਹ ਹਿਸਾਬ ਲਾਇਆ ਜਾਂਦਾ ਹੈ। ਇਸ ਨਾਲ ਅਨੁਮਾਨ ਹੀ ਲਾਇਆ ਜਾ ਸਕਦਾ ਹੈ ਕਿਉਂਕਿ ਮਨੁੱਖ ਜਾਂ ਹੋਰ ਪਸ਼ੂਆਂ ਵਾਂਗ ਇਹਨਾਂ ਵਿਚੋਂ ਹੀ ਲੱਤਾ ਪਤਲੀਆਂ ਜਾਂ ਮੋਟੀਆ ਹੋ ਸਕਦੀਆਂ ਹਨ।

ਯੂਗਾਡਾ ਦੇ ਵਗਰਨਰ ਸਰ ਵਿਲੀਅਮ ਗੋਵਰਜ਼ ਨੇ ਇਕ ਅਫ਼ਰੀਕੀ ਹਾਥੀ ਦੀ ਧਰਤ ਤੋਂ ਮੋਢੇ ਤੱਕ ਦੀ ਉਚਾਈ 365 ਸੈਂਟੀਮੀਟਰ ਮਿਣੀ ਸੀ। ਅੱਜ ਤੱਕ ਹਾਥੀ ਦੀ ਏਹੀ ਸਭ ਤੋਂ ਵੱਧ ਉਚਾਈ (ਕੱਦ) ਹੈ।

ਹਾਥੀ ਦੇ ਬਾਹਰੀ ਦੰਦ ਪ੍ਰਾਣੀ ਵਿਗਿਆਨ ਦੇ ਹਿਸਾਬ ਉਪਰਲੇ ਸੂਇਆ ਦਾ ਹੀ ਬਾਹਰ ਨੂੰ ਉੱਗ ਆਉਣਾ ਹੈ। ਇਹ ਵੀ ਹਾਥੀਆਂ ਵਿਚ ਹੈ, ਹਥਣੀਆ ਦੇ ਇਹ ਦੰਦ ਛੋਟੇ ਅਤੇ ਕਿਸੇ ਹੱਦ ਤਕ ਅੰਦਰ ਨੂੰ ਹੁੰਦੇ ਹਨ। ਕਈ ਹਾਥੀਆ ਦੇ ਇਹ ਦੰਦ ਨਹੀਂ ਹੁੰਦੇ। ਅਜਿਹੇ ਹਾਥੀ ਭਾਰਤ ਵਿਚ ਤਾ ਘੱਟ ਪਰ ਸ੍ਰੀਲੰਕਾ ਵਿਚ ਕਾਫ਼ੀ ਹਨ। ਦੰਦ ਵਾਲੇ ਹਾਥੀ ਦਾ ਬੱਚਾ ਬਿਨਾਂ ਦੰਦ ਦੇ ਵੀ ਹੋ ਸਕਦਾ ਹੈ ਅਤੇ ਬਿਨਾ ਦੰਦ ਵਾਲੇ ਦਾ ਬੱਚਾ ਦੰਦ ਵਾਲਾ ਵੀ ਹੋ ਸਕਦਾ ਹੈ।

ਬੱਚੇ ਹਾਥੀਆਂ ਦੇ ਇਹ ਦੰਦ ਪਤਲੇ ਅਤੇ ਤੱਕਲੇ ਵਰਗੇ ਹੁੰਦੇ ਹਨ ਅਤੇ ਇਹਨਾਂ ਉਤੇ ਰੋਗਨ ਵਰਗੀ ਇਕ ਤਹਿ ਹੁੰਦੀ ਹੈ। ਕੋਈ ਛੇ ਮਹੀਨੇ ਪਿਛੋਂ ਇਹ ਦੋਧੇ ਦੰਦ ਝੜ ਜਾਦੇ ਹਨ ਅਤੇ ਇਹਨਾ ਦੀ ਥਾਂ ਹੋਰ ਉੱਗ ਆਉਦੇ ਹਨ ਜਿਹੜੇ ਕਿ ਵਧਦੇ ਰਹਿੰਦੇ ਹਨ। ਪਾਲਤੂ ਹਾਥੀਆਂ ਦੇ ਇਹ ਦੰਦ ਹਰ ਦਸ ਸਾਲ ਪਿਛੋਂ ਵੱਢ ਲਏ ਜਾਦੇ ਹਨ ਤਾ ਜੋ ਵੱਧ ਤੋਂ ਵੱਧ ਦੰਦ-ਖੰਡ ਦੀ ਪ੍ਰਾਪਤੀ ਕੀਤੀ ਜਾ ਸਕਦੇ। ਹਾਥੀ ਦੇ ਹੇਠਲੇ ਜਬਾੜੇ ਵਿਚ ਨਾ ਤਾਂ ਸੂਏ ਹੁੰਦੇ ਹਨ ਤੇ ਨਾ ਹੀ ਦੰਦੀਆ। ਪਰ ਛੇ ਦਾੜ੍ਹਾਂ ਹੁੰਦੀਆਂ ਹਨ ਜੋ ਕਾਫ਼ੀ ਵੱਡੀਆਂ ਵੱਡੀਆ ਹੁੰਦੀਆ ਹਨ। ਇਹਨਾਂ ਵਿਚੋਂ ਪਹਿਲੇ ਦੋ ਸਾਲ ਦੀ ਉਮਰ ਵਿਚ ਝੜ ਜਾਂਦੀ ਹੇ, ਦੂਜੀ ਛੇ ਸਾਲ ਦੀ ਉਮਰ ਵਿਚ, ਤੀਜੀ ਨੌ ਸਾਲ ਦੀ ਉਮਰ ਵਿਚ, ਚੌਥੀ ਵੀਹ ਤੋਂ ਪੱਚੀ ਸਾਲ ਦੀ ਉਮਰ ਵਿਚ, ਪੰਜਵੀਂ ਸੱਠ ਸਾਲ ਦੀ ਉਮਰ ਵਿਚ ਝੜ ਜਾਦੀ ਹੈ ਅਤੇ ਛੇਵੀਂ ਮਰਨ ਤੱਕ ਰਹਿੰਦੀ ਹੈ।

ਮੂਹਰਲੇ ਦੋ ਬਾਹਰੀ ਦੰਦਾ ਤੋਂ ਸਿਵਾ ਹੋਰ ਦੰਦ ਨਹੀਂ ਹੁੰਦੇ। ਜਦੋਂ ਹਾਥੀ ਧਰਤੀ ਤੇ ਸੌਂਦਾ ਹੈ ਤਾਂ ਉਹ ਇਹਨਾਂ ਦੋਹਾਂ ਦੰਦਾਂ ਨੂੰ ਜ਼ਮੀਨ ਤੇ ਰੱਖ ਲੈਂਦਾ ਹੈ ਜੋ ਕਿ ਇਹਨਾ ਨੂੰ ਹਾਨੀ ਪੁਚਾਉਦੀ ਹੈ। ਦੰਦਾ ਨੂੰ ਇਸ ਮਾਰ ਤੋਂ ਬਚਾਉਣ ਲਈ ਕਈ ਮਹਾਵਤ ਇਹਨਾ ਉਤੇ ਲੋਹੇ ਦੇ ਪੱਤਰੇ ਚੜ੍ਹਵਾ ਲੈਂਦੇ ਹਨ।

ਇਹ ਬਾਹਰੀ ਦੰਦ ਹਾਥੀ ਦੇ ਬਚਾਅ ਲਈ ਹਥਿਆਰ ਦਾ ਕੰਮ ਦਿੰਦੇ ਹਨ। ਫ਼ਿਰ ਵੀ ਇਹ ਹਰ ਵੇਲੇ ਉਹਦੇ ਲਈ ਲਾਭਦਾਇਕ ਨਹੀਂ ਹੁੰਦੇ। ਖ਼ਾਸ ਕਰਕੇ ਸੰਘਣੇ ਜੰਗਲਾਂ ਵਿਚ ਤਾ ਇਹ ਹਾਥੀ ਲਈ ਬਿਪਤਾ ਵੀ ਬਣ ਸਕਦੇ ਹਨ। ਇਸੇ ਕਰਕੇ ਹੀ ਇਹ ਦੰਦਾ ਵਾਲੇ ਹਾਥੀ, ਜੰਗਲੀ ਹਾਥੀਆਂ ਨੂੰ ਫੜਨ ਲਈ ਜਾਂ ਕਿਸੇ ਹੋਰ ਮੁਹਿੰਮ ਲਈ ਨਹੀਂ ਲਏ ਜਾਦੇ। ਇਹਨਾਂ ਨੂੰ ਸਿਕਾਰ ਲਈ ਵੀ ਨਹੀਂ ਵਰਤਿਆ ਜਾਂਦਾ। ਇਹਨਾ ਕੰਮਾ ਲਈ ਤਕੜੀਆ ਹਥਣੀਆਂ ਜਾ ਬਿਨਾਂ ਦੰਦ ਵਾਲੇ ਹਾਥੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਆਸਾਮ ਵਿਚ ਟੀ ਐੱਚ. ਮੋਨਟੀਥ ਨੇ ਇਕ ਇਕਦੰਦੇ ਹਾਥੀ ਨੂੰ ਮਾਰਿਆ ਸੀ ਜਿਸਦੇ ਦੰਦ ਦੀ ਲੰਬਾਈ 223 ਸੈਂਟੀਮੀਟਰ ਅਤੇ ਭਾਰ 30 ਕਿਲੋਗ੍ਰਾਮ ਸੀ। ਇਕ ਹੋਰ ਹਾਥੀ ਜੋ ਸੀ ਐਨ ਸ਼ਾਡਵੈਲ ਨੇ ਮਾਰਿਆ ਸੀ, ਦੇ ਦੰਦਾਂ ਦੀ ਲੰਬਾਈ 223 ਸੈਂਟੀਮੀਟਰ ਅਤੇ 220 ਸੈਂਟੀਮੀਟਰ ਸੀ ਅਤੇ ਭਾਰ 35 ਅਤੇ 34 ਕਿਲੋਗ੍ਰਾਮ ਸੀ। ਦੱਖਣੀ ਭਾਰਤ ਵਿਚ ਕਰਨਲ ਐਫ ਐਸ ਗਿੱਲਪਾਈ ਨੇ ਇਕ ਵਿਗੜੇ ਹੋਏ ਹਾਥੀ ਨੂੰ ਮਾਰਿਆ ਜਿਸਦੇ ਦੰਦ ਸਿਰੇ ਤੋਂ ਜਾ ਕੇ ਇਕ ਦੂਜੇ ਨੂੰ ਆਰ ਪਾਰ ਕਰਦੇ ਸਨ। ਉਹਨਾਂ ਦੀ ਲੰਬਾਈ ਇਕੋ ਜਿੰਨੀ—275 ਸੈਂਟੀਮੀਟਰ ਸੀ ਅਤੇ ਭਾਰ ਕ੍ਰਮਵਾਰ 45 ਤੇ 41 ਕਿਲੋਗ੍ਰਾਮ ਸੀ।

ਏਸ਼ੀਆ ਨਸਲ ਵਾਲੇ ਹਾਥੀਆ ਦੇ ਦੰਦਾ ਦੀ ਵਧ ਤੋਂ ਵਧ ਲੰਬਾਈ 276 ਅਤੇ 251 ਸੈਂਟੀਮੀਟਰ ਵੇਖੀ ਗਈ ਹੈ। ਅਫ਼ਰੀਕੀ ਹਾਥੀ ਦੇ ਲੰਮੇ ਤੋਂ ਲੰਮੇ ਦੰਦਾਂ ਦਾ ਜੋੜਾ ਜੋ ਕਿ ਨਿਊਯਾਰਕ ਦੇ ਪ੍ਰਕਿਰਤਕ ਇਤਿਹਾਸਕ ਅਜਾਇਬਘਰ ਵਿਚ ਸਾਂਭਿਆ ਪਿਆ ਹੈ ਦੀ ਲੰਬਾਈ 350 ਅਤੇ 335 ਸੈਂਟੀਮੀਟਰ ਹੈ। ਇਹਨਾਂ ਦਾ ਇਕੱਠਾ ਭਾਰ 133 ਕਿਲੋਗ੍ਰਾਮ ਹੈ। ਅੱਜ ਕੱਲ੍ਹ ਸ਼ਿਵਾਲਿਕ ਦੀਆਂ ਪਹਾੜੀਆ ਵਿਚ ਫਿਰਨ ਵਾਲੇ ਪਲਾਇਓਸੀਨ ਅਤੇ ਪਲੀਸਟੋਸੀਨ ਨਸਲ ਦੇ ਹਾਥੀਆ ਦੇ ਦੰਦ 300 ਸੈਂਟੀਮੀਟਰ ਲੰਮੇ ਅਤੇ 68 ਸੈਂਟੀਮੀਟਰ ਘੇਰੇ ਵਾਲੇ ਵੇਖਣ ਵਿਚ ਆਉਂਦੇ ਹਨ। ਕਲੱਕਤੇ ਦੇ ਕੌਮੀ ਅਜਾਇਬਘਰ ਵਿਚ ਇਹਨਾ ਜਾਨਵਰਾ ਦੇ ਸਿਰ ਅਤੇ ਦੰਦ ਸੰਭਾਲ ਕੇ ਰੱਖੇ ਹੋਏ ਹਨ।

## ਸੰਭੋਗ (ਗੱਭਣਾ)

ਹਾਥੀ 25 ਸਾਲ ਦੀ ਉਮਰ ਵਿਚ ਪੂਰਾ ਜਵਾਨ ਹੋ ਜਾਦਾ ਹੈ। ਹਥਣੀਆਂ ਤਾ ਪੰਦਰਾਂ ਸਾਲ ਦੀ ਉਮਰ ਵਿਚ ਹੀ ਬੱਚੇ ਜੰਮਦੀਆ ਵੇਖੀਆਂ ਗਈਆਂ ਹਨ। ਇਸ ਕਰਕੇ ਇਹੀ ਉਮਰਾਂ ਹਨ ਜਦ ਹਾਥੀ ਅਤੇ ਹਥਣੀਆ ਆਪਸੀ ਮੇਲ ਵਾਸਤੇ ਸਾਥੀ ਢੂੰਡਦੇ ਹਨ। ਇਹ ਵੀ ਖ਼ਿਆਲ ਕੀਤਾ ਜਾਦਾ ਹੈ ਕਿ ਜਦੋਂ ਹਾਥੀ ਮਸਤ ਅਵਸਥਾ ਵਿਚ ਹੁੰਦਾ ਹੈ ਤਾਂ ਉਹ ਹਥਣੀ ਨੂੰ ਗੱਭਣ ਕਰਨ ਲਈ ਸਮਰੱਥ ਨਹੀਂ ਹੁੰਦਾ। ਇਹੋ ਜਿਹੇ ਇਕ ਜਾਨਵਰ ਨੂੰ ਵੇਖਣ ਦਾ ਮੈਨੂੰ ਵੀ ਮੌਕਾ ਮਿਲਿਆ। ਇਹ ਏਨਾ ਉਤੇਜਿਤ ਸੀ ਕਿ ਮਸਤ ਤਰਲ ਉਸਦੀਆ ਦੋਵੇਂ ਪੁੜਪੁੜੀਆ ਤੋਂ ਦੀ ਖ਼ੂਬ ਵਗ ਰਿਹਾ ਸੀ। ਮੈਂ ਤਿੰਨ ਦਿਨ ਜੰਗਲ ਵਿਚ ਉਹਦੀਆਂ ਗਤੀਵਿਧੀਆ ਵੇਖਦਾ ਰਿਹਾ। ਇਹ ਸਾਰਾ ਸਮਾਂ ਉਹ ਬਹੁਤ ਉਤੇਜਿਤ ਰਿਹਾ ਪਰ ਉਸਨੂੰ ਕਿਸੇ ਹਥਣੀ

ਕੋਲ ਜਾਂਦਿਆ ਮੈ ਨਹੀਂ ਵੇਖਿਆ।

ਇਕ ਵਾਰ ਮੈ ਇਕ ਬਿਨਾਂ ਦੰਦ ਵਾਲੇ ਮਸਤ ਜਾਲਮ ਹਾਥੀ ਨੂੰ ਵੇਖਿਆ ਜੋ ਕਿ ਇਕ ਸਾਧਾਰਣ ਅਵਸਥਾ ਵਾਲੀ ਹਥਣੀ ਨੂੰ ਘੇਰੀ ਫਿਰਦਾ ਸੀ। ਉਹ ਬੜਾ ਹੀ ਉਤੇਜਿਤ ਸੀ ਅਤੇ ਮਸਤ ਤਰਲ ਉਸਦੀਆਂ ਪੁੜਪੁੜੀਆ ਉਤੋਂ ਦੀ ਵਗ ਰਿਹਾ ਸੀ। ਉਹ ਜਦੋਂ ਵੀ ਹਥਣੀ ਤੇ ਚੜ੍ਹਨ ਦਾ ਯਤਨ ਕਰਦਾ ਉਹ ਅੱਗੋਂ ਖਿਸਕ ਜਾਂਦੀ। ਹਥਣੀ ਦੇ ਵੱਡੇ ਕੰਨ ਉਹਦੇ ਸਿਰ ਨਾਲ ਜੁੜ ਜਾਂਦੇ। ਹਾਥੀ ਕਾਮ ਵਿਚ ਪਾਗਲ ਹੋ ਰਿਹਾ ਸੀ। ਉਹ ਹਥਣੀ ਨੂੰ ਪਿਛੋ ਫੜਦਾ ਅਤੇ ਸੁੰਡ ਨਾਲ ਇਕ ਥਾਂ ਖਲ੍ਹਾਰਨ ਦਾ ਯਤਨ ਕਰਦਾ। ਇਸ ਤੇ ਹਥਣੀ ਡਰ ਨਾਲ ਚੀਕਾਂ ਮਾਰਦੀ।

ਇਕ ਵਾਰੀ ਇਕ ਹਾਥੀ, ਸੁੰਦਰਮਾਲਾ, ਜੋ ਆਸਾਮ ਜੰਗਲਾਤ ਵਿਭਾਗ ਦਾ ਸੀ, ਕਿਤੇ ਗੁਆਚ ਗਿਆ। ਉਸਨੂੰ ਲੱਭਦਿਆਂ ਕਈ ਹਫ਼ਤੇ ਲੰਘ ਗਏ। ਇਸੇ ਭਾਲ ਸਮੇਂ ਦਿਬਰੂ ਦੇ ਜੰਗਲਾ ਵਿਚ ਸਟਰੇਸੀ ਨੇ ਇਕ ਬਿਨਾ ਦੰਦਾ ਦਾ ਹਾਥੀ ਵੇਖਿਆ ਜਿਸ ਦੇ ਮੂੰਹ ਤੇ ਮਸਤ ਤਰਲ ਵਗ ਰਿਹਾ ਸੀ। ਉਹਦੇ ਨਾਲ ਇਕ ਮਧਰੀ ਜਿਹੀ ਹਥਣੀ ਸੀ ਜੋ ਕਿਤੇ ਨੇੜੇ ਦੀ ਰੱਖ ਵਿਚੋ ਭੱਜੀ ਸੀ ਅਤੇ ਜਿਸਦੇ ਪੈਰਾਂ ਵਿਚ ਅਜੇ ਵੀ ਟੁੱਟਾ ਹੋਇਆ ਸੰਗਲ ਸੀ। ਪੀ ਡੀ. ਸਟਰੇਸੀ ਲਿਖਦਾ ਹੈ—ਮੈਂ ਇਕ ਹਾਥੀ ਤੇ ਸਵਾਰ ਸਾ। ਮੈ ਜੰਗਲੀ ਹਾਥੀ ਦੇ ਲੰਘ ਜਾਣ ਲਈ ਰਾਹ ਛੱਡ ਦਿੱਤਾ। ਪਰ ਉਹ ਸਾਡੇ ਮਗਰ ਪੈ ਗਿਆ। ਉਹ ਮਧਰੀ ਹਥਣੀ ਵੀ ਉਹਦੇ ਪਿਛੇ ਪਿਛੇ ਸੀ। ਸਟਰੇਸੀ ਨੂੰ ਇਹ ਨਹੀਂ ਸੀ ਪਤਾ ਕਿ ਉਤੇਜਿਤ ਹਾਥੀ ਕਿੰਨਾ ਜ਼ਿੱਦੀ ਹੁੰਦਾ ਹੈ। ਉਹ ਲਿਖਦਾ ਹੈ—ਸਾਡੇ ਰੌਲੇ ਦੇ ਬਾਵਜੂਦ ਉਹ ਸਾਡੇ ਵਲ ਵਧੀ ਗਿਆ। ਮੈਨੂੰ ਉਹਦੀ ਨੀਅਤ ਦਾ ਪੂਰੀ ਤਰ੍ਹਾਂ ਪਤਾ ਨਹੀ ਸੀ। ਜ਼ਾਹਰਾ ਤੌਰ ਤੇ ਉਹ ਮੇਰੇ ਵਾਲੇ ਹਾਥੀ ਦੀ ਹੋਂਦ ਤੋਂ ਈਰਖਾ ਕਰ ਰਿਹਾ ਸੀ ਅਤੇ ਉਸੇ ਆਪਣਾ ਰਕੀਬ (ਦੁਸ਼ਮਣ) ਸਮਝ ਰਿਹਾ ਸੀ। ਮਹਾਵਤ ਏਨਾ ਘਬਰਾ ਗਿਆ ਕਿ ਉਸਨੇ ਉਸ ਬਿਨਾ ਦੰਦੇ ਹਾਥੀ 'ਤੇ ਗੋਲੀ ਚਲਾ ਦਿੱਤੀ। ਗੋਲੀ ਉਸਦੇ ਸਿਰ ਨੇੜਿਓਂ ਸ਼ੂਕਦੀ ਲੰਘ ਗਈ। ਅੰਤ ਉਸਨੇ ਪਿੱਠ ਮੋੜ ਲਈ ਪਰ ਬੜੇ ਹੰਕਾਰ ਵਿਚ ਤੇ ਉਹ ਵੀ ਬਿਨਾਂ ਕਿਸੇ ਡਰ ਮੰਨਣ ਤੇ।

ਮੈਸੂਰ ਵਿਚ ਜੰਗਲਾਤ ਵਿਭਾਗ ਦੀ ਇਕ ਗੱਭਣ ਹਥਣੀ ਮਸਤੀ ਵਿਚ ਆਏ ਇਕ ਜੰਗਲੀ ਹਾਥੀ ਦੇ ਧਿਆਨ ਦੀ ਵਸਤ ਬਣ ਗਈ। ਜਦੋ ਹਾਥੀ ਨੇ ਵੇਖਿਆ ਕਿ ਉਹ ਉਸਦੀਆ ਭਾਵਨਾਵਾ ਨੂੰ ਹੁੰਗਾਰਾ ਹੀ ਨਹੀ ਭਰ ਰਹੀ ਤਾਂ ਉਹ ਗੁੱਸੇ ਵਿਚ ਆ ਗਿਆ ਅਤੇ ਉਸ 'ਤੇ ਟੁੱਟ ਪਿਆ। ਉਸਨੇ ਆਪਣੇ ਭਿਆਨਕ ਦੰਦਾਂ ਦੇ ਕੁਝ ਵੀ ਵਾਰਾ ਨਾਲ ਉਸਨੂੰ ਖਤਮ ਕਰ ਦਿੱਤਾ।

ਮੇਰਾ ਇਕ ਬਿਹਾਰੀ ਮਿੱਤਰ ਹੈ ਜਿਸਦਾ ਪਰਿਵਾਰ ਹਾਥੀਆਂ ਦਾ ਮਾਹਿਰ ਹੈ। ਜਦੋਂ ਕਿਸੇ ਅਮੀਰ ਆਦਮੀ ਨੇ ਹਾਥੀ ਖਰੀਦਣਾ ਹੁੰਦਾ ਸੀ ਤਾ ਮੇਰੇ ਇਸ ਮਿੱਤਰ ਦੇ ਬਾਬੇ ਤੋਂ ਸਲਾਹ ਲਈ ਜਾਦੀ ਸੀ। ਇਕ ਵਾਰ ਮੈਂ ਆਪਣੀ ਕਿਸੇ ਮੁਹਿੰਮ ਦੇ ਤਜਰਬੇ ਤੋਂ ਹਾਥੀਆਂ ਦੇ ਭੋਗ ਦੀ ਗੱਲ ਕੁਝ ਬੰਦਿਆਂ ਵਿਚ ਕਰ ਰਿਹਾ ਸਾ। ਮੇਰਾ ਉਹ ਬਿਹਾਰੀ ਮਿੱਤਰ ਵੀ ਬੈਠਾ ਸੀ। ਉਸਨੇ ਬੜੇ ਜ਼ੋਰਦਾਰ ਢੰਗ ਨਾਲ ਮੇਰੀ ਗੱਲ ਦਾ ਖੰਡਨ ਕੀਤਾ ਅਤੇ ਇਹ ਦੱਸਿਆ ਕਿ ਪੋਤ੍ਰ ਬੱਚਿਆਂ ਤੱਕ ਵੀ ਹਰ

ਇਕ ਨੂੰ ਪਤਾ ਹੈ ਕਿ ਹਾਥੀ ਹਥਣੀ ਪਾਣੀ ਵਿਚ ਹੀ ਭੋਗ ਕਰਦੇ ਹਨ। ਇਸ ਰਵਾਇਤੀ ਵਿਸ਼ਵਾਸ ਦਾ ਸਪਸਟੀਕਰਣ ਉਸਨੇ ਇਹ ਦਿੱਤਾ ਕਿ ਪਾਣੀ ਵਿਚ ਭਾਰ ਘਟ ਜਾਂਦਾ ਹੈ, ਇਸ ਕਰਕੇ ਹਥਣੀ ਭਾਰ ਝਲਦੀ ਔਖੀ ਨਹੀਂ ਹੁੰਦੀ। ਜ਼ਮੀਨ 'ਤੇ ਏਨਾ ਭਾਰ ਝਲਣਾ ਸੰਭਵ ਨਹੀਂ। ਕਈ ਹੋਰ ਲੋਕ ਜੋ ਹਾਥੀਆਂ ਬਾਰੇ ਜਾਣਦੇ ਹਨ, ਇਹ ਕਹਿੰਦੇ ਹਨ ਕਿ ਹਾਥੀ ਹਥਣੀ ਨੂੰ ਭੋਗ ਕਰਦਿਆਂ ਵੇਖਣ ਨਾਲ ਪਾਪ ਲਗਦਾ ਹੈ। ਉਹ ਕਹਿੰਦੇ ਹਨ ਕਿ ਇਹ ਕਿਸੇ ਸਾੜ੍ਹਸਤੀ ਆਉਣ ਦਾ ਸੰਕੇਤ ਹੁੰਦਾ ਹੈ।

ਯੂਨਾਨੀ ਲੇਖਕ ਪਲਿਨੀ (23-79 ਈਸਵੀ) ਦਾ ਵਿਸ਼ਵਾਸ ਸੀ ਕਿ ਹਾਥੀ ਹਥਣੀ ਦਾ ਭੋਗ ਲੁਕਵਾਂ ਹੁੰਦਾ ਹੈ। ਭਾਰਤੀ ਲੋਕ ਵੀ ਇਸੇ ਹੀ ਵਿਸ਼ਵਾਸ ਦੇ ਧਾਰਨੀ ਹਨ। ਇਹ ਕੇਵਲ ਸਾਧਾਰਣ ਬੰਦੇ ਦੀ ਰਾਏ ਹੀ ਨਹੀਂ ਸਗੋਂ ਹਾਥੀ ਰੱਖਣ ਵਾਲਾ ਹਰ ਬੰਦਾ ਇਸ ਦੀ ਹਾਮੀ ਭਰਦਾ ਹੈ। ਉਹ ਦੱਸਦੇ ਨੇ ਕਿ ਪਿਆਰ ਕਰਦੇ ਹਾਥੀ ਕਿਸੇ ਹੋਰ ਹਾਥੀ ਨੂੰ ਨੇੜੇ ਵੇਖ ਨਹੀਂ ਸੁਖਾਉਂਦੇ। ਕੁਝ ਹੋਰ ਲੇਖਕਾਂ ਨੇ ਆਪਣੇ ਖ਼ਿਆਲ ਅਨੁਸਾਰ ਇਹ ਵੀ ਦੱਸਿਆ ਹੈ ਕਿ ਹਾਥੀ ਹਥਣੀ ਦਾ ਭੋਗ ਬਿਲਕੁਲ ਤੀਵੀਂ ਆਦਮੀ ਦੇ ਭੋਗ ਵਾਂਗ ਹੀ ਹੁੰਦਾ ਹੈ। ਇਸਦਾ ਮੁੱਖ ਕਾਰਣ ਉਨ੍ਹਾਂ ਦਾ ਵੱਡ-ਆਕਾਰੀ ਹੋਣਾ ਹੀ ਦੱਸਿਆ ਜਾਂਦਾ ਹੈ।

ਉਂਜ ਮੇਰਾ ਆਪਣਾ ਤਜਰਬਾ ਇਸ ਤੇ ਬਿਲਕੁਲ ਹੀ ਉਲਟ ਹੈ। ਮੈਂ ਹਾਥੀਆਂ ਨੂੰ ਹੋਰ ਹਾਥੀਆਂ ਦੀ ਹਾਜ਼ਰੀ ਵਿਚ ਵੀ ਭੋਗ ਕਰਦਿਆ ਵੇਖਿਆ ਹੈ। ਇਕ ਵਾਰੀ ਤਾਂ ਇਕ ਜੋੜਾ ਝੁੰਡ ਦੇ ਵਿਚ ਹੀ ਲੱਗਾ ਹੋਇਆ ਸੀ। ਹਾਥੀ ਹਥਣੀ ਉਤੇ ਪੂਰਾ ਇਕ ਮਿੰਟ ਚੜ੍ਹਿਆ ਰਿਹਾ। ਇਹ ਮੌਕਾ ਗੁਆਉਣ ਵਾਲਾ ਨਹੀਂ ਸੀ ਤੇ ਅਸਾਂ ਸਭ ਨੇ ਤਸਵੀਰਾਂ ਖਿੱਚ ਲਈਆ। ਪਤਾ ਨਹੀਂ ਸਾਡੇ ਵੇਖਣ ਤੋਂ ਪਹਿਲਾ ਉਹ ਕਦੋਂ ਕੁ ਦਾ ਲੱਗਾ ਹੋਇਆ ਸੀ। ਕੋਨਾਰਕ ਦੇ ਮੰਦਰ ਦੀਆਂ ਕੰਧਾਂ ਤੇ ਉਕਰੀਆਂ ਤਸਵੀਰਾਂ ਵਿਚ ਹਾਥੀ ਹਥਣੀ ਦੇ ਭੋਗ ਦਾ ਪੁਰਾਤਤਵ ਰੀਕਾਰਡ ਹੈ। ਮੇਰਾ ਆਪਣਾ ਅਧਿਅਨ ਵੀ ਬਹੁਤ ਹੱਦ ਤਕ ਇਸ ਨਾਲ ਮਿਲਦਾ ਜੁਲਦਾ ਹੈ।

ਉੱਤਰੀ ਭਾਰਤ ਵਿਚ ਪਾਲਤੂ ਹਾਥੀਆਂ ਨੂੰ ਇੰਜ ਭੋਗ ਕਰਦਿਆ ਵੇਖਣ ਦਾ ਮੌਕਾ ਘੱਟ ਵੱਧ ਹੀ ਮਿਲਦਾ ਹੈ। ਆਸਾਮ ਵਿਚ ਹਾਥੀਆਂ ਨੂੰ ਪਿਆਰ ਕਰਦੇ ਵੇਖਣਾ ਕੋਈ ਅਨੋਖੀ ਗੱਲ ਨਹੀਂ। ਦੱਖਣੀ ਭਾਰਤ ਅਤੇ ਆਸਾਮ ਵਿਚ ਇਹੋ ਜਿਹੀਆਂ ਉਦਾਹਰਣਾਂ ਵੀ ਹਨ ਜਿਥੇ ਪਾਲਤੂ ਹਥਣੀ ਵੇਗ ਵਿਚ ਆ ਕੇ ਜੰਗਲੀ ਹਾਥੀ ਨਾਲ ਦੌੜ ਗਈ ਅਤੇ ਆਪਣੀ ਤਸੱਲੀ ਹੋਣ ਪਿਛੋਂ ਪਰਤ ਵੀ ਆਈ।

ਕੁਝ ਵੀ ਹੈ, ਹਾਥੀ ਹਥਣੀ ਦਾ ਭੋਗ ਹੋਰ ਜਾਨਵਰਾ ਵਾਂਗ ਹੀ ਹੁੰਦਾ ਹੈ। ਫ਼ਰਕ ਕੇਵਲ ਏਨਾ ਹੈ ਕਿ ਹਾਥੀ ਇਸ ਪਿੱਛੇ ਆਪਸ ਵਿਚ ਲੜਦੇ ਨਹੀਂ। ਇਹ ਸਾਰਾ ਕੁਝ ਅਮਨ ਚੈਨ ਨਾਲ ਅਤੇ ਚੰਗੇ ਸਾਥੀਆਂ ਵਾਂਗ ਹੁੰਦਾ ਹੈ। ਸਟਰੇਸੀ ਅਤੇ ਉਸਦੇ ਕੁਝ ਸਾਥੀਆਂ ਨੇ ਇਕ ਵਾਰ ਜੰਗਲੀ ਹਾਥੀਆਂ ਨੂੰ ਪਿਆਰ-ਖੇਡ ਖੇਡਦੇ ਵੇਖਿਆ। ਬਹਾਰ ਵਿਚ ਆਈ ਇਕ ਹਥਣੀ ਉਤੇ ਵਾਰੀ ਵਾਰੀ ਕਈ ਹਾਥੀ ਚੜ੍ਹਨ ਦੇ ਯਤਨ ਵਿਚ ਸਨ। ਜਦੋਂ ਇਕ ਸਫ਼ਲ ਨਾ ਹੁੰਦਾ ਤਾਂ ਦੂਜਾ ਅੱਗੇ ਆ ਜਾਂਦਾ। ਕੋਈ ਕਾਹਲ ਨਹੀਂ ਸੀ, ਕੋਈ ਈਰਖਾ ਨਹੀਂ ਸੀ ਅਤੇ ਕੋਈ ਲੜਾਈ ਨਹੀਂ ਸੀ।

ਇਕ ਖ਼ਾਸ ਗੱਲ ਇਹ ਲੱਭੀ ਕਿ ਜਿਹੜਾ ਇਹਨਾ ਸਭ ਵਿਚੋਂ ਤਕੜਾ ਜਾਪਦਾ ਸੀ ਉਹ ਇਸ ਕਿਰਿਆ ਵਿਚ ਸਭ ਤੋਂ ਪਿੱਛੇ ਰਹਿੰਦਾ ਲੱਗਦਾ ਸੀ।

50 ਕਈ ਮਾਹਰ, ਕੈਂਪ ਵਿਚ ਇਸ ਭੋਗ ਨੂੰ ਤੱਕਣ ਦੇ ਹੱਕ ਵਿਚ ਨਹੀਂ ਸਨ। ਉਹ ਸੋਚਦੇ ਨੇ ਕਿ ਇਹੋ ਜਿਹੀ ਗੱਲ ਲੜਾਈ ਦਾ ਕਾਰਣ ਬਣ ਸਕਦੀ ਹੈ ਅਤੇ ਕੀਮਤੀ ਜਾਨਵਰਾ ਨੂੰ ਸੱਟਾਂ ਲੱਗ ਸਕਦੀਆਂ ਹਨ ਜਿਹੜੀਆਂ ਠੀਕ ਹੋਣ ਲਈ ਕਈ ਮਹੀਨਿਆਂ ਦੀ ਸੇਵਾ ਲੋੜਦੀਆ ਹਨ, ਜਿਸ ਨਾਲ ਬਹੁਤ ਸਾਰੀ ਆਰਥਿਕ ਹਾਨੀ ਹੋ ਸਕਦੀ ਹੈ। ਹੋ ਸਕਦਾ ਹੈ ਕਿ ਉਹ ਠੀਕ ਹੀ ਸੋਚਦੇ ਹੋਣ।

51 ਭਾਰਤੀ-ਭੂਟਾਨੀ ਹੱਦ ਨੇੜੇ ਬੰਗਾਲ ਦੇ ਜਲਦਾਪਾੜਾ ਜੰਗਲ ਵਿਚਲੇ ਇਕ ਕੈਂਪ ਵਿਚ ਬਹੁਤ ਸਾਰੀਆਂ ਹਥਣੀਆਂ ਸਨ। ਇਕ ਜੰਗਲੀ ਹਾਥੀ ਨੂੰ ਪਤਾ ਲੱਗ ਗਿਆ ਅਤੇ ਉਹ ਰੋਜ਼ ਰਾਤ ਨੂੰ ਫ਼ੇਰਾ ਮਾਰਨ ਲੱਗ ਪਿਆ। ਮਹਾਵਤਾਂ ਨੂੰ ਇਹ ਗੱਲ ਪਸੰਦ ਨਹੀਂ ਸੀ। ਉਹ ਹਰ ਵਾਰੀ ਰੌਲੀ ਪਾ ਕੇ ਜਾਂ ਹਵਾ ਵਿਚ ਗੋਲੀਆਂ ਚਲਾ ਕੇ ਉਸਨੂੰ ਭਜਾਉਣ ਦਾ ਯਤਨ ਕਰਦੇ। ਇਕ ਵਾਰ ਜਦੋਂ ਉਹ ਮਸਤ ਅਵਸਥਾ ਵਿਚ ਸੀ ਤਾਂ ਅੱਧੀ ਰਾਤ ਤੋਂ ਥੋੜ੍ਹਾ ਪਹਿਲਾ ਉਹ ਧੁੱਸ ਦੇ ਕੇ ਕੈਂਪ ਵਿਚ ਜਾ ਵੜਿਆ ਅਤੇ ਹੱਲਾ ਕਰਕੇ ਕੈਪ ਦੇ ਸਭ ਤੋਂ ਵੱਡੇ ਹਾਥੀ ਨੂੰ ਮਾਰ ਮੁਕਾਇਆ। ਉਸਦੇ ਭਿਆਨਕ ਦੰਦ ਵਿਰੋਧੀ ਦੇ ਹੇਠਲੇ ਜਬਾੜੇ ਵਿਚੋਂ ਲੰਘ ਕੇ ਉਹਦੇ ਸਿਰ ਵਿਚ ਛੇਕ ਕਰ ਗਏ। ਕੈਂਪ ਵਾਲਾ ਹਾਥੀ ਕੱਦ ਵਿਚ ਵੱਡਾ ਸੀ ਪਰ ਵਡੇਰੀ ਉਮਰ ਦਾ ਸੀ ਅਤੇ ਬੱਧਾ ਹੋਇਆ ਵੀ ਸੀ। ਹੋਰ ਹਾਨੀ ਪੁਚਾਉਣ ਤੋਂ ਪਹਿਲਾ ਹੀ ਆਵਾਰਾ ਹਾਥੀ ਨੂੰ ਭਜਾ ਦਿੱਤਾ ਗਿਆ।

52 ਉੱਤਰ ਪ੍ਰਦੇਸ਼ ਦੇ ਪਾਲਤੀ ਦੂਨ ਜੰਗਲਾਂ ਵਿਚ ਇਕ ਵਾਰ ਇਕ ਖ਼ਤਰਨਾਕ ਲੜਾਈ ਵੇਖੀ ਗਈ ਜਿਸਦਾ ਕਾਰਣ ਇਕ ਹਥਣੀ ਸੀ। ਇਹ 8 ਮਾਰਚ 1967 ਵਾਲੇ ਦਿਨ ਦੀ ਗੱਲ ਹੈ। ਬਨਸਪਤੀ ਫੁੱਲ-ਫਲ ਰਹੀ ਸੀ ਅਤੇ ਹਵਾ ਵਿਚ ਬਸੰਤ ਦੀ ਖੁਸ਼ਬੋ ਸੀ। ਇਕ ਝੁੰਡ ਵਿਚ ਝੁੰਡ ਦਾ ਮੁਖੀਆ ਬਹਾਰ ਵਿਚ ਆਈ ਇਕ ਹਥਣੀ ਨੂੰ ਲਈ ਫ਼ਿਰਦਾ ਸੀ। ਦੋ ਹੋਰ ਹਾਥੀਆ ਨੇ ਉਸਨੂੰ ਵੰਗਾਰਿਆ। ਇਕ ਨੂੰ ਭਜਾਉਣ ਵਿਚ ਤਾਂ ਉਹਨੂੰ ਕੋਈ ਔਕੜ ਨਾ ਆਈ ਪਰ ਦੂਜਾ ਤਕੜਾ ਨਿਕਲਿਆ ਅਤੇ ਵੱਟੇ ਵਾਂਗ ਵੱਜਦਾ ਰਿਹਾ। ਸਾਧਾਰਣ ਦੌਰੇ ਤੇ ਨਿਕਲੀ ਅਧਿਕਾਰੀਆਂ ਦੀ ਇਕ ਟੋਲੀ ਇਕ ਖ਼ਾਸ ਥਾ ਤੋਂ ਇਹ ਲੜਾਈ ਵੇਖਦੀ ਰਹੀ। ਵੱਡੇ ਵੱਡੇ ਸਿਰਾਂ ਨਾਲ ਹਾਥੀ ਇਕ ਦੂਜੇ ਨੂੰ ਟੱਕਰਾਂ ਮਾਰਦੇ। ਦੰਦਾਂ ਦੇ ਭਿੜਨ ਦੀ ਆਵਾਜ਼ ਨਾਲ ਪਹਾੜੀ ਚੁੱਪ ਟੁੱਟਦੀ ਰਹੀ। ਦੋਵੇ ਭਿਆਨਕ ਕਰੋਧ ਵਿਚ ਸਨ। ਪੂਰੇ ਜੋਸ਼ ਨਾਲ ਭਿੜ ਰਹੇ ਸਨ। ਕੋਈ ਵੀ ਦੂਜੇ ਨੂੰ ਰਾਹ ਦੇਣ ਲਈ ਤਿਆਰ ਨਹੀਂ ਸੀ। ਉਸ ਥਾਂ ਦੇ ਬਘਿਆੜ, ਚੀਤੇ, ਗਿੱਦੜ, ਬਿੱਲੇ ਆਦਿ ਆਲੇ ਦੁਆਲੇ ਫਿਰਦੇ ਇਹ ਲੜਾਈ ਵੇਖ ਰਹੇ ਸਨ। ਇਕ ਨੂੰ ਮਾਰਨ ਪਿਛੋਂ ਉਹ ਦੂਜੇ ਨੂੰ ਜੇਤੂ ਵੇਖਣਾ ਚਾਹੁੰਦੇ ਸਨ। ਇਹੋ ਜਿਹੀ ਨੌਬਤ ਇਨ੍ਹਾ ਜਾਨਵਰਾ ਦਰਮਿਆਨ ਕਿਸਮਤ ਨਾਲ ਹੀ ਦੇਖਣ ਨੂੰ ਮਿਲਦੀ ਹੈ।

53 ਕੁਝ ਸਮੇਂ ਪਿਛੋਂ ਵੰਗਾਰਨ ਵਾਲਾ ਮੱਠਾ ਪੈ ਗਿਆ। ਝੁੰਡ ਦੇ ਮੁਖੀਏ ਨੇ ਉਸਨੂੰ ਦਫ਼ੇੜ ਮਾਰੀ ਤੇ ਉਹ ਡਿੱਗ ਪਿਆ। ਮੁਖੀਏ ਨੇ ਆਪਣੇ ਦੰਦ ਉਹਦੀ ਛਾਤੀ ਵਿਚ

ਗੱਡ ਦਿੱਤੇ। ਇਕ ਦਰਦਨਾਕ ਚੀਕ ਮਾਰਦਾ ਉਹ ਅਹਿੱਲ ਹੋ ਗਿਆ। ਜੇਤੂ ਦੇ ਦੰਦ 60 ਸੈਟੀਮੀਟਰ ਅੰਦਰ ਤੱਕ ਚਲੇ ਗਏ ਸਨ ਅਤੇ ਮਰਨ ਵਾਲੇ ਦੇ ਫੇਫੜਿਆਂ ਵਿਚ 8 ਸੈਂਟੀਮੀਟਰ ਚੌੜੇ ਛੇਕ ਹੋਏ ਪਏ ਸਨ।

ਤਿੰਨ ਦਿਨ ਪਿਛੋ ਜਦੋਂ ਸਹਾਇਕ ਗੇਮ ਵਾਰਡਨ ਰੀਪੋਰਟ ਤਿਆਰ ਕਰਨ ਲਈ ਮੌਕੇ 'ਤੇ ਪੁੱਜਾ ਤਾਂ ਉਸਨੇ ਵੇਖਿਆ ਕਿ ਹਜ਼ਾਰਾ ਗਿਰਝਾ ਹਾਥੀ ਦੀ ਲਾਸ਼ 'ਤੇ ਧਾਵਾ ਕਰੀ ਬੈਠੀਆ ਸਨ। ਟਿੱਡੀ ਦਲ ਵਾਗ ਉਨ੍ਹਾਂ ਨੇ 800 ਮੀਟਰ ਦਾ ਸਾਰਾ ਖੇਤਰ ਵੀ ਢਕਿਆ ਹੋਇਆ ਸੀ। ਬਹੁਤ ਤਿੱਖੀ ਅਤੇ ਭੈੜੀ ਬਦਬੂ ਆ ਰਹੀ ਸੀ। ਲਾਸ਼ ਪਾਸੇ ਭਾਰ ਪਈ ਸੀ ਤੇ ਉਸਦੀ ਸੁੰਡ ਅਗਲੇ ਪਾਸੇ ਨੂੰ ਖਿਲਰੀ ਜਿਹੀ ਪਈ ਸੀ। ਉਸਦੇ ਦੰਦ ਤਾਂ ਸਿਕਾਰੀਆਂ ਨੇ ਪਹਿਲਾਂ ਹੀ ਵੱਢ ਲਏ ਹੋਏ ਸਨ। ਮੁੱਢ ਵਿਚ ਇਨ੍ਹਾ ਦਾ ਵਿਆਸ 8 ਸੈਂਟੀਮੀਟਰ ਸੀ। ਸਰੀਰ ਤੇ ਜ਼ਖਮਾਂ ਦੇ ਅਣਗਿਣਤ ਨਿਸਾਨ ਸਨ। ਇਨ੍ਹਾਂ ਵਿਚੋਂ ਇਕ ਜ਼ਖਮ ਜੋ ਪੂਛ ਦੇ ਹੇਠਾਂ ਸੀ 25 ਸੈਂਟੀਮੀਟਰ ਡੂੰਘਾ ਸੀ। ਇਕ ਹੋਰ ਏਨਾ ਹੀ ਡੂੰਘਾ ਜ਼ਖਮ ਅਗਲੀਆ ਲੱਤਾਂ ਦੇ ਵਿਚਕਾਰ ਸੀ। ਇਕ ਹੋਰ ਸੌਣ ਦੇ ਸੱਜੇ ਪਾਸੇ 8 ਸੈਂਟੀਮੀਟਰ ਚੌੜਾ ਸੀ। ਲਿੱਦ ਕਰਨ ਵਾਲੀ ਥਾਂ ਦੇ ਸੱਜੇ ਪਾਸੇ ਇਕ ਗੋਲ ਛੇਕ ਸੀ ਜੋ 5 ਸੈਂਟੀਮੀਟਰ ਵਿਆਸ ਦਾ ਸੀ।

ਆਈਨੇ ਅਕਬਰੀ ਵਿਚ ਅਬੁੱਲ ਫਜ਼ਲ ਨੇ ਅਕਬਰ ਦੇ ਵੇਲੇ ਦੇ ਹਾਥੀਆ ਦਾ ਬੜਾ ਰੌਚਕ ਜ਼ਿਕਰ ਕੀਤਾ ਹੈ। ਉਹ ਦੱਸਦਾ ਹੈ ਕਿ ਜੇ ਬਹਾਰ ਵਿਚ ਆਈ ਹਥਣੀ ਤੋਂ ਦੋ ਹਾਥੀ ਭਿੜਨ ਲੱਗ ਪੈਣ ਤਾਂ ਇਕ ਬੱਚੇ ਨੂੰ ਵਿਚ ਆ ਜਾਣਾ ਚਾਹੀਦਾ ਹੈ। ਇਕ ਹਾਥੀ ਭਿੜਨ ਤੋ ਪਹਿਲਾ ਬੜੀ ਹੀ ਨਰਮੀ ਨਾਲ ਬੱਚੇ ਨੂੰ ਚੁੱਕ ਕੇ ਲਾਭੇ ਕਰੇਗਾ ਅਤੇ ਫ਼ਿਰ ਭਿੜੇਗਾ। ਉਹ ਹੋਰ ਦੱਸਦਾ ਹੈ ਕਿ ਜੇ ਕੋਈ ਮਸਤਿਆ ਹਾਥੀ ਬਾਹਰ ਨਿਕਲ ਜਾਂਦਾ ਸੀ ਤਾਂ ਉਸਨੂੰ ਬੰਦੇ ਇੰਜ ਨਹੀ ਸੀ ਫੜਦੇ। ਉਸ ਕੋਲ ਇਕ ਹਥਣੀ ਲੈ ਜਾਈ ਜਾਦੀ ਸੀ ਜਿਸਨੂੰ ਵੇਖ ਕੇ ਉਹ ਨਰਮ ਪੈ ਜਾਦਾ ਸੀ ਅਤੇ ਲੋਕ ਉਸਨੂੰ ਕਾਬੂ ਕਰ ਲੈਂਦੇ ਸਨ।

ਇਹ ਸੋਚਣਾ ਵੀ ਗ਼ਲਤ ਹੈ ਕਿ ਮਸਤਿਆ ਹਾਥੀ ਹੀ ਹਥਣੀ ਨਾਲ ਭੋਗ ਕਰੇਗਾ। ਉਹ ਹਾਥੀ ਵੀ ਭੋਗ ਕਰਦੇ ਵੇਖੇ ਗਏ ਹਨ ਜਿਨ੍ਹਾਂ ਦੇ ਮਸਤੇ ਹੋਣ ਦਾ ਕੋਈ ਵੀ ਚਿੰਨ੍ਹ ਨਜ਼ਰ ਨਹੀਂ ਸੀ ਆਉਂਦਾ। ਮਸਤ-ਤਰਲ ਦਾ ਭਰ ਕੇ ਵਗਣਾ ਹਾਥੀ ਦੇ ਜਵਾਨ ਹੋਣ ਦੀ ਪੱਕੀ ਨਿਸ਼ਾਨੀ ਹੈ।

ਅੰਤ, ਹਥਣੀ ਹੀ ਇਹ ਫ਼ੈਸਲਾ ਕਰਦੀ ਹੈ ਕਿ ਭੋਗ ਹੋਵੇਗਾ ਕਿ ਨਹੀ। ਜੇ ਉਹ ਬਹਾਰ ਵਿਚ ਨਹੀਂ ਤਾਂ ਉਹ ਹਾਥੀ ਦੀਆ ਸਾਰੀਆਂ ਚਾਲਾਂ ਨੂੰ ਅਸਫਲ ਬਣਾ ਦੇਵੇਗੀ। ਹਥਣੀ ਦੇ ਬਹਾਰ ਵਿਚ ਆਉਣ ਦੀਆ ਨਿਸਾਨੀਆ ਦਾ ਪਤਾ ਨਹੀਂ ਲਗਦਾ। ਸੰਭਵ ਹੈ ਕਿ ਇਸ ਵੇਲੇ ਉਸ ਵਿਚੋਂ ਕੋਈ ਗੰਧ ਪੈਦਾ ਹੁੰਦੀ ਹੋਵੇ ਜਿਸ ਨਾਲ ਹਾਥੀ ਉਸ ਵੱਲ ਖਿੱਚੇ ਆਉਂਦੇ ਹੋਣ। ਨਹੀਂ ਤੇ ਇਹ ਜਾਣਨਾ ਔਖਾ ਹੈ ਕਿ ਹਾਥੀਆ ਨੂੰ ਕਾਫ਼ੀ ਦੂਰ ਤੋਂ ਹਥਣੀ ਦੇ ਬਹਾਰ ਵਿਚ ਆਉਣ ਦਾ ਪਤਾ ਕਿਵੇਂ ਲੱਗਦਾ ਹੈ।

## ਜਣੇਪਾ (ਹਥਣੀ ਦਾ ਸੂਣਾ)

ਸੂਣ ਵਾਲੀ ਹਥਣੀ ਤੋਂ ਥੋੜ੍ਹੀ ਵਿੱਥ 'ਤੇ ਇਕ ਗੋਲ ਚੱਕਰ ਵਿਚ ਹਾਥੀਆਂ ਦੀ ਕਤਾਰ ਖੜ੍ਹੀ ਹੁੰਦੀ ਹੈ ਜਿਨ੍ਹਾ ਦੇ ਮੂੰਹ ਪਰ੍ਹੇ ਨੂੰ ਹੁੰਦੇ ਹਨ। ਉਹਨਾਂ ਵਿਚੋਂ ਕੁਝ ਇਕ ਤਾ ਖ਼ਾਸ ਤੌਰ ਤੇ ਇੰਜ ਲਗਦੇ ਹਨ ਜਿਵੇਂ ਪਹਿਰਾ ਦੇ ਰਹੇ ਹੋਣ, ਹਰ ਖਤਰੇ ਲਈ ਤਿਆਰ, ਹਰ ਮੁਕਾਬਲੇ ਲਈ ਖੜੇ। ਹਥਣੀ ਦੇ ਸੂ ਪੈਣ ਪਿਛੋਂ ਇਸ ਚੱਕਰ ਦੀ ਸਕਲ ਬਦਲ ਜਾਦੀ ਹੈ। ਇਹ ਤੰਗ ਹੋ ਗਿਆ ਹੁੰਦਾ ਹੈ ਪਰ ਮੂੰਹ ਅਜੇ ਵੀ ਪਰ੍ਹੇ ਨੂੰ ਹਨ। ਉਹ ਉੱਚੀ ਉੱਚੀ ਚਿੰਘਾੜਦੇ, ਆਪਣੇ ਕੰਨ ਹਿਲਾਉਂਦੇ ਅਤੇ ਭੰਗੜਾ ਪਾਉਂਦੇ ਲੱਗਦੇ ਹਨ। ਵਿਚਕਾਰ ਬੱਚਾ ਪਿਆ ਹੈ ਜੋ ਕਾਲੇ ਰੰਗ ਦੇ ਮਾਸ ਦੇ ਢੇਰ ਜਿਹਾ ਹੈ। ਦਾਈ ਦੇ ਤੌਰ ਤੇ ਛੇ ਹਥਣੀਆ ਤੇ ਪੰਜ ਬੱਚੇ ਕੰਮ ਕਰਦੇ ਹਨ। ਇਕ ਜਵਾਨ ਹਾਥੀ 15 ਮੀਟਰ ਤੇ ਖੜ੍ਹਾ ਸਾਰੀ ਕਾਰਵਾਈ ਵੇਖ ਰਿਹਾ ਹੈ। ਹੁਣ ਉਹ ਬੱਚੇ ਨੂੰ ਹਿਲਾਉਂਦੇ ਅਤੇ ਚੁੰਮਦੇ ਚੱਟਦੇ ਹਨ। ਕੁਝ ਇਕ ਇਸ ਨੂੰ ਖੜ੍ਹਾ ਕਰਨ ਦਾ ਯਤਨ ਵੀ ਕਰਦੇ ਹਨ।

ਇਸ ਮੌਕੇ 'ਤੇ ਗਿਰਝਾਂ ਆਦਿ ਵੀ ਆਉਂਦੀਆ ਹਨ। ਉਹ ਆਕਾਸ ਤੋਂ ਹੇਠਾ ਨੂੰ ਉੱਤਰਦੀਆਂ ਹਨ ਪਰ ਪਹਿਰਾ ਦੇ ਰਹੀਆ ਹਥਣੀਆਂ ਉਨ੍ਹਾਂ ਨੂੰ ਨੇੜੇ ਨਹੀ ਲਗਣ ਦਿੰਦੀਆ। ਉਹ ਤਾ ਕਿਸੇ ਨੂੰ ਵੀ ਨੇੜੇ ਨਹੀ ਆਉਣ ਦਿੰਦੀਆ। ਇਸ ਵੇਲੇ ਜਣੇਪੇ ਵਾਲੀ ਥਾ ਕੇਵਲ ਇਕ ਹਾਥੀ ਨੂੰ ਹੀ ਜਾਣ ਦੀ ਆਗਿਆ ਹੁੰਦੀ ਹੈ।

ਦਸ ਮਿੰਟ ਰੌਲਾ ਪੈਂਦਾ ਹੈ। ਖੁਸੀ ਦੇ ਪ੍ਰਗਟਾਵੇ ਪਿਛੋਂ ਕੋਈ ਅੱਧੇ ਘੰਟੇ ਦੀ ਚੁੱਪ ਹੈ। ਦਾਈਆਂ ਦਾ ਕੰਮ ਕਰਦੀਆ ਹਥਣੀਆ ਆਪਣੇ ਬੱਚਿਆਂ ਸਮੇਤ ਚਲੇ ਜਾਂਦੀਆਂ ਹਨ। ਅੱਗੇ ਹੋਣ ਵਾਲੀ ਕਾਰਵਾਈ ਵਿਚ ਉਨ੍ਹਾਂ ਦੀ ਲੋੜ ਨਹੀਂ ਪੈਣੀ। ਕੇਵਲ ਇਕ ਹਥਣੀ ਅਤੇ ਉਹਦਾ ਬੱਚਾ ਹੀ ਨਵਜੰਮੇ ਬੱਚੇ ਤੇ ਉਹਦੀ ਮਾ ਕੋਲ ਰਹਿ ਜਾਂਦੇ ਹਨ।

ਇਹ ਬੱਚਾ ਗਿੱਲਾ ਹੈ, ਚਿੱਪ ਚਿੱਪ ਕਰਦਾ ਹੈ ਅਤੇ ਵਾਲਾ ਨਾਲ ਢੱਕਿਆ ਹੋਇਆ ਹੈ। ਸਿਰ 'ਤੇ ਸਭ ਤੋਂ ਵੱਧ ਗੰਦ ਜਿਹਾ ਹੁੰਦਾ ਹੈ। ਅਜੇ ਇਹ ਉੱਠਣ ਜੋਗਾ ਨਹੀਂ। ਮਾਂ ਹਥਣੀ, ਦੂਜੀ ਹਥਣੀ ਅਤੇ ਦੂਜਾ ਬੱਚਾ ਇਸ ਦੇ ਖੜ੍ਹਾ ਹੋਣ ਲਈ ਘੜੀ ਮੁੜੀ ਸਹਾਇਤਾ ਕਰਦੇ ਹਨ। ਹਰ ਵਾਰ ਇਹ ਲੜਖੜਾ ਜਾਦਾ ਹੈ ਅਤੇ ਡਿੱਗ ਪੈਦਾ ਹੈ। ਕੋਈ ਦੋ ਘੰਟੇ ਇੰਜ ਹੀ ਹੁੰਦਾ ਰਹਿੰਦਾ ਹੈ। ਹੁਣ ਉਹ ਦਾਈ ਵੀ ਚਲੇ ਜਾਦੀ ਹੈ। ਉਹ ਪ੍ਰਤੱਖ ਤੌਰ ਤੇ ਇਹੀ ਸੋਚਦੀ ਹੈ ਕਿ ਉਸਨੇ ਇਛਿੱਤ ਕੰਮ ਕਰ ਦਿੱਤਾ ਹੈ ਤੇ ਉਹ ਝੁੰਡ ਵਿਚ ਜਾ ਰਲਦੀ ਹੈ।

ਪਰ ਦੂਜਾ ਬੱਚਾ ਅਜੇ ਵੀ ਲੱਗਾ ਹੋਇਆ ਹੈ। ਉਹ ਆਪਣੀ ਸੁੰਡ ਨਵਜੰਮੇ ਦੇ ਢਿੱਡ ਹੇਠੋ ਦੀ ਪਾ ਕੇ ਉਸਨੂੰ ਖੜਾ ਕਰਦਾ ਹੈ। ਅੰਤ ਉਸਦੇ ਯਤਨ ਸਫਲ ਹੁੰਦੇ ਹਨ। ਨਵਜਾਤ ਲੱਤਾ 'ਤੇ ਤੁਰਨ ਦਾ ਯਤਨ ਕਰਦਾ ਹੈ ਪਰ ਸਿਰ ਭਾਰ ਡਿਗਦਾ ਹੈ। ਉਨ੍ਹਾਂ ਦੋਹਾਂ ਦਾ ਯਤਨ ਜਾਰੀ ਹੈ। ਇਸ ਸਾਰੇ ਸਮੇ ਦੌਰਾਨ ਮਾ ਦੇ ਅੰਦਰੋ ਖੂਨ ਪੈਦਾ ਰਹਿੰਦਾ ਹੈ। ਕੋਈ ਦੋ ਘੰਟੇ ਪਿਛੋ ਉਹ ਜੇਰ ਸੁੱਟਦੀ ਹੈ। ਸੁੰਡ ਨਾਲ ਇਸਨੂੰ ਬਾਹਰ ਖਿੱਚਦੀ ਹੈ ਤੇ ਇਸਦਾ ਬਾਹਰੀ ਭਾਗ ਨਿਗਲ

ਜਾਂਦੀ ਹੈ ਅਤੇ ਬਾਕੀ ਛੱਡ ਦਿੰਦੀ ਹੈ।

ਜਿਉਂ ਹੀ ਬੱਚਾ ਆਪਣੇ ਪੈਰਾਂ ਤੇ ਖੜ੍ਹਾ ਹੋਣ ਦੇ ਯੋਗ ਹੋਇਆ, ਦੂਜੇ ਬੱਚੇ ਨੇ ਕਿਲਕਾਰੀ ਮਾਰੀ ਅਤੇ ਉਹ ਵੀ ਆਪਣੇ ਰਾਹ ਪੈ ਗਿਆ।

ਇਹ ਗੱਲ ਵੇਖਣ ਵਿਚ ਆਈ ਹੈ ਕਿ ਜਦੋਂ ਹਾਥੀਆਂ ਨੂੰ ਕਾਬੂ ਕਰੀ ਰੱਖੋ ਤਾਂ ਇਹਨਾਂ ਦੇ ਬੱਚੇ ਵੀ ਘੱਟ ਪੈਦਾ ਹੁੰਦੇ ਹਨ। ਯੂਰਪ ਵਿਚ ਕਿਸੇ ਫੜੇ ਗਏ ਅਫ਼ਰੀਕੀ ਹਾਥੀ ਵਲੋਂ ਕਦੇ ਕੋਈ ਬੱਚਾ ਪੈਦਾ ਨਹੀਂ ਕੀਤਾ ਗਿਆ। ਭਾਰਤੀ ਹਾਥੀ ਵਲੋਂ ਪਹਿਲੀ ਵਾਰ ਲੰਡਨ ਦੇ ਚਿੜੀਆਘਰ ਵਿਚ 1903 ਵਿਚ ਇਕ ਬੱਚਾ ਪੈਦਾ ਕੀਤਾ ਗਿਆ ਸੀ। ਹਥਣੀ ਪਹਿਲਾਂ ਕਿਸੇ ਸਰਕਸ ਵਿਚ ਹੁੰਦੀ ਸੀ। ਬਦਕਿਸਮਤੀ ਨਾਲ ਇਹ ਬੱਚਾ ਥੋੜ੍ਹਾ ਹੀ ਸਮਾਂ ਜਿਉਂਦਾ ਰਿਹਾ। ਅਜੇ ਵੀ ਇਸਦਾ ਢਾਂਚਾ ਦੱਖਣੀ ਕੈਨਸਿੰਗਟਨ ਵਿਚਲੇ ਲੰਡਨ ਨੈਚੂਰਲ ਹਿਸਟਰੀ ਮਿਊਜ਼ੀਅਮ ਵਿਚ ਪਿਆ ਦੇਖਿਆ ਜਾ ਸਕਦਾ ਹੈ। ਇਕ ਹੋਰ ਬੱਚਾ ਕਾਪਨਹੈਗਨ ਦੀ ਜਾਰਡਿਨ ਡੀਅਕਲੀਮੇਸ਼ਨ ਵਿਚ ਜੰਮਿਆ ਸੀ। ਇਨ੍ਹਾ ਹੀ ਮਾਪਿਆਂ ਨੂੰ ਇਕ ਹੋਰ ਬੱਚਾ 1907 ਵਿਚ ਵੀ ਜੰਮਿਆ ਸੀ।

ਹਥਣੀ ਮਾਂ ਦੇ ਗਰਭ ਦੇ ਸਮੇਂ ਬਾਰੇ ਕੋਈ ਪੱਕਾ ਪਤਾ ਨਹੀਂ। ਅਕਬਰ ਦੇ ਵੇਲੇ ਤਾਂ ਇਹ ਚੰਨ ਦੇ 18 ਮਹੀਨੇ ਮੰਨਿਆ ਜਾਂਦਾ ਸੀ। ਹੁਣ ਦੇ ਅਨੁਮਾਨ ਅਨੁਸਾਰ ਬੱਚੇ ਲਈ 22 ਮਹੀਨੇ ਅਤੇ ਬੱਚੀ ਲਈ 20 ਮਹੀਨੇ ਹੁੰਦਾ ਹੈ। ਹਾਥੀ ਪਾਲਣ ਵਾਲੇ ਇਸ ਬਾਰੇ ਵੱਖ ਵੱਖ ਰਾਵਾਂ ਦਿੰਦੇ ਹਨ। ਉਹਨਾਂ ਦੇ ਹਿਸਾਬ ਨਾਲ ਇਹ 17 ਮਹੀਨੇ ਤੋਂ 2 ਸਾਲ ਤੱਕ ਦਾ ਹੈ। ਹਥਣੀਆ 30 ਮਹੀਨਿਆ ਪਿਛੋਂ ਨੇਮ ਨਾਲ ਗਰਭਿਤ ਹੁੰਦੀਆਂ ਰਹਿੰਦੀਆਂ ਹਨ।

ਆਮ ਕਰਕੇ ਇਕ ਸੂਏ ਵਿਚ ਇਕ ਹੀ ਬੱਚਾ ਪੈਦਾ ਹੁੰਦਾ ਹੈ। ਕਦੀ ਕਿਤੇ ਜੌੜੇ ਵੀ ਹੋ ਜਾਂਦੇ ਹਨ ਪਰ ਬਹੁਤ ਘੱਟ। ਨਵਜਾਤ 83 ਸੈਂਟੀਮੀਟਰ ਉੱਚਾ ਅਤੇ 90 ਕਿਲੋਗ੍ਰਾਮ ਭਾਰਾ ਹੁੰਦਾ ਹੈ।

26 ਅਕਤੂਬਰ 1961 ਨੂੰ ਬਰਮਾ ਵਿਚ ਇਕ ਹਥਣੀ ਨੇ ਜੌੜੇ ਬੱਚਿਆਂ ਨੂੰ ਜਨਮ ਦਿੱਤਾ। ਪਹਿਲਾ ਨਰ ਸੀ ਅਤੇ ਸਵੇਰੇ 6.30 ਵਜੇ ਜੰਮਿਆ ਸੀ, ਦੂਜਾ ਜੋ ਤਿੰਨ ਘੰਟਿਆਂ ਪਿਛੋਂ ਜੰਮਿਆ ਉਹ ਮਾਦਾ ਸੀ। ਬੱਚੇ ਦੀ ਮੋਢੇ ਤੱਕ ਦੀ ਉਚਾਈ 83 ਸੈਂਟੀਮੀਟਰ ਸੀ ਅਤੇ ਬੱਚੀ ਦੀ 80 ਸੈਂਟੀਮੀਟਰ। ਉਸੇ ਹਥਣੀ ਨੇ 1959 ਵਿਚ ਵੀ ਬੱਚਾ ਦਿੱਤਾ ਸੀ। ਏਨੇ ਥੋੜ੍ਹੇ ਸਮੇਂ ਪਿਛੋ ਬੱਚੇ ਜੰਮਣਾ ਵੀ ਅਨੋਖੀ ਗੱਲ ਸੀ।

ਸਿਆਮ ਜਿਸ ਨੂੰ ਹੁਣ ਥਾਈ ਵਜੋਂ ਜਾਣਿਆ ਜਾਂਦਾ ਹੈ, ਵਿਚ 27 ਅਕਤੂਬਰ 1913 ਨੂੰ ਇਕ ਹਥਣੀ ਨੇ ਇਕੱਠੇ ਤਿੰਨ ਬੱਚਿਆਂ ਨੂੰ ਵੀ ਜਨਮ ਦਿੱਤਾ ਸੀ। ਇਹ ਸਾਰੇ ਨਰ ਸਨ। ਇਕ ਤਾਂ ਮੁਰਦਾ ਜੰਮਿਆ, ਦੂਜਾ ਅਤਿ ਛੋਟਾ ਅਤੇ ਤੀਜਾ ਠੀਕ ਸੀ। ਪਹਿਲੇ ਦੋ 8 ਅਤੇ 9 ਨਵੰਬਰ ਨੂੰ ਮਰ ਗਏ। ਉਨ੍ਹਾਂ ਨੂੰ ਪਾਲਣ ਦਾ ਹਰ ਸੰਭਵ ਯਤਨ ਕੀਤਾ ਗਿਆ ਪਰ ਮਾਂ ਨੇ ਉਹਨਾਂ ਵੱਲ ਧਿਆਨ ਨਾ ਦਿੱਤਾ। ਉਸਨੇ ਉਨ੍ਹਾਂ ਨੂੰ ਦੁੱਧ ਵੀ ਨਾ ਪਿਆਇਆ। ਜਦੋਂ ਉਹ ਉਸ ਕੋਲ ਜਾਂਦੇ ਉਹ ਅੱਗੇ ਤੁਰ ਪੈਂਦੀ। ਜਦੋਂ ਉਸਦੇ ਸੰਗਲ ਖੋਲੇ ਗਏ ਉਹ ਬੱਚਿਆ ਨੂੰ ਛੱਡ

ਕੇ ਹੀ ਤੁਰ ਪਈ। ਹਥਣੀ ਦੀ ਉਚਾਈ 2 ਮੀਟਰ ਅਤੇ ਉਸਦੀ ਉਮਰ 25 ਸਾਲ ਸੀ। ਉਸਦੇ ਮਾਲਕਾਂ ਅਨੁਸਾਰ ਸ਼ਾਇਦ ਇਹ ਉਸਦਾ ਪਹਿਲਾ ਹੀ ਸੂਆ ਸੀ।

੧੦ ਜਨਮ ਵੇਲੇ ਬੱਚਾ ਨਮਰ ਵਾਲਾਂ ਦੇ ਇਕ ਗਲੇਫ਼ ਜਿਹੇ ਵਿਚ ਢੱਕਿਆ ਹੁੰਦਾ ਹੈ ਅਤੇ ਸੁੰਡ ਨਾਲ ਕੁਝ ਨਹੀ ਕਰ ਸਕਦਾ। ਕੁਝ ਮਹੀਨੇ ਤਾਂ ਸਾਹ ਲੈਣ ਲਈ ਵੀ ਇਹ ਮੂੰਹ ਦੀ ਹੀ ਵਰਤੋਂ ਕਰਦਾ ਹੈ। ਹਥਣੀਆਂ ਦੇ ਥਣ ਅਗਲੀਆਂ ਲੱਤਾਂ ਵਿਚਕਾਰ ਹੁੰਦੇ ਹਨ। ਜਦੋਂ ਬੱਚਾ ਡਰ ਜਾਂਦਾ ਹੈ ਤਾਂ ਉਹ ਆਪਣੀ ਮਾਂ ਦੇ ਸੁੰਡ ਪਿੱਛੇ ਲੁਕਦਾ ਹੈ।

੧੧ ਹਥਣੀਆਂ ਦੋ ਸਾਲ ਵਾਸਤੇ ਬੱਚੇ ਨੂੰ ਦੁਧ ਚੁੰਘਾਉਂਦੀਆਂ ਹਨ। ਅਬੁੱਲ ਫ਼ਜ਼ਲ ਤਾਂ ਇਸ ਸਮੇਂ ਨੂੰ ਪੰਜ ਸਾਲ ਦੱਸਦਾ ਹੈ। ਜਦੋਂ ਬੱਚੇ ਨੂੰ ਘਾਹ ਚੱਬਦਿਆਂ ਵੇਖ ਕੇ ਕੁਝ ਲੋਕ ਅੰਦਾਜ਼ਾ ਲਾਉਂਦੇ ਹਨ ਕਿ ਹੁਣ ਇਸਨੂੰ ਹੋਰ ਠੋਸ ਖ਼ੁਰਾਕ ਤੇ ਲਾਇਆ ਜਾ ਸਕਦਾ ਹੈ, ਉਹ ਇਹ ਨਹੀਂ ਜਾਣਦੇ ਕਿ ਅਗਲੇ ਸੂਏ ਤੱਕ ਬੱਚੇ ਨੂੰ ਮਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਆਸਾਮ ਵਿਚ ਇਕ ਹਥਣੀ ਨੇ ਇਕ ਪਿਛੋਂ ਇਕ ਕਰਕੇ ਤਿੰਨ ਬੱਚਿਆਂ ਨੂੰ ਜਨਮ ਦਿੱਤਾ। ਇਹ ਸੱਚ ਹੈ ਕਿ ਸਭ ਤੋਂ ਛੋਟੇ ਦੀ ਹੀ ਵਧੇਰੇ ਪੌਰਖ, ਸਾਂਭ ਸੰਭਾਲ ਹੋਈ।

੧੨ ਜੇ ਕਿਧਰੇ ਘੇਰੇ ਵਿਚ ਆ ਕੇ ਬੱਚਾ ਮਾਂ ਤੋਂ ਵੱਖਰਾ ਹੋ ਕੇ ਫੜਿਆ ਜਾਵੇ ਤਾਂ ਉਸ ਦੀ ਪਾਲਣਾ ਬੜੀ ਹੀ ਔਖੀ ਹੋ ਜਾਦੀ ਹੈ। ਇਹ ਮਹਿੰਗੀ ਵੀ ਰਹਿੰਦੀ ਹੈ। ਬਹੁਤ ਸਾਰੀ ਮਿਹਨਤ ਅਤੇ ਕੁਝ ਕਿਸਮਤ ਵੀ ਚਾਹੀਦੀ ਹੈ ਕਿ ਇਹ ਮਰਨ ਤੋਂ ਬਚਿਆ ਰਹੇ। ਦੂਜੇ ਪਾਸੇ ਇਹ ਵੀ ਹੈ ਕਿ ਇਸਨੂੰ ਜੰਗਲ ਵਿਚ ਆਪਣੇ ਬਚਾਓ ਲਈ ਛੱਡਿਆ ਨਹੀਂ ਜਾ ਸਕਦਾ। ਇੰਜ ਤਾ ਉਹ ਚੀਤਿਆਂ ਦੇ ਰਹਿਮ 'ਤੇ ਹੀ ਰਹੇਗਾ। ਜੇ ਇਸ ਨੂੰ ਦੂਰ ਲਿਜਾਇਆ ਜਾਵੇ ਤਾਂ ਇਸਦੇ ਬਚਣ ਦੇ ਮੌਕੇ ਵਧੇਰੇ ਹੁੰਦੇ ਹਨ ਕਿਉਂਕਿ ਰੱਖਣ ਵਾਲੇ ਛੇਤੀ ਹੀ ਇਸਨੂੰ ਪਿਆਰ ਕਰਨਾ ਸਿੱਖ ਜਾਂਦੇ ਹਨ।

੧੩ ਇਕ ਵਾਰ ਜਦੋਂ ਆਸਾਮ ਦੇ ਚਾਹ ਦੇ ਬਾਗਾਂ ਵਾਲਾ ਫ਼ਰੈਂਕ ਨਿਕੋਲਸ ਆਪਣੇ ਹਾਥੀ 'ਤੇ ਸਵਾਰ ਜੰਗਲ ਵਿਚੋਂ ਲੰਘ ਰਿਹਾ ਸੀ ਤਾਂ ਇਕ ਜੰਗਲੀ ਹਥਣੀ ਨੇ ਆਪਣੀ ਸੁੰਡ ਉਸਦੇ ਹਾਥੀ ਦੇ ਸਿਰ 'ਤੇ ਅਚਾਨਕ ਆ ਰੱਖੀ। ਉਹ ਨਾ ਤਾ ਹਾਥੀ ਤੋਂ ਡਰੀ ਅਤੇ ਨਾ ਹੀ ਇਸਦੇ ਸਵਾਰ ਤੋਂ। ਛੇਤੀ ਹੀ ਇਹ ਗੱਲ ਸਪਸ਼ਟ ਹੋ ਗਈ ਕਿ ਉਹ ਸਹਾਇਤਾ ਚਾਹੁੰਦੀ ਸੀ। ਉਹ ਉਹਦੇ ਪਿਛੇ ਤੁਰ ਪਏ ਅਤੇ ਛੇਤੀ ਹੀ ਉਸ ਥਾਂ ਪੁੱਜ ਗਏ ਜਿਥੇ ਇਕ ਬੱਚਾ ਪਿਆ ਸੀ ਜਿਸ ਦੀ ਲੱਤ ਦਾ ਹੇਠਲਾ ਜੋੜ ਕਿਸੇ ਚੀਤੇ ਵਲੋਂ ਤੋੜਿਆ ਪਿਆ ਸੀ।

੧੪ ਪੀ ਡੀ ਸਟਰੇਸੀ ਨੇ ਇਕ ਵਾਰ ਜੰਗਲ ਵਿਚ ਇਕ ਹਾਥੀ ਦਾ ਬੱਚਾ ਵੇਖਿਆ ਜੋ ਚੀਤੇ ਦੇ ਹਮਲੇ ਕਾਰਣ ਆਪਣੀ ਮਾਂ ਨਾਲੋਂ ਵਿੱਛੜ ਗਿਆ ਸੀ। ਇਸਦੀਆਂ ਪਿਛਲੀਆ ਲੱਤਾਂ ਬਹੁਤ ਜ਼ਖ਼ਮੀ ਸਨ, ਉਹ ਲੰਗੜਾ ਕੇ ਤੁਰਦਾ ਸੀ ਅਤੇ ਬਿਮਾਰ ਸੀ। ਇਸੇ ਹੀ ਘਬਰਾਹਟ ਵਿਚ ਉਹ ਰੇਲਵੇ ਗੈਂਗਮੈਨਾਂ ਦੇ ਕਵਾਟਰਾ ਵੱਲ ਆ ਗਿਆ। ਸ਼ਾਇਦ ਉਸਨੇ ਇਹ ਮਹਿਸੂਸ ਕੀਤਾ ਕਿ

ਇਥੇ ਉਸਨੂੰ ਖਾਣ ਨੂੰ ਵੀ ਮਿਲੇਗਾ ਅਤੇ ਉਹਦੀ ਰਖਵਾਲੀ ਵੀ ਕੀਤੀ ਜਾਵੇਗੀ।

ਜੰਗਲੀ ਹਾਥੀਆਂ ਦੇ ਬੱਚੇ ਅਕਸਰ ਝੁੰਡ ਨੂੰ ਛੱਡ ਕੇ ਕੋਲੋਂ ਲੰਘਦੇ ਪਾਲਤੂ ਹਾਥੀ ਪਿੱਛੇ ਤੁਰ ਪੈਂਦੇ ਹਨ। ਉਹ ਏਨੇ ਭੋਲੇ ਹੁੰਦੇ ਹਨ ਕਿ ਆਪਣੇ ਪਰਿਵਾਰ ਅਤੇ ਓਪਰੇ ਵਿਚਲੇ ਫ਼ਰਕ ਨਹੀਂ ਸਮਝਦੇ।

21 ਮਈ 1968 ਨੂੰ ਕੋਈ ਪੰਜ ਵਜੇ ਸ਼ਾਮ ਨੂੰ ਅਸੀਂ ਜੰਗਲ ਵਿਚ ਜਾ ਰਹੇ ਸਾਂ ਜਦ ਸਾਨੂੰ ਪਹਿਲਾ ਜਾਨਵਰ ਇਕ ਹਥਣੀ ਮਿਲੀ। ਉਸਦੇ ਮਗਰ ਇਕ ਬੱਚਾ ਸੀ ਜੋ ਇਕ ਸਾਲ ਤੋਂ ਵੱਧ ਉਮਰ ਦਾ ਨਹੀਂ ਸੀ। ਸਹਿਜੇ ਸਹਿਜੇ ਅਸੀਂ ਉਸਦੇ ਨੇੜੇ ਹੁੰਦੇ ਗਏ ਅਤੇ ਹੁਣ ਕੇਵਲ 30 ਮੀਟਰ ਹੀ ਦੂਰ ਰਹਿ ਗਏ। ਉਸਨੇ ਸਾਨੂੰ ਵੇਖਿਆ ਅਤੇ ਦੌੜ ਪਈ। ਪਰ ਬੱਚਾ ਉਹਦੇ ਪਿਛੇ ਜਾਣ ਦੀ ਬਜਾਇ ਸਾਡੇ ਵੱਲ ਤੁਰ ਪਿਆ। ਉਸਨੇ ਆਪਣੀ ਸੁੰਡ ਚੁੱਕੀ ਅਤੇ ਸਾਡੇ ਵਾਲੀ ਹਥਣੀ ਨੂੰ ਜੀ ਆਇਆ ਕਹਿਣ ਲੱਗਾ। ਉਸਨੇ ਤਾਂ ਇਹੀ ਸੋਚਿਆ ਹੋਵੇਗਾ ਕਿ ਸਾਡੇ ਵਾਲੀ ਹਥਣੀ ਵੀ ਉਸੇ ਹੀ ਝੁੰਡ ਵਿਚੋਂ ਸੀ। ਕਾਫ਼ੀ ਸਮੇਂ ਪਿਛੋਂ ਹੀ ਉਸਨੇ ਆਪਣੀ ਮਾਂ ਵੱਲ ਨੂੰ ਰੁਖ਼ ਕੀਤਾ।

ਇਕ ਵਾਰ ਸਟਰੇਸੀ ਨੇ ਇਕ ਝੁੰਡ ਨੂੰ ਸਾਲ ਦੇ ਖੁਲ੍ਹੇ ਜੰਗਲ ਵਿਚ ਚੁੱਗਦਾ ਵੇਖਿਆ। ਉਸਨੇ ਚੰਗੀ ਤਰ੍ਹਾਂ ਵੇਖਣ ਲਈ ਆਪਣੇ ਆਪ ਨੂੰ ਥਾ ਸਿਰ ਕੀਤਾ ਜਿਥੋਂ ਉਹ ਉਹਨਾਂ ਨੂੰ ਨਾ ਦਿੱਸੇ, ਇਸ ਨਾਲ ਕਿਤੇ ਉਹ ਚਿੜ੍ਹ ਹੀ ਨਾ ਜਾਣ। ਕੁਝ ਸਮੇਂ ਪਿਛੋਂ ਜਦੋਂ ਉਹ ਵਾਪਸ ਪਰਤਣ ਲੱਗਾ ਤਾ ਉਸਨੇ ਵੇਖਿਆ ਕਿ ਉਸਦੇ ਹਾਥੀ ਪਿਛੇ ਇਕ ਬੱਚਾ ਲੱਗਾ ਆ ਰਿਹਾ ਸੀ। ਉਸਦੀ ਉਚਾਈ ਕੋਈ 120 ਸੈਂਟੀਮੀਟਰ ਸੀ। ਇਹ ਝੁੰਡ ਤੋ ਕੋਈ 100 ਮੀਟਰ ਲਾਭੇ ਆ ਗਿਆ ਸੀ। ਘੜੀ ਮੁੜੀ ਉਹ ਆਪਣੀ ਨਿੱਕੀ ਜਿਹੀ ਸੁੰਡ ਵਧਾ ਕੇ ਪਾਲਤੂ ਹਾਥੀ ਨੂੰ ਸੁੰਘਦਾ। ਸਟਰੇਸੀ ਨੇ ਹਾਥੀ ਨੂੰ ਰੋਕਿਆ ਜਿਸਨੇ ਬੱਚੇ ਦੇ ਆਉਣ ਦਾ ਬੁਰਾ ਨਹੀਂ ਮਨਾਇਆ ਸੀ ਸਗੋਂ ਉਸਨੇ ਸੁੰਡ ਵਧਾ ਕੇ ਬੱਚੇ ਨੂੰ ਪਿਆਰ ਕੀਤਾ। ਜੇ ਚਾਹੁੰਦਾ ਤਾਂ ਸਟਰੇਸੀ ਇਸ ਬੱਚੇ ਨੂੰ ਕਿਸੇ ਔਕੜ ਤੋਂ ਬਿਨਾਂ ਆਪਣੇ ਨਾਲ ਲਿਆ ਸਕਦਾ ਸੀ। ਪਰ ਉਸਨੇ ਇਸਨੂੰ ਪਾਲਣ ਦੀਆਂ ਮੁਸ਼ਕਲਾ ਵੇਖ ਕੇ ਪਰ੍ਹੇ ਕਰ ਦਿੱਤਾ।

120 ਸੈਟੀਮੀਟਰ ਤੋਂ ਘੱਟ ਦੇ ਬੱਚੇ ਨੂੰ ਨਾ ਫੜਨਾ ਸਦਾ ਹੀ ਚੰਗਾ ਹੁੰਦਾ ਹੈ। ਜੇਕਰ ਇਸਨੂੰ ਜੰਗਲ ਵਿਚ ਇਸਦੀ ਮਾਂ ਨਾਲ ਜਾ ਝੁੰਡ ਨਾਲ ਛੱਡਣਾ ਹੋਵੇ ਤਾਂ ਵੀ ਉਸਦਾ ਪਿੱਛਾ ਕਰਕੇ ਵੇਖਦੇ ਰਹਿਣਾ ਚਾਹੀਦਾ ਹੈ।

ਜਦੋਂ ਹਾਥੀ ਦੇ ਬੱਚੇ ਨੂੰ ਗਾ ਜਾਂ ਮੱਝ ਦਾ ਦੁੱਧ ਚੁੰਘਾਇਆ ਜਾਂਦਾ ਹੈ ਤਾ ਉਸਦਾ ਹਾਜ਼ਮਾ ਖ਼ਰਾਬ ਹੋ ਜਾਂਦਾ ਹੈ ਅਤੇ ਵਾਧਾ ਰੁਕ ਜਾਂਦਾ ਹੈ। ਤਦ ਆਂਡਿਆ ਵਿਚੋਂ ਐਲਬਿਊਮਿਨ, ਕੈਲਸ਼ੀਅਮ ਅਤੇ ਵਿਟਾਮਿਨ ਦੇ ਕੇ ਇਸ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਬਿਹਾਰ ਵਿਚ ਤਾਂ ਪਸ਼ੂ ਪਾਲਕ ਦੁੱਧ ਦੇ ਨਾਲ ਗੁੜ ਵਾਲੀ ਪਤਲੀ ਖੀਰ ਵੀ ਦੇਣ ਲਈ ਕਹਿੰਦੇ ਹਨ। ਇਸ ਨੂੰ ਉਹਦੇ ਮੂੰਹ ਵਿਚ ਬਾਸ ਦੀ ਨਾਲ ਰਾਹੀਂ ਪਿਲਾਇਆ-ਖੁਆਇਆ ਜਾਂਦਾ ਹੈ।

ਇਕ ਵਾਰ ਆਸਾਮ ਵਿਚ ਗੀ ਨੇ ਹਾਥੀ ਦਾ ਇਕ ਬੱਚਾ ਪਾਲਣ ਦੀ ਕੋਸਿਸ ਕੀਤੀ। ਜਦੋਂ ਇਸਨੂੰ ਫੜਿਆ ਗਿਆ ਉਦੋਂ ਇਹ 96 ਸੈਂਟੀਮੀਟਰ ਉੱਚਾ ਸੀ ਅਤੇ ਲਗਭਗ ਪੰਜਾਂ ਮਹੀਨਿਆਂ ਦਾ ਸੀ। ਗੀ ਨੇ ਇਸਨੂੰ ਕੋਈ ਡੇਢ ਮਹੀਨਾ ਰਖਿਆ। ਉਹ ਇਸਨੂੰ ਗਾਂ ਦੇ ਦੁੱਧ ਵਿਚ ਚੌਥਾ ਹਿੱਸਾ ਪਾਣੀ ਪਾ ਕੇ ਪਿਲਾਉਂਦਾ ਰਿਹਾ। ਹਰ ਰੋਜ਼ ਉਹ ਚੌਲਾ ਅਤੇ ਦਾਲਾਂ ਦੀ ਖੀਰ ਵੀ ਖੁਆਉਂਦਾ ਰਿਹਾ। ਉਹ ਹੁਣ ਹਰੇ ਪੱਤੇ ਵੀ ਚੱਬਣ ਲੱਗ ਪਿਆ ਅਤੇ ਖੀਰ ਨੂੰ ਬਹੁਤ ਪਸੰਦ ਕਰਦਾ। ਫਿਰ ਉਸਨੂੰ ਲੰਡਨ ਭੇਜ ਦਿੱਤਾ ਗਿਆ। ਹਵਾਈ ਜਹਾਜ਼ ਵਿਚ ਉਸਨੂੰ ਡੱਬੇ ਦਾ ਦੁੱਧ ਅਤੇ ਮੱਕੀ ਦੇ ਦੋਧੇ ਖਵਾਏ ਗਏ। ਲੰਡਨ ਵਿਚ ਇਹੋ ਜਿਹਾ ਭੋਜਨ ਤਿਆਰ ਕੀਤਾ ਗਿਆ ਜਿਸ ਵਿਚ ਹਰ ਪੱਖੋਂ ਹਥਣੀ ਦੇ ਦੁੱਧ ਬਰਾਬਰ ਖ਼ੁਰਾਕੀ ਤੱਤ ਸਨ। ਕੋਈ ਛੇ ਮਹੀਨੇ ਪਿਛੋਂ ਇਸਨੇ ਕਾਫ਼ੀ ਸਾਰੀ ਠੋਸ ਖ਼ੁਰਾਕ ਲੈਣੀ ਆਰੰਭ ਕਰ ਦਿੱਤੀ, ਹਾਲਾਂਕਿ ਅਜੇ ਵੀ ਤਰਲ ਖ਼ੁਰਾਕ ਉਹਦੇ ਲਈ ਚੰਗੀ ਸੀ।

ਹਥਣੀਆਂ ਵਿਚ ਜਣੇਪੇ ਦੀ ਕਮਜ਼ੋਰੀ ਬਹੁਤਾ ਚਿਰ ਨਹੀ ਰਹਿੰਦੀ ਪਰ ਤਾ ਵੀ ਮਾ ਹਥਣੀ ਤਿੰਨ ਮਹੀਨੇ ਤੱਕ ਬਾਹਰ ਚੁਗਣ ਵਾਸਤੇ ਨਹੀਂ ਜਾਂਦੀ।

ਹਥਣੀ ਬੱਚੇ ਨੂੰ ਬਹੁਤ ਪਿਆਰ ਕਰਦੀ ਹੈ। ਝੁੰਡ ਦੇ ਹੋਰ ਜਾਨਵਰ ਵੀ ਬੱਚੇ ਦਾ ਧਿਆਨ ਰੱਖਦੇ ਹਨ। ਚੁਗਦਾ ਹੋਇਆ ਜਾ ਸੁੱਤਾ ਹੋਇਆ ਉਹ ਮਾ ਹਥਣੀ ਜਾਂ ਕਿਸੇ ਵੱਡੇ ਹਾਥੀ ਦੀ ਨਿਗਰਾਨੀ ਹੇਠ ਰਹਿੰਦਾ ਹੈ। ਪਰ ਹਾਥੀ ਜਦੋਂ ਕਾਬੂ ਕਰ ਲਏ ਜਾਣ ਤਾ ਆਪਣਾ ਗੁੱਸਾ ਬੱਚਿਆ 'ਤੇ ਕੱਢਦੇ ਹਨ। ਜੇ ਕਿਤੇ ਜਾਨ 'ਤੇ ਬਣੀ ਹੋਵੇ ਅਤੇ ਕੋਈ ਬੱਚਾ ਅੱਗੇ ਆ ਜਾਵੇ ਤਾ ਵੱਡਾ ਹਾਥੀ ਉਸਨੂੰ ਪਰ੍ਹੇ ਸੁੱਟਦਾ ਹੈ ਤੇ ਬੇਸਬਰੀ ਵਿਚ ਕਈ ਵਾਰ ਮਾਰਨ ਤੱਕ ਵੀ ਜਾਂਦਾ ਹੈ। ਉੱਤਰ ਰਾਮਚਰਿਤ ਵਿਚ ਭਵਭੂਤੀ ਨੇ ਬੱਚੇ ਉਤੇ ਆਵਾਰਾ ਹਾਥੀ ਦੇ ਹੱਲੇ ਦਾ ਜ਼ਿਕਰ ਕੀਤਾ ਹੇ। ਸੀਤਾ ਨੇ ਇਹ ਬੱਚਾ ਪਾਲਿਆ ਸੀ ਅਤੇ ਇਸਨੂੰ ਪੁੱਤਰਾਂ ਵਾਗ ਪਿਆਰ ਕਰਦੀ ਸੀ। ਇਕ ਵਾਰ ਜਦੋ ਇਹ ਬੱਚਾ ਪਾਣੀ ਵਿਚ ਖੇਡ ਰਿਹਾ ਸੀ ਤਾ ਆਵਾਰਾ ਹਾਥੀ ਨੇ ਇਸ 'ਤੇ ਧਾਵਾ ਬੋਲ ਦਿੱਤਾ। ਸੀਤਾ ਨੇ ਉਸ ਵੇਲੇ ਰਾਮ ਨੂੰ ਆਵਾਜ਼ ਦਿੱਤੀ, ਮੇਰੇ ਮਾਲਕ, ਮੇਰੇ ਬੱਚੇ ਨੂੰ ਬਚਾ ਲਉ।

ਮੈਂ ਇਹ ਵੀ ਵੇਖਿਆ ਹੈ ਕਿ ਕਿਸੇ ਖ਼ਤਰੇ ਵੇਲੇ ਜਾ ਘਬਰਾਹਟ ਵਿਚ ਹਥਣੀ ਬੱਚੇ ਨੂੰ ਛੱਡ ਵੀ ਸਕਦੀ ਹੈ। ਜੇ ਖ਼ਤਰਾ ਘੱਟ ਹੋਵੇ ਤਾਂ ਉਹ ਭੱਜਣ ਵੇਲੇ ਉਸਨੂੰ ਨਾਲ ਲੈ ਜਾਵੇਗੀ, ਆਪਣੇ ਸੁੰਡ ਨਾਲ ਧੱਕਦੀ ਅਤੇ ਰਾਹ ਦੱਸਦੀ ਉਦੋ ਤੱਕ ਦੌੜੀ ਜਾਵੇਗੀ ਜਦ ਤੱਕ ਕਿ ਉਸਨੂੰ ਖ਼ਤਰੇ ਤੋਂ ਬਾਹਰ ਹੋ ਜਾਣ ਦਾ ਭਰੋਸਾ ਨਹੀਂ ਹੋ ਜਾਦਾ।

ਜੇ ਦੁੱਧ ਚੁੰਘਾਉਦੀ ਹਥਣੀ ਨੂੰ ਔਖੇ ਕੰਮ ਲਾ ਦਈਏ ਜਾਂ ਸਿਧਾਉਣਾ ਸ਼ੁਰੂ ਕਰ ਦਈਏ ਤਾ ਉਹਦਾ ਦੁੱਧ ਸੁੱਕ ਜਾਂਦਾ ਹੈ। ਇਸ ਦੇ ਸਿੱਟੇ ਵਜੋ ਬੱਚੇ ਨਾਲ ਉਸਦਾ ਪਿਆਰ ਵੀ ਘਟਣਾ ਸ਼ੁਰੂ ਹੋ ਜਾਦਾ ਹੈ। ਇਸ ਕਰਕੇ ਜਿਉ ਹੀ ਬੱਚਾ ਚਾਰੇ ਜਾਂ ਅਨਾਜ ਤੇ ਪਲਣ ਯੋਗ ਹੋਵੇ, ਉਸਨੂੰ ਹਥਣੀ ਤੋ ਵੱਖ ਕਰ ਦੇਣਾ ਚਾਹੀਦਾ ਹੈ।

ਜਾਮਗੁੜੀ ਦੇ ਜੰਗਲਾਤ ਵਿਭਾਗ ਵਿਚ ਇਕ ਵਾਰ ਦੋ ਹਾਥੀ ਹੁੰਦੇ ਸਨ ਜਿਨ੍ਹਾ ਦੇ ਨਾਂ ਸਨ ਦੇਵਕਲੀ ਅਤੇ ਪਾਰਵਤੀ। ਉਹ ਕ੍ਰਮਵਾਰ 225 ਅਤੇ 220 ਸੈਂਟੀਮੀਟਰ ਉੱਚੇ ਸਨ। ਦੇਵਕਲੀ ਨੂੰ ਰਾਖਵੇਂ ਜੰਗਲ ਵਿਚ ਸਵਾਰੀ ਲਈ ਵਰਤਿਆ ਜਾਂਦਾ ਸੀ। 1945 ਵਿਚ ਉਹ ਗੁਆਚ ਗਈ। ਫਿਰ 1949 ਦੇ ਇਕ ਘੇਰੇ ਵਿਚ ਉਹ ਇਕ ਝੁੰਡ ਦੀਆ ਹੋਰ ਹਥਣੀਆਂ ਨਾਲ ਫੜੀ ਗਈ। ਜੰਗਲਾਤ ਵਿਭਾਗ ਨੇ ਉਸਦੀ ਪਛਾਣ ਕਰ ਲਈ ਅਤੇ ਉਹ ਵਿਭਾਗ ਨੂੰ ਵਾਪਸ ਦੇ ਦਿੱਤੀ ਗਈ। ਪਹਿਲੇ ਮਹਾਵਤ ਪਾਸ ਹੀ ਉਸਨੂੰ ਫਿਰ ਕੰਮ 'ਤੇ ਲਾਇਆ ਗਿਆ। 6 ਫ਼ਰਵਰੀ 1953 ਨੂੰ ਉਸਨੇ ਪਾਰਵਤੀ ਨੂੰ ਜਨਮ ਦਿੱਤਾ। ਇਹ ਬੱਚਾ ਕੋਈ ਵੀਹ ਮਹੀਨੇ ਪਹਿਲਾਂ ਕਿਸੇ ਜੰਗਲੀ ਹਾਥੀ ਵਲੋਂ ਦਿੱਤਾ ਗਿਆ ਹੋਵੇਗਾ!

ਹਰ ਸਾਲ ਉਸਦੇ ਮੋਢਿਆਂ ਦੀ ਉਚਾਈ ਅਤੇ ਪੈਰਾਂ ਦੇ ਘੇਰੇ ਦਾ ਮਾਪ ਲੈਂਦਾ। ਉਸਦੇ ਅਧਿਅਨ ਨੇ ਇਹ ਸਿੱਧ ਕੀਤਾ ਕਿ ਭਾਰਤੀ ਹਾਥੀ ਦੀ ਉਚਾਈ ਉਸਦੇ ਪੈਰਾਂ ਦੇ ਘੇਰੇ ਤੋਂ ਦੁੱਗਣੀ ਹੁੰਦੀ ਹੈ।

ਪਾਰਵਤੀ ਦੀ ਵੱਖ ਵੱਖ ਉਮਰ ਵਿਚ ਉਚਾਈ ਦਾ ਵੇਰਵਾ ਇੰਜ ਹੈ

| | |
|---|---|
| ਇਕ ਸਾਲ ਦੀ ਉਮਰ ਵਿਚ | 124 ਸੈਂਟੀਮੀਟਰ |
| ਤਿੰਨ ਸਾਲ ਦੀ ਉਮਰ ਵਿਚ | 155 ਸੈਂਟੀਮੀਟਰ |
| ਸੱਤ ਸਾਲ ਦੀ ਉਮਰ ਵਿਚ | 186 ਸੈਂਟੀਮੀਟਰ |
| ਗਿਆਰਾਂ ਸਾਲ ਦੀ ਉਮਰ ਵਿਚ | 213 ਸੈਂਟੀਮੀਟਰ |
| ਤੇਰਾਂ ਸਾਲ ਦੀ ਉਮਰ ਵਿਚ | 218 ਸੈਂਟੀਮੀਟਰ |

ਤੇਰਾਂ ਸਾਲ ਦੀ ਉਮਰ ਵਿਚ ਉਹ ਮਾਂ ਨਾਲੋਂ ਕੇਵਲ 11 ਸੈਂਟੀਮੀਟਰ ਛੋਟੀ ਸੀ। ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਇਹ ਬੱਚੀ ਜੰਗਲ ਦੇ ਕੁਦਰਤੀ ਹਾਲਾਤ ਵਿਚ ਹੀ ਪਲ ਰਹੀ ਸੀ। ਇਸ ਉਚਾਈ ਦੇ ਆਧਾਰ 'ਤੇ ਫੜੇ ਗਏ ਬੱਚਿਆਂ ਦੀ ਉਮਰ ਦਾ ਅਸੀਂ ਅੰਦਾਜ਼ਾ ਲਾ ਸਕਦੇ ਹਾਂ।

1953 ਦੇ ਇਕ ਘੇਰੇ ਵਿਚ ਪੰਜ ਹਾਥੀਆਂ ਦਾ ਇਕ ਟੱਬਰ ਕਾਬੂ ਕੀਤਾ ਗਿਆ। ਆਮ ਨਜ਼ਰ ਨਾਲ ਵੇਖਿਆਂ ਉਹ ਹੋਰਨਾਂ ਨਾਲੋਂ ਵੱਖਰੇ ਨਹੀਂ ਸਨ ਲੱਗਦੇ। ਫ਼ਿਰ ਪਤਾ ਲੱਗਾ ਕਿ ਉਹ ਤਾਂ ਸਭ ਹਥਣੀਆਂ ਹੀ ਸਨ। ਇਕ ਉਹਨਾਂ ਵਿਚੋਂ ਬਹੁਤ ਵੱਡੀ ਅਤੇ ਦੂਜੀਆਂ ਛੋਟੀਆਂ ਸਨ। ਹੋਰ ਪਤਾ ਇਹ ਲੱਗਾ ਕਿ ਇਹ ਇਕ ਮਾਂ ਅਤੇ ਚਾਰ ਧੀਆਂ ਦਾ ਹੀ ਟੱਬਰ ਸੀ। ਇਹ ਧੀਆਂ ਸਭ ਵੱਖ ਵੱਖ ਉਮਰ ਦੀਆਂ ਸਨ। ਸਭ ਤੋਂ ਵੱਡੀ ਦੇ ਹੱਡ-ਪੈਰ ਠੀਕ ਨਹੀਂ ਸਨ। ਉਹ ਬਹੁਤ ਲਿੱਸੀ ਅਤੇ ਲੰਗੜਾਉਂਦੀ ਸੀ, ਉਸ ਦੀਆਂ ਲੱਤਾਂ ਅਤੇ ਪੂਛ ਟੁੱਟੀਆਂ ਹੋਈਆਂ ਸਨ। ਉਸਦੀ ਉਮਰ 10 ਤੋਂ 15 ਸਾਲ ਦੇ ਵਿਚਕਾਰ ਹੋਵੇਗੀ। ਉਹ ਕੇਵਲ ਮਾਂ ਦੇ ਰਖ ਵਾਲੇ ਪਿਆਰ ਕਰਕੇ ਹੀ ਸ਼ਾਇਦ ਜ਼ਿੰਦਾ ਸੀ। ਉਸਨੂੰ ਅਤੇ ਉਸਦੀ ਮਾਂ ਨੂੰ ਛੱਡ ਦਿਤਾ ਗਿਆ।

ਬਾਕੀ ਤਿੰਨਾਂ ਦੀ ਉਚਾਈ ਮਿਣੀ ਗਈ। ਇਹ 124, 152 ਅਤੇ 187 ਸੈਂਟੀਮੀਟਰ ਦੀਆਂ ਸਨ। ਜੇਕਰ ਪਾਰਵਤੀ ਵਾਲਾ ਉਮਰ ਅਤੇ ਉਚਾਈ ਵਾਲਾ

ਸੂਤਰ ਲਾਗੂ ਕਰੀਏ ਤਾ ਇਹ ਇਕ ਸਾਲ, ਤਿੰਨ ਸਾਲ ਅਤੇ ਸੱਤ ਸਾਲ ਦੀ ਉਮਰ ਦੀਆਂ ਬਣਦੀਆ ਹਨ। ਇਸ ਤੋ ਇਹ ਵੀ ਪਤਾ ਲੱਗਦਾ ਹੈ ਕਿ ਜੰਗਲੀ ਹਾਲਾਤ ਵਿਚ ਹਥਣੀ ਦੇ ਸਾਲ ਪਿਛੋਂ ਵੀ ਸੂ ਪੈਂਦੀ ਹੈ। ਇੰਜ 70 ਸਾਲ ਦੀ ਉਮਰ ਵਾਲੀ ਹਥਣੀ ਤਕਰੀਬਨ 20 ਜਾ ਇਸ ਤੋ ਵੀ ਵੱਧ ਬੱਚੇ ਆਪਣੀ ਉਮਰ ਵਿਚ ਜੰਮ ਸਕਦੀ ਹੈ।

ਇਕ ਵਾਰ ਕੁਝ ਅਫ਼ਰੀਕੀਆਂ ਨੇ ਜੋਸਫ਼ ਡਾਲਮੰਟ[1] ਨੂੰ ਦੱਸਿਆ ਸੀ ਕਿ ਕਿਸੇ ਝੁੰਡ ਵਿਚ ਉਹਨਾਂ ਬਿਨਾਂ ਸੁੰਡ ਵਾਲਾ ਬੱਚਾ ਦੇਖਿਆ ਸੀ। ਇਕ ਗੱਲ ਹੋਰ ਵੀ ਸੀ ਕਿ ਇਸਦਾ ਰੰਗ ਵੀ ਚਿੱਟਾ ਸੀ। ਡਾਲਮੰਟ ਬਹੁਤ ਉਤੇਜਿਤ ਹੋ ਗਿਆ। ਉਸਨੇ ਮਨ ਬਣਾਇਆ ਕਿ ਯਤਨ ਕਰਕੇ ਇਸ ਨੂੰ ਫੜਿਆ ਜਾਵੇ। ਉਸਨੇ ਉਥੋਂ ਦੇ ਹੀ ਛੇ ਬੰਦੇ ਨਾਲ ਲਏ ਅਤੇ ਜੰਗਲ ਨੂੰ ਤੁਰ ਪਿਆ। ਛੇ ਘੰਟੇ ਫਿਰਨ ਪਿਛੋ ਉਹਨਾਂ ਨੇ ਉਸ ਝੁੰਡ ਨੂੰ ਜਾ ਭਾਲਿਆ। ਇਸ ਝੁੰਡ ਵਿਚ 11 ਹਾਥੀ ਸਨ। ਉਹ ਦਰਖਤ ਪੁੱਟ ਪੁੱਟ ਕੇ ਟਾਹਣੀਆ ਅਤੇ ਪੱਤੇ ਖਾ ਰਹੇ ਸਨ। ਇਕ ਬੰਦੇ ਨੇ ਇਕ ਵੱਡੇ ਹਾਥੀ ਵੱਲ ਇਸਾਰਾ ਕੀਤਾ ਜੋ ਕਿ ਇਕ ਬੱਚੇ ਨੂੰ ਲੱਤਾ ਵਿਚ ਸੰਭਾਲੀ ਖੜ੍ਹਾ ਸੀ।

ਜਿੰਨੇ ਬੱਚੇ ਡਾਲਮੰਟ ਨੇ ਵੇਖੇ ਹੋਏ ਸਨ, ਇਹ ਸੱਚੀਂ ਹੀ ਉਹਨਾ ਤੋਂ ਬਹੁਤ ਵੱਖਰਾ ਸੀ। ਇਸਦਾ ਰੰਗ ਬੜਾ ਹਲਕਾ ਜਿਹਾ ਸੀ। ਜਦੋਂ ਇਸ ਨੇ ਬੰਦਿਆਂ ਵਲ ਵੇਖਿਆ ਤਾਂ ਇਹੀ ਲੱਗਾ ਕਿ ਉਸਦੇ ਸੁੰਡ ਨਾਂ ਦੀ ਕੋਈ ਚੀਜ਼ ਨਹੀ। ਉਸਦੇ ਸਿਰ ਦੀ ਸ਼ਕਲ ਦਾ ਸਾਫ਼ ਸਾਫ਼ ਪਤਾ ਨਹੀਂ ਸੀ ਲੱਗਦਾ। ਉਹਨਾ ਆਪਣੀਆ ਦੂਰਬੀਨਾ ਉਸ 'ਤੇ ਕੇਂਦ੍ਰਿਤ ਕਰ ਦਿੱਤੀਆ। ਕੁਝ ਸਮੇਂ ਪਿਛੋ ਉਹਨਾਂ ਨੂੰ ਪਤਾ ਲੱਗਾ ਕਿ ਇਹ ਤਾ ਹਾਥੀ ਦਾ ਬੱਚਾ ਹੀ ਨਹੀ ਸਗੋਂ ਗੈਂਡੇ ਦਾ ਬੱਚਾ ਹੈ।

ਹਥਣੀ ਇਸ ਨਾਲ ਮੋਹ ਕਰਦੀ ਸੀ। ਉਹ ਦੁੱਧ ਵੀ ਚੁੰਘਾਉਂਦੀ ਸੀ। ਚਰਦੀ ਹੋਈ ਉਹ ਇਸਨੂੰ ਸਾਮ੍ਹਣੇ ਰੱਖਦੀ, ਸੁੰਡ ਨਾਲ ਇਸਨੂੰ ਪਿਆਰ ਕਰਦੀ, ਕਦੇ ਵੀ ਆਪਣੀਆਂ ਅੱਖਾ ਤੋਂ ਓਹਲੇ ਨਾ ਹੋਣ ਦਿੰਦੀ। ਇਹ ਕਿਵੇਂ ਹੋਇਆ, ਕੋਈ ਕੁਝ ਨਹੀ ਕਹਿ ਸਕਦਾ। ਇਹ ਤਾ ਕੁਦਰਤ ਦੀ ਹੀ ਕਰਾਮਾਤ ਸੀ। ਹੋ ਸਕਦਾ ਹੇ ਕਿ ਇਹ ਬੱਚਾ ਆਪਣੀ ਅਸਲੀ ਮਾ ਤੋਂ ਵਿੱਛੜ ਗਿਆ ਹੋਵੇ ਅਤੇ ਹੱਥਣੀ ਨੇ ਆਪਣੇ ਮਰੇ ਬੱਚੇ ਦੇ ਭੁਲੇਖੇ ਇਸਨੂੰ ਅਪਣਾ ਲਿਆ ਹੋਵੇ।

## ਸੌਣ ਦੀਆਂ ਆਦਤਾਂ

ਦਿਨ ਦੀ ਗਰਮੀ ਵੇਲੇ ਅੱਧੇ ਦਿਨ ਜਾਂ ਫ਼ਿਰ ਰਾਤ ਨੂੰ ਹਾਥੀ ਥੋੜ੍ਹੇ ਸਮੇਂ ਲਈ ਸੌਣਾ ਪਸੰਦ ਕਰਦੇ ਹਨ। ਉਹ ਲੰਮੇ ਪੈ ਕੇ ਜਾਂ ਉਂਜ ਹੀ ਸੌਂ ਜਾਂਦੇ ਹਨ। ਕਿਸੇ ਸਮੇਂ ਇਹ ਵਿਸ਼ਵਾਸ ਵੀ ਸੀ ਕਿ ਹਾਥੀ ਦੀਆਂ ਲੱਤਾਂ ਵਿਚ ਜੋੜ ਨਹੀਂ ਹੁੰਦੇ, ਜਿਸ ਕਰਕੇ ਇਹ ਲੰਮਾ ਨਹੀ ਪੈ ਸਕਦਾ। ਇਸ ਵਿਸਵਾਸ ਦਾ ਕਾਰਣ ਇਹੀ ਸੀ ਕਿ ਹਾਥੀ ਸੌਣ ਵੇਲੇ ਅਕਸਰ ਲੰਮਾ ਨਹੀਂ ਸੀ ਪੈਂਦਾ। ਫ਼ਰਾਂਸ ਦੇ ਲੂਈ

---

1 Catching Wild Beats Alive. 1931

ਚੌਧਵੇਂ ਕੋਲ ਇਕ ਹਾਥੀ ਹੁੰਦਾ ਸੀ ਜੋ ਪੰਜ ਸਾਲ ਵਿਚ ਕਦੇ ਵੀ ਲੰਮਾ ਨਹੀ ਸੀ ਪਿਆ। ਜਦੋਂ ਉਸਨੇ ਢੌਂਕਾ ਲਾਉਣਾ ਹੁੰਦਾ, ਉਹ ਕੰਧ ਵਿਚ ਕੀਤੀਆਂ ਦੋ ਮੋਰੀਆਂ ਵਿਚ ਆਪਣੇ ਦੰਦ ਫ਼ਸਾ ਲੈਂਦਾ, ਸਿਰ ਦਾ ਭਾਰ ਇਹਨਾਂ ਦੰਦਾ 'ਤੇ ਸੁੱਟ ਕੇ ਸੌਂ ਜਾਂਦਾ। ਕੰਧ ਵਾਲੀਆਂ ਮੋਰੀਆਂ ਵੀ ਉਸਨੇ ਇਸੇ ਕੰਮ ਲਈ ਹੀ ਬਣਾਈਆਂ ਹੋਈਆ ਸਨ।

ਮਈ 1967 ਵਿਚ ਮੈਂ ਹਾਥੀਆ ਦੇ ਸੌਣ ਦੀਆ ਆਦਤਾਂ ਦਾ ਇਕ ਅਧਿਅਨ ਕੀਤਾ। ਉੱਤਰ ਪ੍ਰਦੇਸ਼ ਦੀਆਂ ਪਹਾੜੀਆਂ ਦੇ ਪੈਰਾ ਵਿਚਲੇ ਜੰਗਲ ਵਿੱਚ ਉਦੋ ਬਹੁਤ ਗਰਮੀ ਸੀ। ਸਾਰਾ ਦਿਨ ਲੂ ਚਲਦੀ ਅਤੇ ਪਾਣੀ ਦੇ ਸਰੋਤ ਵੀ ਸੁੱਕੇ ਪਏ ਸਨ। ਸੁਵੱਖਤੇ ਹੀ ਕੋਈ ਦਸ ਵਜੇ ਮੈਂ ਹਾਥੀਆ ਦਾ ਝੁੰਡ ਵੇਖਿਆ। ਇਹ ਜੰਗਲ ਵਿਚੋਂ ਆ ਕੇ ਦਰਖ਼ਤਾ ਦੇ ਪ੍ਰਛਾਵਿਆਂ ਵਿਚ ਹੋ ਰਹੇ ਸਨ। ਛਾ ਵਿਚ ਪਹਿਲਾ ਆਉਣ ਵਾਲਿਆਂ ਵਿਚ ਹਥਣੀਆਂ ਅਤੇ ਬੱਚੇ ਸਨ। 23 ਮਈ 1967 ਵਾਲੇ ਦਿਨ ਮੈਂ ਆਪਣੀ ਕਾਪੀ ਵਿਚ ਇਹ ਗੱਲਾਂ ਨੋਟ ਕੀਤੀਆਂ :

— ਛਾ ਵਿਚ ਲੰਮਾ ਲੈਣ ਵਾਲਾ ਸਭ ਤੋਂ ਪਹਿਲਾ ਸਭ ਤੋਂ ਛੋਟਾ ਬੱਚਾ ਸੀ, ਉਸ ਪਿਛੋ ਵੱਡੇ ਬੱਚੇ। ਫਿਰ ਕੁਝ ਵੱਡੇ ਵੀ ਪੈ ਗਏ ਭਾਵੇ ਕਿ ਉਹਨਾ ਵਿਚੋਂ ਬਹੁਤੇ ਖਲੋਤੇ ਹੀ ਸੁੱਤੇ ਰਹੇ। ਕਦੀ ਕਦੀ ਉਹ ਮੂੰਹ ਖੋਲ੍ਹਦੇ ਅਤੇ ਉਬਾਸੀ ਲੈਂਦੇ। ਇਕ ਵੱਡਾ ਹਾਥੀ ਨੁੱਕਰ ਵਿਚ ਲੱਗਾ ਹੋਇਆ ਸੀ। ਇਕ ਸ਼ੈਤਾਨ ਬੱਚਾ ਲੱਤਾ ਭਾਰ ਹੀ ਰਿਹਾ।

— ਸੁੱਤਿਆ ਇਹ ਹਾਥੀ ਰੁੱਖ ਦੇ ਤਣੇ ਤੋਂ ਪਰ੍ਹੇ ਨੂੰ ਮੂੰਹ ਕਰਕੇ ਖਲੋਦੇ ਹਨ, ਪਿੱਠ ਉਸ ਰੁੱਖ ਵਾਲੇ ਪਾਸੇ ਹੁੰਦੀ ਹੈ, ਇਹ ਸਵੈ-ਰੱਖਿਆ ਵਾਲੀ ਗੱਲ ਹੈ ਕਿਉਂਕਿ ਇੰਜ ਉਹ ਦੁਸਮਣ ਨੂੰ ਆਉਂਦਿਆ ਸਹਿਜੇ ਹੀ ਵੇਖ ਸਕਦੇ ਹਨ। ਉਹ ਸਭ ਪੈਰ ਮਾਰ ਮਾਰ ਮਿੱਟੀ ਪੁੱਟ ਰਹੇ ਸਨ, ਇਸਨੂੰ ਉਹ ਆਪਣੀਆ ਪਿੱਠਾ 'ਤੇ ਸੁੱਟ ਕੇ ਮੱਖੀਆਂ ਜਾਂ ਮੱਛਰਾ ਨੂੰ ਉਡਾ ਰਹੇ ਸਨ। ਕਈਆ ਨੇ ਤਾ ਆਪਣੀਆਂ ਸੁੰਡਾ ਵਿਚ ਛੋਟੀਆਂ ਟਾਹਣੀਆ ਵੀ ਫੜੀਆ ਹੋਈਆ ਸਨ ਅਤੇ ਇਹਨਾ ਤੋ ਮੱਖੀਆ ਉਡਾਉਣ ਦਾ ਕੰਮ ਲੈਂਦੇ ਸਨ। ਉਹ ਆਪਣੇ ਕੰਨ ਵੀ ਤੇਜ਼ੀ ਨਾਲ ਹਿਲਾ ਰਹੇ ਸਨ।

— ਵੱਡੇ ਹਾਥੀਆ ਨੇ ਸੌਣ ਵੇਲੇ ਆਪਣੀਆਂ ਸੁੰਡਾਂ ਦੂਜੇ ਹਾਥੀਆਂ ਅਤੇ ਬੱਚਿਆਂ ਉਤੇ ਰੱਖੀਆਂ ਹੋਈਆ ਸਨ। ਬੱਚੇ ਭਾਵੇ ਇਹ ਭਾਰ ਝੱਲ ਸਕਦੇ ਸਨ ਜਾਂ ਨਹੀ ਪਰ ਵੱਡਿਆ ਨੇ ਉਹਨਾ ਨੂੰ ਸੁੰਡਾ ਨਾਲ ਪੱਕੀ ਤਰ੍ਹਾ ਫੜ ਰਖਿਆ ਸੀ ਅਤੇ ਉਹਨਾ ਨੂੰ ਹਿੱਲਣ ਨਹੀਂ ਸੀ ਦਿੰਦੇ।

— ਗਰਮੀਆ ਦੇ ਸੂਰਜ ਦੀ ਤਪਸ਼ ਹੋਰ ਵਧ ਗਈ ਸੀ। ਵਾਦੀ ਵਿਚ ਚੁੱਪ ਸੀ। ਪੱਤੇ ਵੀ ਨਹੀਂ ਸੀ ਖੜਕਦੇ। ਹਾਥੀ ਪੱਕੇ ਪੈਰੀਂ ਖੜ੍ਹੇ ਸਨ ਅਤੇ ਆਪਣੇ ਸੁੰਡ ਲਮਕਾਈ ਇੰਜ ਲਗ ਰਹੇ ਸਨ ਜਿਵੇ ਕਿਸੇ ਪੁਰਾਣੇ ਮੰਦਰ ਦੇ ਪੀਲੇ ਪਾਵੇ ਹੋਣ। ਸਭ ਘੂਕ ਸੁੱਤੇ ਪਏ ਸਨ। ਫੜਕਦੇ ਹੋਏ ਕੰਨ ਵੀ ਹੁਣ ਅਹਿਲ ਸਨ। ਕੁਝ ਜਾਵਨਰ ਤਾ ਸੱਚੀ ਘੁਰਾੜੇ ਮਾਰ ਰਹੇ ਸਨ।

— ਸਾਲ੍ਹ ਦੇ ਇਕ ਦਰਖ਼ਤ ਦੀ ਛਾਵੇ ਉੱਚੀ ਥਾਂ 'ਤੇ ਬੈਠੇ ਅਸੀਂ ਇਹ ਸਭ ਵੇਖ ਰਹੇ ਸਾ। ਫ਼ੋਟੋ ਲੈਣ ਦੀ ਇੱਛਾ ਨਾਲ ਅਸੀ ਵਾਦੀ ਵਿਚ ਹੇਠਾ ਉੱਤਰੇ ਅਤੇ ਅਛੋਪਲੇ ਜਿਹੇ ਸੁੱਤੇ ਸੁੰਡ ਦੇ ਕੋਲ ਜਾ ਅੱਪੜੇ। ਰਖਵਾਲੀਆ ਮਾਂਵਾ ਹਥਣੀਆ ਵੀ ਸੁੱਤੀਆਂ ਹੋਈਆ ਸਨ। ਸਾਡੀ ਕਿਸਮਤ ਚੰਗੀ ਸੀ ਅਤੇ ਕੁਝ ਬਹੁਤ ਵਧੀਆ ਫ਼ੋਟੋਆਂ ਲੈ ਲਈਆ।

— ਸੂਰਜ ਹੋਰ ਉੱਚਾ ਹੋ ਗਿਆ ਸੀ। ਕੁਝ ਹਾਥੀਆ ਤੇ ਹੁਣ ਧੁੱਪ ਸਿੱਧੀ ਪੈ ਰਹੀ ਸੀ। ਉਹ ਛਾ ਵੱਲ ਨੂੰ ਸਰਕਣ ਲੱਗੇ। ਸਾਡੀਆ ਘੜੀਆਂ ਹੁਣ 1 ਵਜਾ ਰਹੀਆਂ ਸਨ। ਇਕ ਘੰਟੇ ਦੀ ਨੀਂਦ ਅਤੇ ਆਰਾਮ ਨੇ ਜਾਨਵਰਾ ਨੂੰ ਤਰੋ-ਤਾਜ਼ਾ ਕਰ ਦਿੱਤਾ ਸੀ। ਇਕ ਇਕ ਕਰਕੇ ਉਹ ਛਾਂ ਵਿਚੋਂ ਬਾਹਰ ਆਉਣ ਲੱਗੇ ਅਤੇ ਚਰਾਂਦ ਵਿਚ ਖੁੱਲ੍ਹੇ ਥਾਂ ਚੁਗਣ ਲੱਗ ਪਏ। ਕੁਝ ਇਕ ਟਾਹਣੀਆਂ ਦੀਆਂ ਟਾਹਣੀਆ ਤੋੜ ਕੇ ਖਾ ਰਹੇ ਸਨ।

— ਦੁੱਧ ਚੁੰਘਦੇ ਬੱਚੇ ਅਜੇ ਵੀ ਸੁੱਤੇ ਪਏ ਸਨ। ਉਹਨਾਂ ਦੀਆ ਮਾਵਾ ਸੁੰਡਾ ਨਾਲ ਬੜੇ ਲਾਡ ਪਿਆਰ ਕਰਦੀਆ ਉਹਨਾਂ ਨੂੰ ਜਗਾ ਰਹੀਆ ਸਨ। ਉਹਨਾ ਨੂੰ ਲੈ ਕੇ ਫਿਰ ਉਹ ਤੁਰ ਗਈਆ।

## ਵਾਸ

ਏਸੀਅਨ ਹਾਥੀ ਮੁੱਖ ਤੌਰ 'ਤੇ ਹਿਮਾਲਾ ਪਰਬਤ ਦੇ ਜੰਗਲਾਂ ਵਿਚ ਉੱਤਰ ਪ੍ਰਦੇਸ ਦੇ ਪੱਛਮੀ ਹਿੱਸੇ ਵਿਚ, ਆਸਾਮ ਅਤੇ ਬੰਗਾਲ ਵਿਚ, ਬਰਮਾ, ਸਿਆਮ, ਇੰਡੋ ਚੀਨ, ਮਲੇਸੀਆ, ਸਮਾਟਰਾ ਤੇ ਬੋਰਨੀਓ ਜੋ ਹੁਣ ਕਲੀਮਨਤਾਨ ਕਰਕੇ ਪ੍ਰਸਿੱਧ ਹੈ, ਨੀਲਗਰੀ ਦੀਆ ਪਹਾੜੀਆ, ਪੱਛਮੀ ਘਾਟ, ਮੈਸੂਰ , ਕੁਰਗ, ਟਰਾਵਨਕੋਰ ਅਤੇ ਕੁਝ ਹੱਦ ਤੱਕ ਉੜੀਸਾ ਅਤੇ ਬਿਹਾਰ ਵਿਚ ਪਾਏ ਜਾਦੇ ਹਨ।

ਆਮ ਕਰਕੇ ਹਾਥੀ 1524 ਮੀਟਰ ਤੋ ਵੱਧ ਉਚਾਈ ਤੇ ਨਹੀ ਹੁੰਦੇ। ਪਰ ਬਰਮਾ ਵਿਚ ਇਹ ਬਾਂਸ ਦੇ ਜੰਗਲਾਂ ਵਿਚ 3050 ਮੀਟਰ ਜਾਂ ਇਸ ਤੋ ਵੀ ਉੱਚੀਆਂ ਥਾਵਾਂ 'ਤੇ ਮਿਲਦੇ ਹਨ। ਸਿੱਕਮ ਵਿਚ ਹਾਥੀਆਂ ਦੇ ਪੈਰਾ ਦੇ ਨਿਸ਼ਾਨ ਬਰਫ਼ ਵਿਚ 3600 ਮੀਟਰ ਦੀ ਉਚਾਈ ਤੱਕ ਵੀ ਦੇਖੇ ਗਏ ਹਨ। ਅਰੁਣਾਚਲ ਪ੍ਰਦੇਸ ਦੇ ਸੁਬਾਂਨਗਿਰੀ ਅਤੇ ਕੀਮਿੰਗ ਜਿਲ੍ਹਿਆ ਵਿਚ 2134 ਮੀਟਰ ਤੱਕ ਦੀ ਉਚਾਈ 'ਤੇ ਹਾਥੀ ਪਾਏ ਜਾਦੇ ਹਨ।

## ਸਵਾਰੀ ਲਈ ਹਾਥੀ

ਪੁਰਾਣੇ ਸਮੇ ਵਿਚ ਹਾਥੀ ਦੀ ਸਵਾਰੀ ਕਰਨਾ ਬੜੇ ਹੀ ਮਾਣ ਵਾਲੀ ਗੱਲ ਸੀ। ਹਰ ਬੰਦੇ ਨੂੰ ਇਹ ਮਾਣ ਪ੍ਰਾਪਤ ਨਹੀਂ ਸੀ ਹੋ ਸਕਦਾ। ਇਹ ਤਾ ਰਾਜਿਆਂ ਅਤੇ ਸਰਦਾਰਾ ਦੇ ਹਿੱਸੇ ਹੀ ਆਉਦਾ ਸੀ। ਸਾਧਾਰਣ ਲੋਕ ਆਪਣੇ ਵਿਆਹ

ਵੇਲੇ ਜਾ ਕਿਸੇ ਹੋਰ ਖ਼ਾਸ ਮੌਕੇ ਤੇ ਹੀ ਹਾਥੀ 'ਤੇ ਸਵਾਰ ਹੋ ਸਕਦੇ ਸਨ। ਪਤੰਜਲੀ ਅਨੁਸਾਰ ਜਿਹੜੇ ਵਿਦਵਾਨ ਵਿਆਕਰਣ ਦੀ ਹਰ ਪੱਖੋਂ ਪ੍ਰਬੀਨਤਾ ਪ੍ਰਾਪਤ ਕਰ ਲੈਂਦੇ ਸਨ ਉਨ੍ਹਾਂ ਨੂੰ ਹਾਥੀ ਭੇਟਾ ਕੀਤੇ ਜਾਂਦੇ ਸਨ। ਇੰਜ ਮਗਧ ਦੇ ਰਾਜੇ ਨੇ ਪਾਣਿਨੀ ਨੂੰ ਹਾਥੀ ਦੇ ਕੇ ਸਨਮਾਨਿਆ ਸੀ।

ਹਾਥੀ ਦੀ ਸਵਾਰੀ ਲਈ ਥੋੜ੍ਹਾ ਹੁਨਰ ਆਉਣਾ ਚਾਹੀਦਾ ਹੈ। ਔਰਤਾਂ, ਬਜ਼ੁਰਗਾਂ ਅਤੇ ਸਰੀਰਕ ਤੌਰ ਤੇ ਨਕਾਰਾ ਲੋਕਾ ਨੂੰ ਹੌਦੇ ਉੱਤੇ ਪੁੱਜਣ ਲਈ ਪੌੜੀ ਦੀ ਵਰਤੋ ਕਰਨੀ ਪੈਂਦੀ ਹੈ। ਪਰ ਜੇ ਬੰਦਾ ਜ਼ਰਾ ਹੁਸ਼ਿਆਰ ਹੋਵੇ ਤਾਂ ਉਹ ਬੈਠੇ ਜਾਨ੍ਵਰ 'ਤੇ ਪੂਛ ਫੜ ਕੇ ਗੋਡਿਆ 'ਤੇ ਪੈਰ ਰੱਖਦਾ ਉਤੇ ਪੁੱਜ ਜਾਦਾ ਹੈ। ਜੇ ਹਾਥੀ ਖਲੋਤਾ ਹੋਵੇ ਤਾ ਮਹਾਵਤ ਦੇ ਇਸ਼ਾਰੇ 'ਤੇ ਉਹ ਅਗਲੀ ਇਕ ਲੱਤ ਮੋੜ ਲੈਂਦਾ ਹੈ। ਤਦ ਬੰਦਾ ਲੱਤ ਦੇ ਇਸ ਮੋੜ ਤੇ ਇਕ ਪੈਰ ਰੱਖਦਾ, ਜਾਨਵਰ ਦਾ ਇਕ ਕੰਨ ਫ਼ੜਦਾ ਉਪਰ ਛਾਲ ਮਾਰ ਜਾਦਾ ਹੈ। ਸੁੰਡ ਰਾਹੀਂ ਹਾਥੀ 'ਤੇ ਚੜ੍ਹਨਾ ਇਕ ਬੜੀ ਨਾਜ਼ਕ ਕਿਰਿਆ ਹੈ। ਬੰਦਾ ਸੁੰਡ ਦੇ ਐਨ ਸਿਰੇ ਤੇ ਖੜ੍ਹਾ ਕੰਨਾ ਕੋਲ ਸੁੰਡ ਦੇ ਮੁੱਢ ਨੂੰ ਦੋਹਾਂ ਹੱਥਾਂ ਨਾਲ ਘੁੱਟ ਕੇ ਫ਼ੜਦਾ ਹੈ। ਹਾਥੀ ਹੁਣ ਸਹਿਜੇ ਸਹਿਜੇ ਸੁੰਡ ਨੂੰ ਉਪਰ ਚੁੱਕਦਾ ਹੈ ਅਤੇ ਆਪਣੇ ਸਵਾਰ, ਮਨੁੱਖ ਨੂੰ ਹੌਦੇ ਤੱਕ ਪੁਚਾਉਂਦਾ ਹੈ। ਉਤਰਨ ਵੇਲੇ ਵੀ ਇਹਨਾ ਢੰਗਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਪੂਛ ਫੜ ਕੇ ਜਾਂ ਕੰਨ ਫ਼ੜ ਕੇ ਬੰਦਾ ਹੇਠਾ ਨੂੰ ਤਿਲਕਦਾ ਆਉਂਦਾ ਹੈ। ਮੈਂ ਦੰਦਾ 'ਤੇ ਪੈਰ ਰੱਖ ਕੇ ਚੜ੍ਹਨ ਵਿਚ ਮਜ਼ਾ ਸਮਝਦਾ ਰਿਹਾ ਹਾਂ। ਇਕ ਇਸਾਰੇ 'ਤੇ ਹਾਥੀ ਆਪਣੇ ਦੰਦਾ ਨੂੰ ਬਹੁਤ ਹੇਠਾਂ ਕਰ ਦਿੰਦਾ ਸੀ। ਜਿਥੋਂ ਮੈਂ ਸੌਖਿਆਂ ਹੀ ਉਨ੍ਹਾਂ 'ਤੇ ਖਲੋ ਜਾਂਦਾ। ਫ਼ਿਰ ਉਹ ਦੰਦ ਉਪਰ ਨੂੰ ਚੁੱਕਦਾ ਅਤੇ ਮੈਂ ਸਵਾਰ ਹੋਣ ਵਿਚ ਸਫਲ ਹੋ ਜਾਂਦਾ।

ਖ਼ਾਸ ਮੌਕਿਆਂ ਉਤੇ ਹਾਥੀਆਂ ਨੂੰ ਬੜੇ ਧਿਆਨ ਨਾਲ ਸ਼ਿੰਗਾਰਿਆ ਜਾਦਾ ਹੈ। ਰਾਮਾਇਣ ਦੇ ਸਮੇਂ, ਮੁੱਖ ਸੜਕਾਂ ਉਤੋਂ ਲੰਘਣ ਵਾਲੇ ਹਾਥੀਆਂ ਦੇ ਦੰਦ ਸੋਨੇ 'ਚ ਮੜ੍ਹੇ ਹੁੰਦੇ ਸਨ, ਧੌਣਾ ਵਿਚ ਹਾਰ ਪਏ ਹੁੰਦੇ ਸਨ ਅਤੇ ਮੱਥਿਆ ਉਤੇ ਰੰਗ-ਬਰੰਗੇ ਚਿੱਤਰ ਉਲੀਕੇ ਗਏ ਹੁੰਦੇ ਸਨ। ਵੱਡੀਆਂ ਸੰਗਲੀਆਂ ਵਿਚ ਪਰੋਈਆ ਟੱਲੀਆਂ ਉਹਨਾ ਦੇ ਤੁਰਨ ਨਾਲ ਵੱਜਦੀਆਂ। ਇਹਨਾਂ ਦੇ ਹੌਦੇ ਵੀ ਸੋਨੇ ਦੇ ਹੁੰਦੇ ਸਨ ਅਤੇ ਇਹਨਾਂ 'ਤੇ ਝੰਡੇ ਝੁੱਲਦੇ ਹੁੰਦੇ ਸਨ।

ਜੰਗਲ ਵਿਚ ਜਦੋਂ ਭਰਤ, ਰਾਮ ਨੂੰ ਮਿਲਣ ਗਿਆ, ਜਿਹੜੇ ਹਾਥੀਆਂ ਨਾਲ ਉਹਨੇ ਗੰਗਾ ਪਾਰ ਕੀਤੀ, ਉਹਨਾਂ ਤੇ ਕਈ ਕੁਝ ਲਿਖ ਕੇ ਲਾਇਆ ਹੋਇਆ ਸੀ ਅਤੇ ਉਹ ਦਰਿਆ ਪਾਰ ਕਰਦੇ ਇੰਜ ਲਗਦੇ ਸਨ ਜਿਵੇਂ ਪਹਾੜੀਆ ਨੂੰ ਖੰਭ ਲੱਗੇ ਹੋਣ। ਵਿਸ਼ਵਾਮਿੱਤਰ ਨੇ ਵਸ਼ਿਸ਼ਟ ਨੂੰ ਕਾਮਧੇਨ ਗਾਂ ਬਦਲੇ ਸੋਨੇ ਦੇ ਸੰਗਲਾਂ ਅਤੇ ਮਾਲਾਵਾਂ ਵਾਲੇ 14000 ਹਾਥੀ ਦੇਣ ਦੀ ਪੇਸ਼ਕਸ ਕੀਤੀ ਸੀ।

ਸ਼ਾਹੀ ਸ਼ਾਨ-ਸੌਕਤ ਦੇ ਦਿਖਾਵੇ ਵਿਚ ਹਾਥੀਆ ਦਾ ਯੋਗਦਾਨ ਅਹਿਮ ਹੁੰਦਾ ਸੀ। ਭਾਰਤੀ ਰਾਜੇ, ਸਰਦਾਰ ਅਤੇ ਜ਼ਿੰਮੀਦਾਰ ਹਜ਼ਾਰਾ ਦੀ ਗਿਣਤੀ ਵਿਚ ਹਾਥੀ ਰਖਿਆ ਕਰਦੇ ਸਨ। ਸੌ ਸਾਲ ਪਹਿਲਾਂ ਹੀ, ਆਧੁਨਿਕ ਨੇਪਾਲ ਵਿਚ ਰਾਣਾ ਵੰਸ ਦੇ ਮੋਢੀ ਮਹਾਰਾਜਾ ਜੰਗ ਬਹਾਦਰ ਦੇ ਤਬੇਲੇ ਵਿਚ ਇਕ ਹਜ਼ਾਰ ਹਾਥੀ ਹੁੰਦੇ ਸਨ।

ਨੇਪਾਲ ਦੇ ਹਰ ਸ਼ਹਿਜ਼ਾਦੇ ਕੋਲ ਹਾਥੀ ਹੁੰਦੇ ਸਨ ਜਿਨ੍ਹਾਂ ਦੀ ਗਿਣਤੀ ਉਸ ਦੀ ਹੈਸੀਅਤ ਅਨੁਸਾਰ ਹੋਇਆ ਕਰਦੀ ਸੀ। ਮੈਸੂਰ ਦੇ ਮਹਾਰਾਜੇ ਕੋਲ ਵੀ ਇਕ ਹਜ਼ਾਰ ਹਾਥੀ ਹੁੰਦੇ ਸਨ। ਦੁਸਹਿਰੇ ਦੇ ਜਲੂਸ ਵਿਚ ਇਹਨਾਂ ਨੂੰ ਸ਼ਿੰਗਾਰ ਕੇ ਲਿਜਾਇਆ ਜਾਂਦਾ ਸੀ। ਮਹਾਰਾਜ ਆਪ ਇਕ ਵਧੀਆ ਹਾਥੀ 'ਤੇ ਸਵਾਰੀ ਕਰਦਾ। ਹਾਥੀ ਨੂੰ ਵਧੀਆ ਸਾਜ਼ਾਂ ਅਤੇ ਗਹਿਣਿਆਂ ਨਾਲ ਸਜਾਇਆ ਜਾਂਦਾ। ਮੱਥੇ 'ਤੇ ਹੀਰੇ ਜੜੀਆਂ ਸੋਨੇ ਦੀਆ ਪਲੇਟਾਂ ਹੁੰਦੀਆਂ। ਪੂਰੇ ਸਜੇ ਸਜਾਏ ਦੋ ਹੋਰ ਹਾਥੀ ਇਸਦੇ ਪਿਛੇ ਹੁੰਦੇ ਪਰ ਇਹਨਾਂ ਦੇ ਹੌਦੇ ਖ਼ਾਲੀ ਹੁੰਦੇ। ਸ਼ਾਹੀ ਲੋਕਾਂ ਦਾ ਵਿਸ਼ਵਾਸ਼ ਸੀ ਕਿ ਇਹਨਾਂ ਹੌਦਿਆਂ ਵਿਚ ਉਹਨਾ ਦੇ ਜਠੇਰੇ ਸਵਾਰ ਹੁੰਦੇ ਹਨ। ਇਸ ਢੰਗ ਨਾਲ ਉਹ ਆਪਣੇ ਜਠੇਰਿਆਂ ਦਾ ਆਦਰ ਕਰਦੇ ਸਨ ਜਿਨ੍ਹਾਂ ਨੇ ਮੈਸੂਰ ਨੂੰ ਸਥਾਪਤ ਕੀਤਾ ਅਤੇ ਖੁਸ਼ਹਾਲੀ ਲਿਆਂਦੀ।

ਬੜੋਦਾ ਹੁਣ ਵਡੋਡਾਰਾ ਦਾ ਰਾਜਾ ਅਤੇ ਕੋਲਹਾਪੁਰ ਦਾ ਬਾਦਸ਼ਾਹ ਹਾਥੀਆਂ ਦੀ ਲੜਾਈ ਕਰਾਉਣ ਦੇ ਬੜੇ ਸ਼ੌਕੀਨ ਸਨ। ਬੜੋਦੇ ਵਾਲੇ ਦਾ ਹਾਥੀ ਵੱਡਾ ਸਾਰਾ ਪਹਾੜ ਦਾ ਪਹਾੜ ਹੀ ਸੀ। ਉਸਦੀ ਉਮਰ ਵੀ 80 ਸਾਲ ਦੱਸੀ ਜਾਂਦੀ ਸੀ। ਉਸਦੇ ਦੰਦ ਲੰਮੇ ਸਨ। ਉਸਦਾ ਹੌਦਾ ਸੋਨੇ ਦਾ ਬਣਿਆ ਹੋਇਆ ਸੀ। ਇਸਦੇ ਸਾਜ਼ ਬੜੇ ਹੀ ਲਿਸ਼ਕਣੇ ਸਨ।

ਅੱਜ ਵੀ, ਗਣਤੰਤਰ ਦਿਵਸ 'ਤੇ ਸਭਿਆਚਾਰਕ ਜਲੂਸ ਦੀ ਅਗਵਾਈ ਹਾਥੀ ਹੀ ਕਰਦੇ ਹਨ। ਜਦੋਂ ਪਹਿਲਾ ਹਾਥੀ ਸਲਾਮੀ ਵਾਲੀ ਥਾਂ ਤੋਂ ਲੰਘਦਾ ਹੈ, ਆਪਣਾ ਸੁੰਡ ਚੁੱਕ ਕੇ ਉਹ ਰਾਸ਼ਟਰਪਤੀ ਨੂੰ ਸਲਾਮੀ ਦਿੰਦਾ ਹੈ ਅਤੇ ਖੁਸ਼ੀ ਭਰੀ ਚਿੰਘਾੜ ਮਾਰਦਾ ਹੈ। ਸੰਨ 1962 ਵਿਚ ਗਣਤੰਤਰ ਦਿਵਸ ਦੇ ਸਭਿਆਚਾਰਕ ਜਲੂਸ ਦੀ ਅਗਵਾਈ ਇਕ ਬੱਚੀ ਹਥਣੀ ਨੇ ਕੀਤੀ ਸੀ ਜਿਸਦਾ ਨਾਂ ਉਰਵਸ਼ੀ ਸੀ। ਉਹ ਇੰਨੀ ਪਿਆਰੀ ਸੀ ਕਿ ਅਖ਼ਬਾਰਾ ਵਾਲੇ ਉਸਦੇ ਦੀਵਾਨੇ ਹੋ ਗਏ। ਉਰਵਸ਼ੀ ਦਿੱਲੀ ਦੇ ਚਿੜੀਆਘਰ ਵਿਚੋਂ ਸੀ ਅਤੇ ਵੱਡੀ ਹੋਣ ਤੱਕ ਉਸਨੇ ਕਈ ਕੁਝ ਸਿਖ ਲਿਆ ਸੀ। ਉਹ ਮੂੰਹ ਨਾਲ ਹਾਰਮੋਨੀਅਮ ਵਜਾ ਲੈਂਦੀ ਸੀ। ਪੈਰੀਂ ਬੱਝੇ ਘੁੰਗਰੂਆ ਦੀ ਤਾਲ 'ਤੇ ਨੱਚ ਲੈਂਦੀ ਸੀ। ਗੋਪਾਲ ਅਤੇ ਰਾਜਲੱਛਮੀ ਹੋਰ ਹਾਥੀ ਸਨ। ਇਹ ਲੋਕਾਂ ਨੂੰ ਖੁਸ਼ ਕਰਨ ਵਾਲੀਆਂ ਖੇਡਾਂ ਖੇਡਦੇ ਸਨ। ਰਾਜਲੱਛਮੀ ਫੁੱਟਬਾਲ ਨੂੰ ਕਿੱਕ ਮਾਰ ਕੇ ਸਿੱਧਾ ਗੋਲਾ ਵਿਚ ਸੁੱਟਣ ਦੀ ਮਾਹਰ ਸੀ।

ਹਾਥੀਆ ਦੁਆਰਾ ਕੀਤੇ ਕਰਤਬਾਂ ਤੋਂ ਪਾਠਕ ਬਹੁਤ ਹੱਦ ਤੱਕ ਜਾਣੂ ਹਨ। ਪ੍ਰਾਹੁਣੇ ਗਲ ਹਾਰ ਪਾਉਣੇ, ਮਹਾਵਤ ਨੂੰ ਸਿੱਕੇ ਫੜਾਉਣੇ, ਚਾਰੇ ਪੈਰ ਇਕੱਠੇ ਕਰਕੇ ਇਕ ਸਟੂਲ ਵਰਗੀ ਛੋਟੀ ਥਾਂ ਤੇ ਖੜ੍ਹੇ ਹੋਣਾ, ਰੋਲਰਾ ਅਤੇ ਗੋਲ ਸ਼ਤੀਰੀਆਂ ਉਤੇ ਆਪਣੇ ਵੱਡੇ ਸਰੀਰ ਨੂੰ ਸੰਤੁਲਨ ਕਰਨਾ ਆਦਿ ਅਜਿਹੇ ਹੀ ਕਰਤਬ ਹਨ। ਦਿੱਲੀ ਚਿੜੀਆਘਰ ਦਾ ਇਕ ਹਾਥੀ ਤਾਂ ਸਿੱਧਾ ਹੀ ਖੂਹ 'ਚੋਂ ਪਾਣੀ ਕੱਢ ਲੈਂਦਾ ਸੀ। ਉਹ ਸੁੰਡ ਨਾਲ ਲੱਜ ਖਿੱਚਦਾ, ਇਸ ਨੂੰ ਪੈਰ ਥੱਲੇ ਲੈ ਲੈਂਦਾ, ਲੱਜ ਨੂੰ ਹੋਰ ਖਿੱਚਦਾ, ਫਿਰ ਪੈਰ ਥੱਲੇ ਲੈਂਦਾ ਅਤੇ ਇੰਜ ਬਾਲਟੀ ਨੂੰ ਬਾਹਰ ਤੱਕ ਲੈ ਆਉਂਦਾ। ਫ਼ਿਰ ਉਹ ਹੌਲੀ ਜਿਹੀ ਬਾਲਟੀ ਨੂੰ ਸੁੰਡ ਨਾਲ ਫ਼ੜਦਾ ਅਤੇ ਥੱਲੇ ਰੱਖ ਦਿੰਦਾ।

ਕਈ ਸਰਕਸ ਕੰਪਨੀਆਂ ਹਾਥੀਆ ਨੂੰ ਆਪਣਾ ਸਾਰਾ ਭਾਰ ਸੁੰਡ ਅਤੇ ਅਗਲੀਆਂ

ਲੱਤਾ 'ਤੇ ਸੰਤੁਲਨ ਕਰਨਾ ਸਿਖਾ ਦਿੰਦੀਆ ਹਨ। ਇਸ ਤਰ੍ਹਾ ਸਿਰ ਭਾਰ ਖੜ੍ਹਾ ਹੋ ਕੇ ਤਾਂ ਹਾਥੀ ਬਹੁਤ ਹੀ ਲੁਭਾਵਣਾ ਦ੍ਰਿਸ਼ ਪੇਸ਼ ਕਰਦਾ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਪਾਲਤੂ ਹਾਥੀਆਂ ਦੇ ਬੱਚੇ ਜੰਗਲੀ ਬੱਚਿਆਂ ਨਾਲੋਂ ਛੇਤੀ ਸਿੱਖਦੇ ਹਨ।

ਤ੍ਰੀਵੈਂਦਰਮ, ਅੱਜਕੱਲ੍ਹ ਤਿਰੂਵਨੰਤਪੁਰਮ ਵਿਚ ਦੋ ਦੋ ਸਾਲ ਦੇ ਦੋ ਬੱਚੇ ਸਨ ਜਿਨ੍ਹਾਂ ਨੇ ਪ੍ਰਾਹੁਣਿਆਂ ਦੇ ਗਲਾ ਵਿਚ ਹਾਰ ਪਾਉਣੇ ਅਤੇ ਝੰਡੇ ਲਹਿਰਾਉਣੇ ਸਿਖ ਲਏ ਸਨ। ਉਹ ਗਣੇਸ਼ ਪੂਜਾ ਦੀ ਨਕਲ ਵੀ ਬਹੁਤ ਵਧੀਆ ਕਰਦੇ ਸਨ। ਉਹਨਾਂ ਵਿਚੋਂ ਇਕ ਗਣੇਸ਼ ਬਣ ਜਾਂਦਾ ਅਤੇ ਦੂਜਾ ਸ਼ਰਧਾਲੂ ਬਣ ਕੇ ਫੁੱਲ ਅਤੇ ਨਰੇਲ ਭੇਟ ਕਰਦਾ ਅਤੇ ਟੱਲ ਖੜਕਾਉਂਦਾ। ਫਿਰ ਉਹ ਗੋਡਿਆਂ ਭਾਰ ਹੋ ਕੇ, ਸਿਰ ਨੀਵਾਂ ਕਰਕੇ ਅਸੀਸ ਲੈਣ ਵਾਲੀਆ ਹਰਕਤਾ ਕਰਦਾ। ਦੂਜਾ ਵਰ ਦੇਣ ਵਾਂਗ ਆਪਣਾ ਸੁੰਡ ਉੱਚਾ ਕਰਦਾ। ਇਹਨਾ ਦੇ ਨਾ ਸੀ ਭਾਸਕਰਨ ਅਤੇ ਰਾਮਵਰਧਨ। ਉਹ ਸੁੰਡ ਵਿਚ ਚਾਕ ਫੜ ਕੇ ਜੀ ਆਇਆਂ ਨੂੰ ਅਤੇ ਧੰਨਵਾਦ ਵਰਗੇ ਸ਼ਬਦ ਵੀ ਲਿਖ ਲੈਂਦੇ ਸਨ। ਉਹ ਅੰਕ ਗਣਿਤ ਦੇ ਸਾਧਾਰਣ ਸਵਾਲ ਵੀ ਕੱਢ ਲੈਂਦੇ ਸਨ। ਉਹਨਾ ਨੂੰ ਵਾਜੇ ਤੇ ਕੌਮੀ ਗੀਤ ਵਜਾਉਣਾ ਵੀ ਸਿਖਾਇਆ ਜਾ ਰਿਹਾ ਸੀ। ਸਿਖਿਆ ਦੇਣ ਵਾਲਾ ਪੂਰੇ ਵਿਸ਼ਵਾਸ ਨਾਲ ਕਹਿੰਦਾ ਸੀ ਕਿ ਉਹ ਇਹ ਕਰਤਬ ਵੀ ਸਿੱਖ ਜਾਣਗੇ। ਇਕ ਸਰਕਸ ਕੰਪਨੀ ਦੇ ਬੈਂਡ ਮਾਸਟਰ ਨੇ ਇਹ ਗੱਲ ਵੀ ਦੱਸੀ ਕਿ ਹਾਥੀ ਸੰਗੀਤ ਨੂੰ ਪਿਆਰ ਕਰਦੇ ਹਨ।

## 3

# ਹਾਥੀ ਦੀ ਮਹਿਮਾ

### ਇਤਿਹਾਸ ਅਤੇ ਮਿਥਹਾਸ ਵਿਚ ਹਾਥੀ

ਭਾਰਤੀ ਕਲਾ ਅਤੇ ਸਾਹਿਤ ਵਿਚ ਹਾਥੀ ਦਾ ਬੜਾ ਉਘਾ ਸਥਾਨ ਰਿਹਾ ਹੈ। ਜਾਤਕ ਕਥਾਵਾਂ, ਪੰਚਤੰਤਰ ਦੀਆ ਕਹਾਣੀਆਂ ਆਦਿ ਵਿਚ ਇਸਦਾ ਆਮ ਜ਼ਿਕਰ ਆਉਂਦਾ ਹੈ। ਗੱਜ ਜਾਤਕ ਵਿਚ ਬੋਧੀਸਤਵ ਹਾਥੀ ਦਾ ਹੀ ਇਕ ਰੂਪ ਸੀ। ਉਹ ਉਸ ਵੇਲੇ 8000 ਹਾਥੀਆ ਦਾ ਮੁਖੀ ਸੀ। ਉਸਦੀਆ ਦੋ ਕਹਾਣੀਆਂ ਹਨ। ਇਕ ਵਿਚ ਪਤਾ ਨਹੀਂ ਕਿਉ ਉਸਨੇ ਆਪਣੀ ਮਹਾਰਾਣੀ ਨੂੰ ਗੁੱਸੇ ਕਰ ਲਿਆ। ਉਸਨੂੰ ਸਬਕ ਸਿਖਾਉਣ ਲਈ ਰਾਣੀ ਨੇ ਸਭ ਕੁਝ ਤਿਆਗ ਦਿੱਤਾ ਅਤੇ ਕਾਸ਼ੀ ਦੀ ਮਹਾਰਾਣੀ



ਬਨਣ ਦਾ ਟੀਚਾ ਮਿੱਥ ਲਿਆ। ਇਸ ਵਿਚ ਉਹ ਸਫ਼ਲ ਵੀ ਹੋ ਗਈ। ਹੁਣ ਉਸਨੇ ਇਕ ਸਿਕਾਰੀ ਨੂੰ ਹੁਕਮ ਦਿੱਤਾ ਕਿ ਉਹ ਬੋਧੀਸਤਵ ਦੇ ਦੰਦ ਕੱਢ ਲਿਆਵੇ। ਸ਼ਿਕਾਰੀ ਕੋਲੋਂ ਇਹ ਦੰਦ ਕੱਢੇ ਨਾ ਗਏ, ਉਸਨੇ ਬੜਾ ਜ਼ੋਰ ਲਾਇਆ, ਪਰ ਹਾਥੀ ਗੁੱਸੇ ਵਿਚ ਨਾ ਆਇਆ। ਉਹ ਤਾ ਸਿਕਾਰੀ 'ਤੇ ਤਰਸ ਕਰ ਰਿਹਾ ਸੀ। ਉਸਨੇ ਆਪ ਆਪਣੇ ਦੰਦ ਉਖੇੜ ਦੇ ਸ਼ਿਕਾਰੀ ਨੂੰ ਫੜਾ ਦਿੱਤੇ ਤਾਂ ਜੋ ਉਹ ਮਹਾਰਾਣੀ ਕੋਲ ਪਹੁੰਚਾ ਸਕੇ। ਇਨ੍ਹਾ ਦੰਦਾ ਨੂੰ ਵੇਖ ਕੇ ਰਾਣੀ ਦਾ ਮਨ ਭਰ ਆਇਆ। ਉਹ ਪਛਤਾਉਣ ਲੱਗੀ, ਹੁਣ ਬੋਧੀਸਤਵ ਉਸਨੂੰ ਪਤਿਆਉਣ ਲਈ ਗਿਆ। ਅਜੰਤਾ ਦੇ ਗੁਫ਼ਾਵੀ ਚਿੱਤਰਾ ਵਿਚ ਇਹ ਕਹਾਣੀ ਵਿਖਾਈ ਗਈ ਹੈ। ਅਜੰਤਾ ਦੇ ਚਿੱਤਰਾ ਵਿਚ ਜਿੰਨੇ ਵੀ ਜਾਨਵਰ ਹਨ, ਹਾਥੀ ਉਨ੍ਹਾ ਵਿਚੋਂ ਪ੍ਰਮੁੱਖ ਹੈ।

ਕੁਮਾਰਗੁਪਤਾ ਦੇ ਇਕ ਸਿੱਕੇ ਉਤੇ ਰਾਜੇ ਨੂੰ ਹਾਥੀ 'ਤੇ ਸਵਾਰ ਵਿਖਾਇਆ ਗਿਆ ਹੈ। ਉਹ ਮਹਾਵਤ ਨੂੰ ਹਾਥੀ ਨੂੰ ਤੇਜ਼ੀ ਨਾਲ ਚਲਾਉਣ ਲਈ ਇਸ਼ਾਰੇ ਕਰ ਰਿਹਾ ਹੈ। ਹਾਥੀ ਦੇ ਦੰਦ, ਲੱਤਾਂ, ਪੂਛ ਅਤੇ ਤਣਿਆ ਹੋਇਆਂ ਸਰੀਰ ਇਹ ਦੱਸ ਰਿਹਾ ਹੈ ਕਿ ਉਹ ਆਪਣੇ ਪੂਰੇ ਜ਼ੋਰ ਨਾਲ ਭੱਜ ਰਿਹਾ ਹੈ। ਹੈਦਰ ਅਲੀ ਦੇ ਤਾਬੇ ਦੇ ਸਿੱਕਿਆਂ ਉਤੇ ਸੁੰਡ ਉੱਪਰ ਚੁੱਕੇ ਹਾਥੀ ਦਾ ਚਿੱਤਰ ਹੈ।

ਮੁਗਲਾ ਦੇ ਸਮੇਂ, ਅਬੁਲ ਫ਼ਜ਼ਲ ਅਨੁਸਾਰ ਇਕ ਤਾਸ਼ ਦਾ ਨਾ ਵੀ ਹਾਥੀ ਦੇ ਨਾਂ ਤੇ ਰੱਖਿਆ ਗਿਆ ਸੀ। ਇਸ ਉਤੇ ਉੜੀਸਾ ਦੇ ਰਾਜੇ ਦੀ ਹਾਥੀ ਦੀ ਸਵਾਰੀ ਵਾਲਾ ਚਿੱਤਰ ਸੀ। ਅਕਬਰ ਦੇ ਵੇਲੇ ਵੀ ਤਾਸ਼ ਉਤੇ ਰਾਜੇ ਦੀ ਹਾਥੀ ਦਾ ਸਵਾਰੀ ਵਾਲੀ ਤਸਵੀਰ ਸੀ।

ਇਸ ਦੇਸ਼ ਦੇ ਚਿੱਤਰਕਾਰਾਂ ਨੂੰ ਹਾਥੀ ਨਾਲ ਸੰਬੰਧਿਤ ਭਾਵਨਾਵਾ ਨੇ ਕਾਫ਼ੀ ਪ੍ਰਭਾਵਿਤ ਕੀਤਾ ਹੈ। ਭਾਰਤ ਅਤੇ ਹੋਰ ਦੇਸ਼ਾਂ ਦੀਆਂ ਡਾਕ-ਮੁਹਰਾਂ ਵਿਚ ਵੀ ਹਾਥੀ ਦੇ ਚਿੱਤਰ ਦਰਸਾਏ ਗਏ ਹਨ। ਦਿੱਲੀ ਵਿਸ਼ਵਵਿਦਿਆਲੇ ਦੀ ਮੁਹਰ ਵਿਚ ਵੀ ਹਾਥੀ ਦਾ ਠੱਪਾ ਹੈ।

ਪ੍ਰਾਚੀਨ ਭਾਰਤ ਵਿਚ ਫ਼ੌਜ ਦੇ ਚਹੁੰ ਭਾਗਾ ਵਿਚੋਂ ਇਕ ਭਾਗ ਹਾਥੀਆਂ ਦਾ ਹੁੰਦਾ ਸੀ। ਜਦੋਂ ਬੇਅੰਤ ਹਾਥੀ ਸੋਨੇ ਦੀ ਜ਼ੰਜੀਰਾਂ ਨਾਲ ਸ਼ਿੰਗਾਰੇ ਅਤੇ ਸਿਰਾਂ 'ਤੇ ਨਾਹਰਿਆਂ ਵਾਲੇ ਝੰਡੇ ਲਹਿਰਾਉਂਦੇ ਲੜਾਈ ਦੇ ਮੈਦਾਨ ਵਿਚ ਉਤਰਦੇ ਸਨ ਤਾਂ ਇਹ ਨਜ਼ਾਰਾ ਵੇਖਣ ਵਾਲਾ ਹੁੰਦਾ ਸੀ। ਇਹ ਇੰਜ ਲਗਦਾ ਸੀ ਜਿਵੇਂ ਕਾਲੇ ਬੱਦਲਾਂ ਦਾ ਝੁੰਡ ਆਕਾਸ਼ ਵਿਚ ਮੰਡਰਾ ਰਿਹਾ ਹੋਵੇ। ਇਹ ਹਾਥੀ ਲੜਾਈ ਵਾਸਤੇ ਖ਼ਾਸ ਤੌਰ ਤੇ ਤਿਆਰ ਕੀਤੇ ਹੁੰਦੇ ਸਨ। ਉਹ ਕਿਲਿਆਂ ਦੇ ਵੱਡੇ ਵੱਡੇ ਦਰਵਾਜ਼ੇ ਸਿਰ ਮਾਰ ਕੇ ਭੰਨ ਦਿੰਦੇ ਸਨ। ਟਰਕੀ ਦੇ ਸੁਲਤਾਨਾਂ ਦੇ ਅਜਾਇਬਘਰ ਵਿਚ ਹਾਥੀਆਂ ਦੇ ਬਚਾਅ ਵਾਸਤੇ ਵਰਤੀਆਂ ਜਾਂਦੀਆ ਢਾਲਾਂ ਆਦਿ ਦੇ ਨਮੂਨੇ ਪਏ ਹਨ।

ਪੁਰਾਤਨ ਕਾਲ ਵਿਚ ਲੜਾਈ ਦੇ ਮੈਦਾਨ ਵਿਚ ਹਾਥੀ ਦੀ ਉਹ ਥਾ ਹੋਇਆ ਕਰਦੀ ਸੀ ਜੋ ਅੱਜ ਟੈਂਕਾਂ ਦੀ ਹੈ। ਰਾਮ ਅਤੇ ਰਾਵਣ ਦੀ ਲੜਾਈ ਵੇਲੇ, ਰਾਵਣ ਕੋਲ ਹਜ਼ਾਰਾਂ ਹਾਥੀ ਸਨ। ਮਹਾਂਭਾਰਤ ਦੇ ਮੈਦਾਨ ਵਿਚ, ਅੰਕੜਿਆਂ ਅਨੁਸਾਰ 2,70,000

ਹਾਥੀ ਲੜਾਈ ਵਿਚ ਸ਼ਾਮਲ ਸਨ। ਇਕ ਹੋਰ ਹਿਸਾਬ ਅਨੁਸਾਰ ਇਨ੍ਹਾਂ ਦੀ ਗਿਣਤੀ ਤਿੰਨ ਲੱਖ ਸੀ।

ਜਦੋਂ ਸਿਕੰਦਰ (ਅਲੈਕਜ਼ਾਦਰ) ਸੰਸਾਰ ਜਿੱਤਣ ਦੀ ਮੁਹਿੰਮ ਨਾਲ ਭਾਰਤ ਆਇਆ ਤਾ ਪੋਰਸ ਦੀ ਫੌਜ ਵਿਚ ਵੱਡੇ ਵੱਡੇ ਹਾਥੀ ਵੇਖ ਕੇ ਉਸਦੇ ਸਿਪਾਹੀ ਇਕ ਵਾਰ ਤਾਂ ਬਹੁਤ ਦਹਿਲ ਕੇ ਡਰ ਗਏ। ਲੜਾਈ ਬੜੀ ਡੱਟਵੀ ਅਤੇ ਫ਼ੈਸਲਾਕੁਨ ਸੀ। ਹਾਥੀ 'ਤੇ ਸਵਾਰ ਪੋਰਸ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਅਤੇ ਹਾਥੀ ਤੋ ਹੇਠਾਂ ਉੱਤਰ ਗਿਆ। ਜਦੋਂ ਉਹ ਡਿਗਿਆ ਤਾਂ ਇਕ ਯੂਨਾਨੀ ਸਿਪਾਹੀ ਨੇ ਉਸਦੇ ਹੀਰੇ ਮੋਤੀ ਲੁੱਟ ਲੈਣੇ ਚਾਹੇ। ਇਹ ਵੇਖ ਕੇ ਹਾਥੀ ਨੇ ਆਪਣੇ ਮਾਲਕ (ਪੋਰਸ) ਨੂੰ ਆਪਣੀਆ ਲੱਤਾਂ ਵਿਚ ਲੁਕਾ ਲਿਆ, ਬਿਲਕੁਲ ਉਵੇਂ ਜਿਵੇਂ ਹਥਣੀ ਬੱਚੇ ਨੂੰ ਲੁਕਾਉਂਦੀ ਹੈ ਅਤੇ ਕਿਸੇ ਨੂੰ ਨੇੜੇ ਨਹੀ ਲੱਗਣ ਦਿੰਦੀ। ਸਿਕੰਦਰ ਦੇ ਬਹੁਤ ਸਾਰੇ ਬੰਦੇ ਜ਼ਖ਼ਮੀ ਹੋਏ, ਕੁਝ ਮਾਰੇ ਵੀ ਗਏ। ਫਿਰ ਉਹਨਾ ਨੇ ਵੱਡੇ ਜਾਨਵਰ ਦੇ ਨੇਜ਼ਾ ਮਾਰਿਆ ਅਤੇ ਉਸਨੂੰ ਜ਼ਖ਼ਮੀ ਕਰ ਦਿੱਤਾ। ਤਾ ਵੀ ਉਹ ਹਾਰਿਆ ਨਾ। ਉਸਨੇ ਬੜੇ ਹੀ ਧਿਆਨ ਨਾਲ ਪੋਰਸ ਨੂੰ ਚੁਕਿਆ ਅਤੇ ਸੁਰੱਖਿਅਤ ਥਾਂ 'ਤੇ ਲੈ ਗਿਆ, ਜਿਥੇ ਪਿਛੋ ਉਹ ਜ਼ਖ਼ਮਾਂ ਕਾਰਣ ਦਮ ਤੋੜ ਗਿਆ।

ਜਦੋਂ ਸਪੇਨ ਤੋਂ ਹਾਨੀਬਲ ਰੋਮ ਨੂੰ ਫਤਹਿ ਕਰਨ ਲਈ ਤੁਰਿਆ ਤਾ ਉਸ ਕੋਲ ਵੱਡੀ ਗਿਣਤੀ ਵਿੱਚ ਅਫ਼ਰੀਕੀ ਹਾਥੀ ਸਨ। ਜਦੋਂ ਕਾਰਥੇਜੇਨੀਅਨ ਫ਼ੌਜ ਨੇ ਸੇਂਟ ਗੋਥਾਰਡ ਦੱਰੇ ਰਾਹੀ ਐਲਪਸ ਪਰਬਤਾ ਨੂੰ ਪਾਰ ਕੀਤਾ, ਉਦੋਂ ਇਹ ਹਾਥੀ ਵੀ ਸੌਖ ਨਾਲ ਇਸ ਤੋਂ ਪਾਰ ਹੋ ਗਏ।

ਹਾਥੀ ਸਵਾਰ ਸੂਰਮੇ ਤੀਰ ਕਮਾਨ, ਲੰਮੇ ਨੇਜੇ ਅਤੇ ਢਾਲਾ ਨਾਲ ਲੈਸ ਹੁੰਦੇ ਸਨ। ਹਾਥੀਆ 'ਤੇ ਵੀ ਢਾਲਾਂ ਬੱਧੀਆ ਹੁੰਦੀਆ ਸਨ। ਜੰਗੀ ਸਮਾਨ ਦੀ ਢੋਆ-ਢੁਆਈ ਲਈ ਵੀ ਹਾਥੀਆਂ ਦੀ ਵਰਤੋ ਕੀਤੀ ਜਾਂਦੀ ਸੀ। ਕੋਨਾਰਕ ਦੇ ਮੰਦਰ (1238-1260) ਵਿਚ ਲੜਾਈਆ ਦੇ ਬੜੇ ਝਲਕਾਰੇ ਉੱਕਰੇ ਗਏ ਹਨ ਜਿਨ੍ਹਾ ਵਿਚ ਹਾਥੀ ਸ਼ਾਮਲ ਸਨ।

ਪੁਰਾਣੇ ਸਮਿਆ ਵਿਚ ਹਾਥੀਆਂ ਨੂੰ ਤੋਪਾਂ ਖਿੱਚਣ ਲਈ ਵੀ ਵਰਤਿਆ ਜਾਂਦਾ ਸੀ। ਅੰਗਰੇਜ਼ੀ ਰਾਜ ਸਮੇਂ ਭਾਰਤੀ ਤੋਪਖਾਨੇ ਵਿਚ ਹਾਥੀ ਵੀ ਰੱਖੇ ਜਾਂਦੇ ਸਨ। 1900 ਈਸਵੀ ਤੱਕ ਬਰਤਾਨਵੀ ਫੌਜ ਨੇ ਭਾਰਤ ਵਿਚ ਇਕ ਵਿਸ਼ੇਸ਼ ਦਸਤਾ ਰਖਿਆ ਹੋਇਆ ਸੀ ਜੋ ਜੰਗਲੀ ਜਾਨਵਰਾ ਨੂੰ ਹੀ ਫੜਦਾ ਸੀ। ਇਹ ਪਹਿਲਾਂ ਪਹਿਲ ਤਾਂ ਢਾਕੇ ਵਿਚ ਹੁੰਦਾ ਸੀ ਪਰ ਪਿਛੋਂ ਬਰਮਾ ਭੇਜ ਦਿੱਤਾ ਗਿਆ ਕਿਉਂਕਿ ਗਾਰੋ ਪਹਾੜੀਆਂ ਵਿਚ ਹੁਣ ਬਹੁਤੇ ਹਾਥੀ ਨਹੀਂ ਸੀ ਰਹੇ।

ਇਤਿਹਾਸਕਾਰ ਦੱਸਦੇ ਹਨ ਕਿ ਪੋਰਸ ਹੱਥੋ ਸਿਕੰਦਰ ਦੇ ਹਾਰ ਜਾਣ ਦਾ ਕਾਰਣ ਉਸਦੇ ਹਾਥੀ ਹੀ ਸਨ। ਉਹਨਾਂ ਦਿਨਾਂ ਵਿਚ ਲੜਾਈ ਵਿਚ ਬਹੁਤ ਰੌਲਾ-ਰੱਪਾ ਅਤੇ ਨਗਾਰਿਆਂ ਦੀਆ ਆਵਾਜ਼ਾ ਹੁੰਦੀਆ ਸਨ। ਇਸ ਨਾਲ ਦੁਸ਼ਮਣ ਦੀਆਂ ਫ਼ੌਜਾ ਦੇ ਹੌਂਸਲੇ ਢਹਿੰਦੇ ਸਨ/। ਜਿੱਤ ਦੀਆਂ ਕੰਨ ਪਾੜਵੀਆਂ ਆਵਾਜ਼ਾਂ ਅਤੇ ਨਗਾਰਿਆਂ ਦੀ ਉੱਚੀ ਗੂੰਜ ਨੇ ਪੋਰਸ ਦੇ ਹਾਥੀਆਂ ਨੂੰ ਡਰਾ ਦਿੱਤਾ। ਉਹ ਤਿੱਤਰ-ਬਿਤਰ ਹੋ ਕੇ ਦੌੜਨ ਲੱਗੇ। ਇਵੇਂ ਹੀ ਪਾਣੀਪਤ ਦੀ ਲੜਾਈ (1526

ਈਸਵੀ) ਵਿਚ ਇਬਰਾਹੀਮ ਲੋਧੀ ਦੀ ਹਾਰ ਵੀ ਉਸਦੇ ਹਾਥੀਆ ਕਰਕੇ ਹੀ ਹੋਈ ਸੀ। ਇਹ ਜਾਨਵਰ ਬਾਬਰ ਦੀਆਂ ਤੋਪਾ ਦੇ ਗੋਲਿਆ ਮੂਹਰੇ ਖੜ੍ਹ ਨਾ ਸਕੇ। ਉਹ ਡਰ ਕੇ ਪਿੱਛੇ ਨੂੰ ਭੱਜੇ ਅਤੇ ਇਸ ਭਗਦੜ ਵਿਚ ਇਬਰਾਹੀਮ ਦੇ ਬਹੁਤ ਸਾਰੇ ਸਿਪਾਹੀ ਮਾਰੇ ਗਏ। ਉਹ ਆਪ ਹੀ ਆਪਣੇ ਹਾਥੀ ਤੋਂ ਡਿੱਗ ਪਿਆ ਅਤੇ ਮਿੱਧਿਆ ਗਿਆ ਜਿਸ ਕਾਰਣ ਉਸਦੀ ਮੌਤ ਹੋ ਗਈ। ਇਸ ਸਭ ਕੁਝ ਤੋਂ ਪਿਛੋਂ ਸਿੱਟਾ ਇਹ ਹੋਇਆ ਕਿ ਲੜਾਈ ਵਿਚ ਹਾਥੀਆ ਦੇ ਸ਼ਾਮਲ ਹੋਣ 'ਤੇ ਜ਼ਰਾ ਗੌਰ ਨਾਲ ਵਿਚਾਰ ਕੀਤੀ ਜਾਵੇ। ਫਿਰ ਵੀ ਮੁਗਲ ਆਪਣੀਆਂ ਲੜਾਈਆ ਵਿਚ ਹਾਥੀਆਂ ਦੀ ਵਰਤੋਂ-ਪਹਿਲਾ ਵਾਂਗ ਹੀ ਕਰਦੇ ਰਹੇ।

## ਹਾਥੀ ਬਾਰੇ ਕਵਿਤਾਵਾਂ

ਗਰਮੀਆ ਵਿਚ ਹਾਥੀ ਦਾ ਜ਼ਿਕਰ ਕਾਲੀਦਾਸ ਨੇ ਇੰਜ ਕੀਤਾ ਹੈ

- ਹਾਥੀ, ਹਿਰਨ ਅਤੇ ਸੇਰ ਗਰਮੀ ਤੋ ਡਰਦੇ ਸਭ ਦੁਸ਼ਮਣੀਆ ਭੁਲਾ ਕੇ ਚਰਾਂਦਾ ਚੋਂ ਬਾਹਰ ਆ ਕੇ ਦੋਸਤਾ ਵਾਗ ਨਦੀ ਦੇ ਰੇਤਲੇ ਅਤੇ ਵਿਸਾਲ ਕੰਢੇ ਤੇ ਬੈਠੇ ਹੋਏ ਹਨ। [1]
- ਪਾਣੀ ਨੂੰ ਤਰਸਦੇ ਹਾਥੀ, ਸੁੱਕੇ ਸੰਘ, ਸਰੀਰ ਧੁੱਪ ਨਾਲ ਭੁੱਜੇ ਹੋਏ ਅਤੇ ਡੂੰਘੀ ਪਿਆਸ ਨਾਲ ਸਤਾਏ ਹੋਏ ਹੋਣ, ਤਾ ਉਸ ਵੇਲੇ ਸੇਰਾ ਤੋ ਵੀ ਨਹੀਂ ਡਰਦੇ। [2]
- ਇੰਨੀ ਸ਼ਕਤੀ ਅਤੇ ਬਹਾਦਰੀ ਪਿਆਸ ਨਾਲ ਸ਼ਕਤੀਹੀਣ ਹੋ ਜਾਦੀ ਹੈ, ਖੁਲ੍ਹੇ ਮੂੰਹ ਹੌਂਕਦੇ ਨੂੰ ਸ਼ੇਰ ਵੀ ਮਾਰਦਾ ਨਹੀ ਭਾਵੇ ਉਹ ਇਕ ਦੂਜੇ ਦੇ ਬਿਲਕੁਲ ਨੇੜੇ ਹੁੰਦੇ ਹਨ। ਸਗੋ ਉਹ ਤਾ ਆਪਣੀ ਜੀਭ ਨਾਲ ਘੜੀ ਮੁੜੀ ਉਸਦੇ ਬੁੱਲ੍ਹਾਂ ਨੂੰ ਚੱਟਦਾ ਹੈ। [3]

ਜਦੋਂ ਬਰਸਾਤ ਆਉਂਦੀ ਹੈ ਤਾਂ ਹਾਥੀ ਸ਼ਕਤੀ ਅਤੇ ਹੌਸਲਾ ਫੜਦੇ ਹਨ ਅਤੇ ਉਹਨਾ ਦੇ ਦਿਲ ਉਮੰਗਾਂ ਨਾਲ ਭਰ ਜਾਂਦੇ ਹਨ। ਵਰਖਾ ਦੇ ਮੌਸਮ ਵਿਚਲਾ ਬਿਆਨ ਕਾਲੀਦਾਰ ਨੇ ਇੰਜ ਕੀਤਾ ਹੈ

- ਮੇਰੀ ਪਿਆਰੀ ਵੇਖ, ਇਹ ਬਰਸਾਤ ਦਾ ਮੌਸਮ ਪਿਆਰ ਦਾ ਮੌਸਮ ਹੈ। ਆਸ਼ਕਾਂ ਲਈ ਪਿਆਰਾ, ਸ਼ਾਹੀ ਠਾਠ ਨਾਲ ਮਸਤ ਹਾਥੀ 'ਤੇ ਸਵਾਰ, ਬੱਦਲਾਂ ਭਰਿਆ, ਬਿਜਲੀ ਸੁਨੇਹੇ ਦਿੰਦਾ ਅਤੇ ਗਰਜ ਕੇ ਢੋਲ ਵਜਾਉਂਦਾ, ਆ ਪੁੱਜਾ ਹੈ। [4]
- ਨਦੀਆਂ ਵਗਦੀਆਂ, ਬੱਦਲ ਵਰ੍ਹਦੇ, ਮਸਤ ਹਾਥੀ ਚਿੰਘਾੜਦੇ, ਜੰਗਲ ਨਿੱਖਰ ਆਉਂਦੇ, ਪਿਆਰ ਭਰੇ ਦਿਲ ਤੜਪਦੇ, ਮੋਰ ਪੈਲਾ ਪਾਉਂਦੇ ਅਤੇ ਬਾਂਦਰ ਲੁਕਦੇ ਫਿਰਦੇ ਹਨ। [5]

---

1 Ritusamhora, I, 26
2 ਉਹੀ, I, 15,
3 ਉਹੀ, I, 14,
4. ਉਹੀ, II, 1,
5. ਉਹੀ, II, 19.

— ਗਲ੍ਹਾਂ ਮਸਤ ਤਰਲ ਨਾਲ ਭਰਪੂਰ, ਉਤੇ ਪੱਤਿਆਂ ਦੇ ਗੁੱਛੇ ਜੰਮੇ ਹੋਏ, ਜੰਗਲੀ ਹਾਥੀ ਪਹਿਲੇ ਮੀਂਹ ਦੀ ਫ਼ੁਹਾਰ ਨਾਲ ਨਸ਼ਈ ਹੋਏ ਘੜੀ ਮੁੜੀ ਚਿੰਘਾੜਦੇ, ਕਮਲ ਫੁੱਲ ਦੇ ਪਹਿਲੇ ਖੇੜੇ ਵਾਂਗ ਖਿੜੇ ਹੋਏ ਚਮਕਦੇ ਹਨ। [6]

— ਲੜਦੇ ਹੋਏ ਹਾਥੀਆ ਨਾਲ ਇਹ ਝੀਲ ਗੰਧਲੀ ਗਈ, ਕੰਵਲ ਫੁੱਲ ਜੜ੍ਹੋਂ ਪੁੱਟੇ ਗਏ, ਮੱਛੀਆ ਤਰ ਆਈਆਂ ਹਨ ਅਤੇ ਡਰੇ ਹੋਏ ਸਾਰਸ ਉਡਾਰੀ ਮਾਰ ਗਏ ਹਨ। [7]

— ਹਾਥੀ ਨਾਲਾਗਿਰੀ, ਪਾਗਲ ਹੋ ਗਿਆ ਹੈ, ਜਿਸ ਕਿੱਲੇ ਨਾਲ ਬੱਧਾ ਹੋਇਆ ਸੀ ਉਸਨੂੰ ਪੁਟਾ ਕੇ ਤਬੇਲੇ ਵਿਚ ਭੱਜਾ ਫਿਰਦਾ ਹੈ। [8]

ਸ੍ਰੀ ਕ੍ਰਿਸਨ ਦੀ ਫ਼ੌਜ ਵਿਚਲੇ ਹਾਥੀਆਂ ਦਾ ਜ਼ਿਕਰ ਕਰਦਾ ਮਾਘ ਇੰਜ ਲਿਖਦਾ ਹੈ

— ਇਕ ਵੱਡਾ ਹਾਥੀ ਝੀਲ ਦੇ ਪਾਣੀ ਵਿਚੋਂ ਆਪਣਾ ਪਰਛਾਵਾਂ ਵੇਖ ਕੇ ਇਹ ਭੁਲੇਖਾ ਖਾ ਗਿਆ ਕਿ ਕੋਈ ਹੋਰ ਹਾਥੀ ਉਤੇ ਹੱਲਾ ਕਰਨ ਨੂੰ ਆ ਰਿਹਾ ਹੈ। ਉਹ ਗੁੱਸੇ ਵਿਚ ਇਧਰ ਉਧਰ ਭੱਜਣ ਲੱਗਾ। ਇਹ ਗਲਤੀ ਆਮ ਹੋ ਜਾਣ ਵਾਲੀ ਗਲਤੀ ਹੀ ਸੀ। [9]

— ਰਾਹ ਵਿਚੋ ਕਾਹਲੀ ਨਾਲ ਪਾਸੇ ਹੋ ਜਾ ਤੇਰੀਆ ਛਾਤੀਆਂ ਦੇ ਉਭਾਰਾ ਤੋ ਹਾਥੀ ਨੂੰ ਵਿਰੋਧੀ ਦੇ ਮੱਥੇ ਤੇ ਉਭਾਰਾਂ ਦਾ ਭੁਲੇਖਾ ਪੈਂਦਾ ਹੈ। ਉਹ ਤੈਨੂੰ ਫ਼ੇਟ ਮਾਰ ਸਕਦਾ ਹੈ। ਇਹ ਸ਼ਬਦ ਪਾਣੀ ਲੈਣ ਜਾਂਦੀ ਮੁਟਿਆਰ ਨੂੰ ਮਖ਼ੌਲ ਨਾਲ ਕਹੇ ਜਾਦੇ ਹਨ। [10]

— ਮਸਤੀ ਨਾਲ ਬਲ ਰਹੀਆ ਪੁੜਪੁੜੀਆਂ ਤੇ ਹਾਥੀਆਂ ਵੱਲੋਂ ਚਿੱਟੇ ਖੇੜੇ ਜਿਹਾ ਸੁੱਟਿਆ ਪਾਣੀ, ਕੰਨਾਂ ਤੱਕ ਪੁੱਜਦਾ ਹੋਇਆ ਚਿੱਟੇ ਫ਼ੁੱਲਾਂ ਵਾਂਗ ਲਿਸਕਦਾ ਹੈ। [11]

— ਹਾਥੀ ਦੇ ਪਿੰਡੇ ਦੇ ਚੰਬੜਿਆ ਗਾਰਾ ਪਾਣੀ ਵਿਚ ਘੁਲ ਗਿਆ ਹੈ ਅਤੇ ਕੰਵਲ ਫ਼ੁੱਲਾ ਦਾ ਪੁੰਕੇਸਰ ਆਪਣਾ ਹਲਕਾ ਜਾਮਨੀ ਰੰਗ ਸਾਰੇ ਪਿੰਡੇ ਨੂੰ ਦੇ ਗਿਆ ਹੈ। ਇੰਜ ਲੱਗਦਾ ਹੈ ਕਿ ਪਿਆਰ ਖੇਡ ਦੇ ਅੰਤ ਤੇ ਹਾਥੀ ਅਤੇ ਨਦੀ ਆਂਪਣੇ ਕੱਪੜੇ ਵਟਾ ਬੈਠੇ ਹਨ। [12]

— ਪਾਣੀ ਵਿਚਲੇ ਚੰਨਾਂ ਦੁਆਲੇ ਮਸਤ ਤਰਲ ਦੇ ਤੇਲ ਨਾਲ ਬਣੀਆਂ ਅੱਖਾਂ, ਜੋ ਪਾਣੀ ਦਾ ਸੁਹੱਪਣ ਸਨ, ਹਾਥੀ ਦੇ ਬਾਹਰ ਨਿਕਲਣ ਸਮੇਂ ਉਸਦੇ ਪਿੰਡੇ 'ਤੇ ਹੀ ਸੁੰਦਰ ਪੱਤੀਆਂ ਵਾਗ ਚਿਪਕ ਗਈਆਂ ਹਨ। [13]
ਦੂਜੇ ਹਾਥੀ ਤੇ ਹੱਲਾ ਕਰਨ ਤੋਂ ਰੋਕਣ ਵਾਸਤੇ ਮਹਾਵਤ ਨੇ ਇਸ ਹਾਥੀ

6 ਉਹੀ, II, 15,
7 ਉਹੀ, I, 19,
8 Meghadoota , Purva . Megha 35.
9 Shishupalvadha, V, 32.
10. ਉਹੀ, V, 34.
11 ਉਹੀ, V. 35
12. ਉਹੀ, V, 39.
13 ਉਹੀ, V, 40

ਦੇ ਕੰਨ ਕੋਲ ਇੰਨੀ ਜ਼ੋਰ ਦੀ ਆਰ ਮਾਰੀ ਹੈ ਕਿ ਲਹੂ ਵਗਣ ਲੱਗ ਪਿਆ ਹੈ। ਤਾ ਵੀ ਉਹ ਉਸਨੂੰ ਰੋਕ ਨਹੀ ਸਕਿਆ। ਇਹ ਤਕੜਾ ਹਾਥੀ ਇੰਜ ਕਾਬੂ ਨਹੀਂ ਆਉਂਦਾ। [14]

— ਕੁਝ ਸੱਪਾਂ ਵਾਲੇ ਹਨ, ਸੱਪਾਂ ਮੂੰਹੋ ਗਰਮ ਤਰਲ ਨਿਕਲ ਰਿਹਾ ਹੈ, ਅੰਦਰ ਸੜ ਰਿਹਾ ਹੈ, ਜਿਨ੍ਹਾ ਦੀ ਮਣੀ ਚਮਕ ਰਹੀ ਹੈ, ਨੂੰ ਸੰਦਲ ਦੇ ਰੁੱਖਾ ਨਾਲੋਂ ਵੱਖ ਕਰ ਲਿਆ ਗਿਆ ਹੈ ਅਤੇ ਹੋਰ ਨਾਗ (ਹਾਥੀ) ਇਥੇ ਬੰਨ੍ਹ ਦਿੱਤੇ ਗਏ ਹਨ। [15]

— ਦਰਖ਼ਤ ਨਾਲ ਚਿੰਬੜੇ ਮਕੌੜੇ, ਹਾਥੀ ਦੇ ਉਸ ਨਾਲ ਪਿੰਡਾ ਰਗੜਦਿਆ ਮਸਤ ਤਰਲ ਨਾਲ ਚੰਬੜ ਜਾਦੇ ਹਨ ਅਤੇ ਮੋਤੀਆ ਦੇ ਹਾਰ ਵਾਂਗ ਲੱਗਦੇ ਹਨ। [16]

— ਇਕ ਵੱਡੇ ਹਾਥੀ ਨੇ ਖੁੰਡਾ ਤੁੜਾਇਆ, ਮਸਤ ਤਰਲ ਨਾਲ ਉਸਦੀ ਸੁੰਡ ਭਿੱਜ ਗਈ, ਲੱਤਾਂ ਨਾਲ ਬੱਝੇ ਸੰਗਲ ਵੀ ਤੋੜ ਲਏ ਅਤੇ ਇਕਦਮ ਆਜ਼ਾਦ ਹੋ ਗਿਆ। [17]

— ਇਕ ਹਾਥੀ ਘੜੀ ਮੁੜੀ ਉਹਦੇ ਮੂਹਰੇ ਪਾਏ ਗਏ ਕਮਾਦ ਨੂੰ ਖਾ ਨਹੀ ਸੀ ਰਿਹਾ ਤੇ ਨਾ ਹੀ ਨੇੜੇ ਖੜ੍ਹੀ ਹਥਣੀ ਨੂੰ ਚੰਗੀ ਤਰ੍ਹਾਂ ਵੇਖ ਰਿਹਾ ਸੀ। ਆਪਣੀਆ ਅੱਖਾ ਬੰਦ ਕਰਕੇ ਉਹ ਆਪਣੀ ਜੰਗਲਾਂ ਵਾਲੀ ਆਜ਼ਾਦੀ ਦਾ ਆਨੰਦ ਲੈ ਰਿਹਾ ਸੀ। [18]

— ਚਿੱਟੇ ਤੰਬੂਆ ਅਤੇ ਚਿੱਟੇ ਰੱਸਿਆਂ ਵਾਲਾ ਸ਼ਾਹੀ ਡੇਰਾ ਜਿਸਦੇ ਦੁਆਲੇ ਹਾਥੀ ਬੱਧੇ ਹੋਏ ਸਨ ਇੰਜ ਲੱਗ ਰਿਹਾ ਸੀ ਜਿਵੇਂ ਕਾਲੇ ਬੱਦਲਾਂ ਵਿਚ ਚੰਨ ਘਿਰਿਆ ਹੋਵੇ। [19]

ਕਾਲੀਦਾਰ ਦਾ ਦੇਸ਼ ਨਿਕਾਲੇ ਵਾਲਾ ਯਸ਼ਕ ਯਕਸ਼ ਵੀ ਮੌਨਸੂਨ ਦੇ ਪਹਿਲੇ ਬੱਦਲਾਂ ਨੂੰ ਹਾਥੀ ਦੇ ਰੂਪ ਵਿਚ ਵੀ ਵੇਖਦਾ ਹੈ। ਬੱਦਲ ਨੂੰ ਹਾਥੀ ਦੇ ਰੂਪ ਵਿਚ ਹੀ ਵੇਖਦਾ ਹੈ। ਬੱਦਲ ਨੂੰ ਸੰਬੋਧਨ ਕਰਦਾ ਹੋਇਆ ਕਹਿੰਦਾ ਹੈ

— ਇਕ ਨਰਮ ਹਵਾ ਉਥੇ (ਦੇਵਗਿਰੀ ਪਰਬਤ 'ਤੇ) ਤੇਰਾ ਸਵਾਗਤ ਕਰੇਗੀ। ਉਸ ਵਿਚ ਤੇਰੇ ਰਸ ਨਾਲ ਭਰਪੂਰ ਧਰਤੀ ਤੇ ਖੁਸ਼ਬੂ ਹੋਵੇਗੀ, ਚਿੰਘਾੜਦੇ ਹਾਥੀ ਇਸਨੂੰ ਆਪਣੇ ਸੁੰਡਾ ਨਾਲ ਆਪਣੇ ਅੰਦਰ ਖਿਚਣਗੇ। ਯਕਸ਼ ਨੇ ਉਸਨੂੰ ਕਿਹਾ ਕਿ ਜਦੋਂ ਤੂੰ ਰੇਵਾ ਦਰਿਆ ਪਾਰ ਕਰ ਲਿਆ ਤਾਂ— ਐ ਬੱਦਲ ਤੂੰ ਤਾਂ ਧਰਤੀ ਤੇ ਖੜ੍ਹੇ ਹਾਥੀ ਵਾਂਗ ਕਾਲਾ ਹੈਂ ਪਰ ਜੰਗਲ ਦੀ ਖੁਸ਼ਬੋਈ ਸੁੰਘਦੇ ਹਾਥੀ ਤੇਰਾ ਮਾਰਗ ਦਰਸ਼ਨ ਕਰਨਗੇ। [20]

---

14. ਉਹੀ, V, 41,
15. ਉਹੀ, V, 45,
16 ਉਹੀ, V, 46,
17. Shishupalavadha, V, 48
18. ਉਹੀ, V, 50,
18. ਉਹੀ, V, 69.
20 Meghadoota Purva-Megha, 64,

ਅਲਕਾਪੁਰੀ ਵਿਚ ਆਪਣੇ ਘਰ ਬਾਰੇ ਦੱਸਦਾ ਯਕਸ਼ ਕਹਿੰਦਾ ਹੈ

— ਕੈਲਾਸ ਪਰਬਤ ਤਾਜ਼ਾ ਕੱਟੇ ਹਾਥੀ ਦੰਦ ਵਰਗਾ ਚਿੱਟਾ ਹੈ। [21]

— ਐ ਬੱਦਲ ਭਾਵੇਂ ਤੂੰ ਕਾਲਾ ਹੈਂ ਪਰ ਕੈਲਾਸ ਪਰਬਤ ਚਿੱਟਾ ਹੈ। [22]

— ਤੂੰ ਵੇਖੇਂਗਾ ਕਿ ਅਲਕਾਪੁਰੀ ਦੇ ਹਾਥੀ ਪਰਬਤਾ ਜਿੱਡੇ ਹਨ, ਉਹ ਤੇਰੇ ਪਾਣੀ ਸੁੱਟਣ ਵਾਂਗ ਹੀ ਮਸਤ ਤਰਲ ਕੱਢਦੇ ਹਨ। [23]

ਸਰਦੀ ਦੇ ਮੌਸਮ ਦੀ ਆਮਦ ਬਾਰੇ ਵਾਲਮੀਕ ਲਿਖਦਾ ਹੈ

— ਹਥਣੀਆ ਦੇ ਪਿਆਰੇ ਜਿਨ੍ਹਾਂ ਨੂੰ ਕੰਵਲ ਫੁੱਲ ਅਤੇ ਜੰਗਲ ਲੁਭਾਣੇ ਲੱਗਦੇ ਸਨ, ਫੁੱਲ ਜਿਨ੍ਹਾ ਨੂੰ ਖ਼ੁਸ਼ੀ ਨਾਲ ਭਰ ਦਿੰਦੇ ਸਨ, ਜਿਹੜੇ ਮਸਤ ਹੁੰਦੇ ਹੋਏ ਮਸਤ ਚਾਲ ਚਲਦੇ ਹਾਥੀ ਤੁਰੇ ਫ਼ਿਰਦੇ ਹਨ। [24]

— ਬਹਾਰ ਵਿਚ ਆਈ ਹਥਣੀ, ਆਪਣੇ ਬੱਚੇ ਸਮੇਤ ਮਸਤ ਹਾਥੀ ਪਿਛੇ ਜੰਗਲਾਂ ਵਿਚ ਮਸਤ ਚਾਲ ਚਲਦੀ ਤੁਰੀ ਫ਼ਿਰਦੀ ਹੈ। [25]

ਰਾਵਣ ਨੂੰ ਔਰਤਾਂ ਵਿਚ ਘਿਰੇ ਹੋਣ ਵਾਲੇ ਬਿਆਨ ਨੂੰ ਵਾਲਮੀਕ ਇੰਜ ਦੱਸਦਾ ਹੈ ਜਿਵੇਂ ਕੋਈ ਜੰਗਲੀ ਹਾਥੀ ਹਥਣੀਆ ਵਿਚਕਾਰ ਘਿਰਿਆ ਹੋਵੇ। ਜਦੋਂ ਰਾਜਾ ਦਸਰਥ ਦੀ ਮੌਤ ਹੋਈ ਤਾ ਉਸਦੀਆਂ ਰਾਣੀਆਂ ਨੇ ਜੋ ਵੈਣ ਪਾਏ ਉਹ ਬਿਲਕੁਲ ਉਸੇ ਤਰ੍ਹਾ ਦੇ ਸਨ ਜਿਹੋ ਜਿਹੇ ਕਿ ਕਿਸੇ ਹਾਥੀ ਦੇ ਮਰਨ ਤੇ ਹਥਣੀਆ ਪਾਉਂਦੀਆ ਹਨ। ਜਦੋ ਸੀਤਾ ਨੂੰ ਲੰਕਾ ਵਿਚ ਕੈਦ ਰਖਿਆ ਗਿਆ ਤਾ ਉਸ ਵੇਲੇ ਰਾਵਣ ਨੇ ਉਸਦੀ ਰਖਵਾਲੀ ਕਰ ਰਹੀ ਰਾਖ਼ਸ ਔਰਤ ਨੂੰ ਕਿਹਾ ਸੀ ਕਿ ਉਹ ਹਾਥੀ ਨੂੰ ਸਿਧਾਉਣ ਵਾਲੀਆਂ ਸਾਰੀਆਂ ਚਲਾਕੀਆਂ ਨੂੰ ਸੀਤਾ 'ਤੇ ਲਾਗੂ ਕਰੇ। ਕੈਦ ਸੀਤਾ ਨੂੰ ਇਹੋ ਜਿਹੀ ਹਥਣੀ ਨਾਲ ਤੁਲਨਾ ਦਿੱਤੀ ਗਈ ਹੈ ਜਿਸਨੂੰ ਝੁੰਡ ਵਿਚੋਂ ਫੜ ਕੇ, ਕਿੱਲੇ ਨਾਲ ਬੱਧਾ ਗਿਆ ਹੋਵੇ ਜਿਥੇ ਉਹ ਵਿਚਾਰੀ ਲੰਮੇ ਅਤੇ ਔਖੇ ਸਾਹ ਲੈ ਰਹੀ ਹੋਵੇ। ਕਈ ਹੋਰ ਥਾਵਾ 'ਤੇ ਵਾਲਮੀਕ ਨੇ ਉਦਾਸ ਔਰਤਾ ਦੀ ਤੁਲਨਾ ਝੁੰਡ ਤੋਂ ਵੱਖ ਕੀਤੀ ਹਥਣੀ ਨਾਲ ਕੀਤੀ ਹੈ।

ਸੰਸਕ੍ਰਿਤ ਸਾਹਿਤ ਵਿਚ ਔਰਤ ਦੀ ਮਸਤ ਚਾਲ ਨੂੰ ਹਾਥੀ ਦੀ ਚਾਲ ਨਾਲ ਤੁਲਨਾ ਦਿੱਤੀ ਗਈ ਹੈ। ਰਾਮਾਇਣ ਵਿਚ ਔਰਤ ਦੇ ਸੁੰਦਰ ਪੱਟਾਂ ਨੂੰ ਹਾਥੀ ਦੇ ਸੁੰਡ ਵਰਗੇ ਕਹਿ ਕੇ ਵਡਿਆਇਆ ਗਿਆ ਹੈ।

ਰਾਵਣ ਦੀਆਂ ਔਰਤਾਂ ਪਿਆਰ ਕਰਨ ਵਿਚ ਅਤੇ ਨਸ਼ਾ ਕਰਨ ਵਿਚ ਏਨੀਆਂ ਮਸਤ ਹੋ ਜਾਂਦੀਆਂ ਕਿ ਉਹਨਾਂ ਦੇ ਕੰਨਾਂ ਦੇ ਵਾਲੇ ਡਿਗ ਪੈਂਦੇ, ਹਾਰ ਟੁੱਟ ਕੇ ਖਿਲਰ ਜਾਂਦੇ ਅਤੇ ਉਹ ਇੰਜ ਲੱਗਦੀਆਂ ਜਿਵੇਂ ਕਿਸੇ ਡਿੱਗੀ ਹੋਈ ਅੰਗੂਰਾ ਦੀ ਵੇਲ ਨੂੰ ਜੰਗਲੀ ਹਾਥੀ ਨੇ ਲਤੜਿਆ ਹੋਇਆ ਹੋਵੇ।

---

21 ਉਹੀ, 22,

22 ਉਹੀ, 63,

23. Meghadoota : Uttura Megha, 13.

24. Ramayana : Kishkindha Kanda, xxx, 35.

25 ਉਹੀ, xxx, 34.


4

# ਸ਼ਿਕਾਰ ਦੌਰਾਨ ਖ਼ਤਰੇ

### ਮਸਤ ਅਵਸਥਾ

ਕਦੇ ਕਦੇ ਜਵਾਨ ਹਾਥੀ ਮਸਤ ਵੀ ਹੋ ਜਾਂਦੇ ਹਨ। ਕੁਝ ਮਾਹਰ ਤਾ ਕਹਿੰਦੇ ਹਨ ਕਿ ਇਹ ਸਰਦੀਆਂ ਵਿਚ ਵਧੇਰੇ ਹੁੰਦਾ ਹੈ। ਉੱਤਰ ਪ੍ਰਦੇਸ ਦੇ ਤਰਾਈ ਵਿਚਲੇ ਜੰਗਲਾ ਵਿਚ ਮੈ ਇਕ ਹਾਥੀ ਨੂੰ ਮਈ ਦੇ ਮਹੀਨੇ ਵੀ ਮਸਤੀ ਵਿਚ ਵੇਖਿਆ ਸੀ।

ਜਦੋਂ ਹਾਥੀ ਮਸਤੀ ਵਿਚ ਆਉਂਦਾ ਹੈ ਤਾ ਉਸਦੀਆਂ ਪੁੜਪੁੜੀਆਂ ਵਿਚ ਸਥਿਤ ਦੋ ਬਰੀਕ ਛੇਕਾਂ ਵਿਚੋ ਇਕ ਤਰਲ ਨਿਕਲਦਾ ਹੈ ਜਿਸਨੂੰ ਮਾਦਾ ਜਾ ਮਸਤ ਤਰਲ ਕਿਹਾ ਜਾਂਦਾ ਹੈ। ਇਹ ਛੇਕ ਟੇਢੇ ਹੁੰਦੇ ਹਨ ਅਤੇ ਕੋਈ ਇਕ ਇਕ ਸੈਟੀਮੀਟਰ ਲੰਮੇ ਹੁੰਦੇ ਹਨ ਜੋ ਆਮ ਤੌਰ ਤੇ ਬੰਦ ਹੀ ਰਹਿੰਦੇ ਹਨ ਅਤੇ ਆਸਾਨੀ ਨਾਲ



ਵੇਖੇ ਨਹੀਂ ਜਾ ਸਕਦੇ। ਮਸਤੀ ਵਿਚ ਪੁੜਪੁੜੀਆਂ ਫ਼ੁਲ ਜਾਂਦੀਆ ਹਨ ਅਤੇ ਇਹ ਮੋਰੀਆ ਵਾਗ ਦਿੱਸਣ ਲੱਗ ਪੈਂਦੇ ਹਨ। ਇਹਨਾਂ ਵਿਚੋ ਮਾਦਾ ਬਾਹਰ ਆਉਣਾ ਸ਼ੁਰੂ ਹੋ ਜਾਂਦਾ ਹੈ।

ਇਹ ਮੋਰੀਆਂ ਹਾਥੀ ਅਤੇ ਹਥਣੀਆ ਦੋਹਾ ਵਿਚ ਹੀ ਹੁੰਦੀਆ ਹਨ ਪਰ ਮਾਦਾ ਕੇਵਲ ਹਾਥੀਆਂ ਦੀਆਂ ਮੋਰੀਆ ਵਿਚੋਂ ਹੀ ਨਿਕਲਦਾ ਹੈ। ਪੁਰਾਣੀਆਂ ਲਿਖਤਾਂ ਵਿਚ ਕੁਝ ਅਜਿਹੇ ਵੇਰਵੇ ਮਿਲਦੇ ਹਨ ਜਿਥੇ ਹੁਣੇ ਹੁਣੇ ਕਾਬੂ ਕੀਤੀਆਂ ਗਈਆ ਹਥਣੀਆਂ ਦੀਆ ਪੁੜਪੁੜੀਆਂ ਵਿਚੋਂ ਵੀ ਮਾਦਾ ਵਗਦਾ ਨਜਰ ਆਉਂਦਾ ਸੀ। ਪਰ ਇਹ ਗੱਲ ਕਦੇ ਵੀ ਪਾਲਤੂ ਹਥਣੀਆਂ ਵਿਚ ਨਹੀਂ ਵੇਖੀ ਗਈ। ਪੁਰਾਣੇ ਸਮੇਂ ਵਿਚ ਕੁਝ ਸ਼ਿਕਾਰੀ ਇਸ ਨੂੰ ਮੈਲ ਵੀ ਕਹਿੰਦੇ ਰਹੇ ਹਨ, ਮਾਦਾ ਨਹੀਂ। ਪਰ ਮੈਲ (ਗੰਦ) ਦੀ ਬਦਬੂ ਭੈੜੀ ਹੁੰਦੀ ਹੈ ਜਦ ਕਿ ਇਸ ਮਾਦੇ ਵਿਚੋਂ ਤਾ ਇਕ ਤਰ੍ਹਾਂ ਦੀ ਮਹਿਕ ਆਉਂਦੀ ਹੈ। ਜਦੋਂ ਹਥਣੀਆ ਬਹਾਰ ਵਿਚ ਆਉਂਦੀਆ ਹਨ ਤਾਂ ਉਹਨਾ ਦਾ ਵਤੀਰਾ ਔਖੜ ਹੁੰਦਾ ਵੇਖਣ ਵਿਚ ਨਹੀਂ ਆਇਆ, ਪਰ ਹਾਥੀ ਸੰਤੁਲਨ ਗਵਾ ਬੈਠਦੇ ਹਨ ਅਤੇ ਕਈ ਵਾਰ ਖ਼ਤਰਨਾਕ ਵੀ ਹੋ ਜਾਦੇ ਹਲ। ਇਸੇ ਕਰਕੇ ਹੀ ਚਿੜੀਆਘਰਾ ਅਤੇ ਸਰਕਸਾ ਆਦਿ ਵਿਚ ਹਾਥੀਆਂ ਨਾਲ ਹਥਣੀਆਂ ਵੀ ਰੱਖੀਆਂ ਜਾਂਦੀਆਂ ਹਨ।

ਇਹ ਮਾਦਾ ਬੜਾ ਗਾੜ੍ਹਾ, ਥਿੰਦਾ ਪਦਾਰਥ ਹੈ ਜੋ ਭੂਰੇ ਕਾਲੇ ਰੰਗ ਦਾ ਅਤੇ ਤਿੱਖੀ ਗੰਧ ਵਾਲਾ ਹੁੰਦਾ ਹੈ। ਅੱਧਖੜ ਉਮਰ ਦੇ ਅਤੇ ਵੱਡੀ ਉਮਰ ਦੇ ਹਾਥੀਆਂ ਵਿਚ ਤਾ ਇਹਦਾ ਰੰਗ ਕਾਲਾ ਹੀ ਸਮਝੋ ਜਦ ਕਿ ਜਵਾਨ ਹਾਥੀਆ ਦੇ ਮਾਦੇ ਦਾ ਰੰਗ ਭੂਰਾ ਹੁੰਦਾ ਹੈ। ਹਾਥੀ ਦੀ ਉਮਰ ਅਤੇ ਸਿਹਤ ਦੇ ਹਿਸਬ ਨਾਲ ਹੀ ਇਹ ਵੱਧ ਜਾ ਘੱਟ ਹੁੰਦਾ ਹੈ।

ਪਹਿਲੀ ਵਾਰ ਇਹ 15 ਕੁ ਸਾਲ ਦੀ ਉਮਰ ਵਿਚ ਨਿਕਲਦਾ ਹੈ। ਇਹ ਏਨਾ ਥੋੜ੍ਹਾ ਹੁੰਦਾ ਹੈ ਕਿ ਇਸਦੀਆਂ ਬੂੰਦਾ 25 ਸੈਂਟੀਮੀਟਰ ਤੋਂ ਅੱਗੇ ਨਹੀਂ ਜਾ ਸਕਦੀਆਂ। ਪੈਂਤੀ ਸਾਲ ਦੀ ਉਮਰ ਤਕ ਇਹ ਬਹੁਤਾ ਨਹੀ ਹੁੰਦਾ ਅਤੇ ਜਾਨਵਰ ਦਾ ਵਤੀਰਾ ਵੀ ਬਹੁਤਾ ਪ੍ਰਭਾਵਿਤ ਨਹੀ ਹੁੰਦਾ। ਪੈਂਤੀ ਅਤੇ ਪੰਜਤਾਲੀ ਦੀ ਉਮਰ ਵਿਚਾਲੇ ਇਹ ਏਨਾ ਹੋ ਜਾਂਦਾ ਹੇ ਕਿ ਹਾਥੀ ਦਾ ਮੂੰਹ ਦੋਹਾ ਪਾਸਿਆ ਤੋ ਭਿੱਜ ਜਾਦਾ ਹੈ ਅਤੇ ਕਈ ਵਾਰ ਇਸਦੇ ਤੁਪਕੇ ਧਰਤੀ 'ਤੇ ਵੀ ਡਿੱਗਣੇ ਸੁਰੂ ਹੋ ਜਾਂਦੇ ਹਨ। ਇਹ ਉਦੋ ਹੀ ਹੁੰਦਾ ਹੈ ਜਦੋਂ ਹਾਥੀ ਪੂਰੀ ਮਸਤੀ ਵਿਚ ਹੋਵੇ। ਜਦੋ ਜਾਨਵਰ ਗੁੱਸੇ ਵਿਚ ਹੋਵੇ ਤਾ ਇਸ ਦਾ ਵਗਣਾ ਹੋਰ ਵਧ ਜਾਂਦਾ ਹੈ। ਵਧੀਆ ਨਸਲ ਦੇ ਹਾਥੀਆਂ ਦੀ ਗੱਲ ਕਰਦਾ ਵਾਲਮੀਕ ਦੱਸਦਾ ਹੈ ਕਿ ਉਹ ਪਹਾੜਾ ਜਿੱਡੇ, ਤਕੜੇ ਅਤੇ ਮਸਤ ਹਨ ਜਿਨ੍ਹਾ ਦੀਆਂ ਪੁੜਪੁੜੀਆਂ ਵਿਚੋਂ ਇਹ ਮਾਦਾ ਲਗਾਤਾਰ ਵਗਦਾ ਰਹਿੰਦਾ ਹੈ। ਇਸ ਮਾਦੇ ਬਿਨਾ ਹਾਥੀਆ ਨੂੰ ਨਹਿਸ ਗਿਣਿਆ ਜਾਦਾ ਹੈ।

ਇਸ ਮਾਦੇ ਦੀ ਗੰਧ ਬੜੀ ਤਿੱਖੀ ਅਤੇ ਚੁੱਭਵੀ ਹੁੰਦੀ ਹੇ। ਤਜਰਬੇ ਵਾਲੇ ਲੋਕ ਇਸ ਗੰਧ ਤੋ ਇਹ ਹਿਸਾਬ ਲਾ ਲੈਂਦੇ ਨੇ ਕਿ ਨੇੜੇ ਤੇੜੇ ਕੋਈ ਮਸਤ ਹਾਥੀ ਫ਼ਿਰਦਾ ਪਿਆ ਹੈ। ਕੁਝ ਸ਼ਿਕਾਰੀਆ ਕੋਲੋ ਤਾ ਇਹ ਗੰਧ ਝੱਲੀ ਹੀ ਨਹੀ ਜਾਦੀ। ਸੰਸਕ੍ਰਿਤ ਸਾਹਿਤ ਵਿਚ ਇਸ ਨੂੰ ਦੁਰਗੰਧ ਨਹੀ ਕਿਹਾ ਗਿਆ। ਕਿਰਤਾਰਜੁਨੀਯਾ

(Kıratarjunıya) ਵਿਚ ਤਾ ਇਸ ਨੂੰ ਸਪਤਪਰਨਾ ਜਾ ਸੋਏ ਦੇ ਫ਼ੁੱਲਾਂ ਵਰਗੀ ਦੱਸਿਆ ਗਿਆ ਹੈ।

ਜੀਵ ਵਿਗਿਆਨੀਆਂ ਅਨੁਸਾਰ ਇਹ ਮਾਦਾ ਤਰਲ ਹੈ ਜੋ ਪੁੜਪੁੜੀਆਂ ਨੇੜੇ ਦੀਆਂ ਗਿਲਟੀਆ ਵਿਚੋਂ ਨਿਕਲਦਾ ਹੈ। ਜਦੋ ਹਾਥੀ ਮਸਤਿਆ ਹੁੰਦਾ ਹੈ ਤਾਂ ਇਹ ਗਿਲਟੀਆਂ ਫੁੱਲ ਜਾਦੀਆ ਹਲ ਅਤੇ ਇਹ ਪੁੜਪੁੜੀਆ ਗਰਮ ਅਤੇ ਸੁੱਜ ਗਈਆਂ ਲਗਦੀਆਂ ਹਨ।

ਇਹ ਤਰਲ ਕੋਈ 40 ਦਿਨ ਤੱਕ ਵਗਦਾ ਰਹਿੰਦਾ ਹੈ। ਪਹਿਲੇ ਕੁਝ ਦਿਨ ਬਹੁਤ ਥੋੜ੍ਹਾ, ਫਿਰ ਵਧਦਾ ਵਧਦਾ ਅਧੇ ਸਮੇਂ ਤੱਕ ਬਹੁਤ ਹੋ ਜਾਦਾ ਹੈ ਤੇ ਫਿਰ ਘਟਦਾ ਘਟਦਾ ਅੰਤ ਤੇ ਉੱਕਾ ਹੀ ਸੁੱਕ ਜਾਦਾ ਹੈ। ਇਸ ਸਮੇਂ ਹਾਥੀ ਨੂੰ ਘੜੀ ਮੁੜੀ ਪਿਸ਼ਾਬ ਆਉਂਦਾ ਹੈ। ਇੰਜ ਲਗਦਾ ਹੈ ਜਿਵੇਂ ਉਹ ਹਰ ਵੇਲੇ ਪਿਸਾਬ ਹੀ ਕਰੀ ਜਾਂਦਾ ਹੋਵੇ। ਇਸ ਵੇਲੇ ਪਿਸਾਬ ਦਾ ਰੰਗ ਗਾੜ੍ਹਾ ਪੀਲਾ ਹੁੰਦਾ ਹੈ ਅਤੇ ਇਸਦੀ ਗੰਧ ਤਿੱਖੀ ਹੁੰਦੀ ਹੈ ਜੋ ਮਾਦੇ ਦੀ ਗੰਧ ਨਾਲ ਹੀ ਰਲਦੀ ਮਿਲਦੀ ਹੁੰਦੀ ਹੈ।

ਇਹਨਾਂ ਸਰੀਰਕ ਤਬਦੀਲੀਆ ਦੇ ਨਾਲ ਨਾਲ ਜਾਨਵਰ ਦੇ ਸੁਭਾਅ ਅਤੇ ਵਤੀਰੇ ਵਿਚ ਵੀ ਫ਼ਰਕ ਆਉਂਦਾ ਹੈ। ਇਹਨਾ ਦੇ ਸਿੱਟੇ ਗੰਭੀਰ ਵੀ ਹੋ ਸਕਦੇ ਹਨ। ਮਾਦੇ ਦੇ ਵਗਣ ਤੋਂ ਚਾਲੀ ਦਿਨ ਪਹਿਲਾ ਅਤੇ ਬੰਦ ਹੋਣ ਤੋਂ ਚਾਲੀ ਦਿਨ ਪਿਛੋਂ ਤੱਕ ਜਾਨਵਰ ਦਾ ਵਤੀਰਾ ਅਸਾਧਾਰਣ ਰਹਿੰਦਾ ਹੈ। ਇੰਜ ਮਸਤੀ ਦੀ ਅਵਸਥਾ 120 ਦਿਨ ਰਹਿੰਦੀ ਹੈ। ਕੁਝ ਮਾਹਰ ਇਸ ਅਵਸਥਾ ਨੂੰ ਕੁਝ ਦਿਨਾ ਤੋਂ ਲੈ ਕੇ ਪੰਜ ਮਹੀਨੇ ਤੱਕ ਦੀ ਦੱਸਦੇ ਹਨ ਜੋ ਕਿ ਜਾਨਵਰ ਦੀ ਉਮਰ ਅਤੇ ਸਿਹਤ ਉਤੇ ਨਿਰਭਰ ਕਰਦੀ ਹੈ।

ਮਾਦੇ ਦੇ ਵਗਣ ਤੋਂ ਪਹਿਲਾ ਦੀ ਅਵਸਥਾ ਨੂੰ ਕਾਲੀਦਾਸ ਨੇ ਅੰਤਰ ਮਦ ਅਵਸਥਾ ਜਾਂ ਅਰਧ-ਮਸਤ ਅਵਸਥਾ ਦਾ ਨਾ ਦਿੱਤਾ ਹੈ। ਰਾਜੇ ਦਲੀਪ ਬਾਰੇ ਲਿਖਦਾ ਉਹ ਕਹਿੰਦਾ ਹੈ—ਭਾਵੇਂ ਉਸਨੇ ਸਭ ਸ਼ਾਹੀ ਬਸਤਰ ਉਤਾਰ ਦਿੱਤੇ ਹਲ ਪਰ ਉਸਦਾ ਸਡੌਲ ਸਰੀਰ ਅਤੇ ਸਾਹੀ ਸਾਨ ਵਾਲਾ ਮੱਥਾ ਇੰਜ ਲੱਗ ਰਿਹਾ ਹੈ ਜਿਵੇਂ ਕਿ ਮਾਦਾ ਵਗਣ ਤੋਂ ਬਿਨਾ ਕੋਈ ਹਾਥੀ ਅਰਧ-ਮਸਤੀ ਦੀ ਹਾਲਤ ਵਿਚ ਹੋਵੇ।

ਮਾਹਰ, ਇਸ ਤਰਲ ਦੇ ਆਉਣ ਤੋਂ ਬਹੁਤ ਪਹਿਲਾਂ ਹੀ ਹਾਥੀ ਦੀ ਮਸਤ ਅਵਸਥਾ ਬਾਰੇ ਅਨੁਮਾਨ ਲਾ ਲੈਂਦੇ ਹਨ। ਜਾਨਵਰ ਦੀਆਂ ਅੱਖਾਂ ਤੇਜ਼ ਹੋ ਜਾਦੀਆਂ ਹਨ। ਉਹ ਬਾਗੀ ਹੁੰਦਾ ਲੱਗਦਾ ਹੈ। ਉਸਦਾ ਸੁਭਾਅ ਚਿੜਚਿੜਾ ਜਿਹਾ ਹੁੰਦਾ ਜਾਂਦਾ ਹੈ। ਆਮ ਸਥਿਤੀ ਨਾਲੋਂ ਉਸਦਾ ਵਤੀਰਾ ਅਤੇ ਹਰਕਤਾਂ ਵੱਖਰੀਆ ਹੋ ਜਾਂਦੀਆ ਹਨ।

ਮਸਤ ਹਾਥੀ ਹੁਕਮ ਮੰਨ ਸਕਦਾ ਹੈ ਪਰ ਉਹ ਨਾ ਤਾ ਛੇਤੀ ਛੇਤੀ ਅਤੇ ਨਾ ਹਰ ਵੇਲੇ ਹੀ ਮੰਨਦਾ ਹੈ। ਉਹ ਆਪਣੀ ਮਰਜ਼ੀ ਨਾਲ ਕੰਮ ਕਰਨ ਦੀ ਇੱਛਾ ਕਰਦਾ ਹੈ। ਬਹੁਤ ਆਗਿਆਕਾਰ ਅਤੇ ਸਿਧਾਏ ਹੋਏ ਹਾਥੀ ਵੀ ਮਹਾਵਤ ਦਾ ਕਿਹਾ ਨਹੀਂ ਮੰਨਦੇ। ਭਾਵੇਂ ਮਸਤਿਆ ਹਾਥੀ ਖ਼ਤਰਨਾਕ ਅਤੇ ਹੱਲਾਗੁੱਲਾ ਕਰਨ ਵਾਲਾ ਨਾ ਵੀ ਹੋਵੇ, ਤਾ ਛੇੜ ਛਾੜ ਕਰਨ ਨਾਲ ਉਹ ਇੰਜ ਦਾ ਹੋ ਸਕਦਾ ਹੈ।

ਜਦੋਂ ਮਸਤਿਆ ਹਾਥੀ ਕਾਬੂ ਵਿਚ ਨਾ ਰਹੇ ਅਤੇ ਪਾਗਲਾ ਵਾਗ ਹੋ ਜਾਵੇ ਤਾ ਜਾਨ ਮਾਲ ਲਈ ਖਤਰਾ ਬਣ ਸਕਦਾ ਹੈ। ਫ਼ਿਰ ਤਾਂ ਇਕੋ ਹੀ ਰਾਹ ਰਹਿ ਜਾਦਾ ਹੈ ਕਿ ਉਸਨੂੰ ਗੋਲੀ ਮਾਰ ਦਿੱਤੀ ਜਾਵੇ। ਤਬਾਹੀ ਕਰ ਰਹੇ ਹਰ ਹਾਥੀ ਨੂੰ ਆਮ ਤੌਰ ਤੇ ਪਾਗਲ ਹੀ ਸਮਝਿਆ ਜਾਦਾ ਹੈ। ਇਹ ਤਾ ਇਕ ਗਲਤਫਹਿਮੀ ਹੈ। ਹਾਥੀਆ ਦਾ ਪਾਗਲਪਣ ਬਿਲਕੁਲ ਹੀ ਵੱਖਰੀ ਤਰ੍ਹਾ ਦਾ ਹੁੰਦਾ ਹੈ। ਘਰੇਲੂ ਹਾਥੀਆਂ ਵਿਚ ਇਸ ਪਾਗਲਪਣ ਦਾ ਕਾਰਣ ਇਹ ਭੰਨ ਤੋੜ ਵੀ ਹੋ ਸਕਦੀ ਹੈ। ਹਾਥੀ ਨਾਲ ਮਾੜੇ ਵਤੀਰੇ ਦਾ ਵੀ ਇਹ ਸਿੱਟਾ ਹੋ ਸਕਦਾ ਹੈ।

ਜਿਵੇਂ ਜਿਵੇ ਇਹ ਮਸਤ ਅਵਸਥਾ ਦੀ ਤੀਖਣਤਾ ਵਧਦੀ ਹੈ, ਸੁਭਾਵਕ ਤੌਰ ਤੇ ਹਾਥੀ ਹੋਰ ਚਿੜਚਿੜਾ ਅਤੇ ਲੜਾਕਾ ਹੋਈ ਜਾਂਦਾ ਹੈ। ਉਹ ਹਰ ਇਕ ਨਾਲ ਹੀ ਔਖਾ ਹੁੰਦਾ ਰਹਿੰਦਾ ਹੈ। ਆਪਣੇ ਬਹੁਤ ਨੇੜੇ ਵਾਲਿਆ ਤੋਂ ਅਤੇ ਜਿਨ੍ਹਾਂ 'ਤੇ ਉਹ ਨਿਰਭਰ ਹੁੰਦਾ ਹੈ ਉਨ੍ਹਾ ਤੇ ਵੀ ਉਹ ਚਿੜ੍ਹਦਾ ਹੈ। ਸਭ ਤੋਂ ਪਹਿਲਾ ਤਾਂ ਉਹ ਸਾਭ-ਸੂਤ ਕੇ ਰੱਖਣ ਵਾਲਿਆ ਅਤੇ ਇਸ਼ਨਾਨ ਕਰਾਉਣ ਵਾਲੇ ਨੌਕਰਾ ਦੁਆਲੇ ਹੀ ਹੁੰਦਾ ਹੈ। ਇਕ ਅਨੋਖੀ ਗੱਲ ਇਹ ਹੈ ਕਿ ਅਜਿਹੇ ਵੇਲੇ ਉਹ ਕਿਸੇ ਓਪਰੇ ਮਹਾਵਤ ਦੇ ਆਖੇ ਲੱਗ ਸਕਦਾ ਹੈ। ਇੰਜ ਅਕਸਰ ਇਹੋ ਜਿਹੇ ਹਾਥੀਆ ਨੂੰ ਕਾਬੂ ਕਰਨ ਵਾਸਤੇ ਮਹਾਵਤ ਬਾਹਰੋ ਹੀ ਮੰਗਵਾਏ ਜਾਦੇ ਹਨ। ਜੇ ਜਾਨਵਰ ਖੁੱਲ੍ਹਾਂ ਹੋਵੇ ਤਾਂ ਪੁਚਕਾਰ ਕੇ ਉਸਨੂੰ ਸੰਗਲ ਪਾਉਣ ਤੱਕ ਲੈ ਜਾਇਆ ਜਾਦਾ ਹੈ। ਅਗਲੀ ਅਤੇ ਪਿਛਲੀ ਲੱਤ ਨੂੰ ਕੋਈ 9 ਮੀਟਰ ਲੰਮੇ ਦੋ ਸੰਗਲ ਪਾਏ ਜਾਦੇ ਹਨ ਅਤੇ ਅੱਗੇ ਪਿੱਛੇ ਬੱਧੇ ਜਾਦੇ ਹਨ।

ਤਜਰਬਾਕਾਰ ਮਹਾਵਤ ਹਾਥੀਆ ਨੂੰ ਬੇਕਾਬੂ ਹੋਣ ਤੋ ਪਹਿਲਾ ਹੀ ਬੰਨ੍ਹ ਲੈਂਦੇ ਹਨ। ਉਹਨਾ ਨੂੰ ਬਾਹਰ ਹੀ ਰੱਖਿਆ ਜਾਦਾ ਹੈ ਅਤੇ ਖ਼ੁਰਾਕ ਘਟਾ ਦਿੱਤੀ ਜਾਦੀ ਹੈ। ਖੁਰਾਕ ਨਾਲ ਉਨ੍ਹਾ ਨੂੰ ਨਸ਼ੇ ਵਾਲਾ ਪਦਾਰਥ ਵੀ ਕੁਝ ਦਿੱਤਾ ਜਾਦਾ ਹੈ। ਪੁਰਾਣੇ ਮਹਾਵਤ ਆਟੇ ਦੇ ਪੇੜੇ ਵਿਚ ਅਫ਼ੀਮ ਦੀ ਗੋਲੀ ਦੇ ਦਿੰਦੇ ਸਨ। ਅੱਜ ਕਲ੍ਹ ਬਰੋਮਾਈਡ ਕਾਫ਼ੀ ਮਾਤਰਾ ਵਿਚ ਦਿੱਤੀ ਜਾਂਦੀ ਹੈ। ਤਮਾਖੂ ਵੀ ਸਹਾਇਕ ਹੋ ਸਕਦਾ ਹੈ। 450 ਗ੍ਰਾਮ ਨਸਵਾਰ ਵੀ ਪ੍ਰਤੀਦਿਨ ਦੇਣ ਨਾਲ ਹਾਥੀ ਅਸੰਤੁਲਿਤ ਨਹੀ ਹੁੰਦਾ। ਬਾਲਟੀਮੂਰ ਦੇ ਪਾਰਕ ਵਿਚ ਇਹ ਨਸਵਾਰ ਹਾਥੀਆ ਦੀ ਰੋਜ਼ ਦੀ ਖ਼ੁਰਾਕ ਦਾ ਭਾਗ ਹੈ।

ਜਦੋਂ ਤੱਕ ਮਸਤੇ ਹਾਥੀ ਦੀ ਮਸਤੀ ਘਟਦੀ ਨਹੀਂ, ਉਸਨੂੰ ਖੁਰਾਕ ਵੀ ਦੂਰੋ ਹੀ ਦਿੱਤੀ ਜਾਂਦੀ ਹੈ। ਤਿੰਨ ਜਾ ਚਾਰ ਮਹੀਨੇ ਉਸ ਤੋ ਕੋਈ ਵੀ ਕੰਮ ਨਹੀ ਲਿਆ ਜਾਦਾ ਭਾਵੇ ਮਸਤੀ ਦੇ ਆਰੰਭਕ ਦਿਨਾਂ ਵਿਚ ਕੁਝ ਕੰਮ ਲਿਆ ਜਾ ਸਕਦਾ ਹੈ।

ਜੰਗਲ ਵਿਚ ਇਹ ਮਸਤ ਹਾਥੀ ਆਪਣੇ ਆਪ ਹੀ ਨਹੀਂ ਭੌਂਦੇ ਫਿਰਦੇ। ਉਹ ਅਕਸਰ ਝੁੰਡਾ ਨਾਲ ਹੀ ਵੇਖੇ ਜਾਂਦੇ ਹਨ। ਕਦੇ ਕਦੇ ਉਹ ਵੱਖਰੇ ਹੋ ਜਾਂਦੇ ਹਨ ਪਰ ਝੁੰਡ ਤੋ ਉਹ ਬਹੁਤੀ ਦੂਰ ਨਹੀ ਜਾਂਦੇ। ਮਸਤ ਹਾਥੀ ਅਸਾਧਾਰਣ ਸ਼ਕਤੀ ਦਾ ਮਾਲਕ ਹੁੰਦਾ ਹੈ ਅਤੇ ਦੂਜੇ ਹਾਥੀ ਉਸ ਕੋਲ ਜਾਣ ਦੀ ਹਿੰਮਤ ਨਹੀਂ ਕਰਦੇ।

ਇਸ ਮਸਤੀ ਬਾਰੇ ਪੁਰਾਣੇ ਮਹਾਵਤ ਬੜੀਆ ਗੱਲਾ ਦੱਸਦੇ ਹਨ। ਉਹ ਦੱਸਦੇ ਹਨ ਕਿ ਇਹ ਮਾਦਾ ਖੋਪਰੀ ਵਿਚੋਂ ਆਉਂਦਾ ਹੈ, ਜਦੋਂ ਇਹ ਵਧ ਜਾਦਾ ਹੈ ਤਾਂ ਹਾਥੀ ਦੀ ਮਾਨਸਿਕ ਬਣਤਰ ਵਿਗੜ ਜਾਂਦੀ ਹੈ। ਉਹ ਇਹ ਵੀ ਸੋਚਦੇ ਹਨ ਕਿ ਇਸ ਮਸਤੀ ਦਾ ਕਾਮ-ਇੱਛਾ ਨਾਲ ਸਬੰਧ ਹੋ ਸਕਦਾ ਹੈ। ਜੇ ਪਹਿਲੇ 40 ਦਿਨਾਂ ਵਿਚ ਅਜਿਹਾ ਹਾਥੀ ਭੋਗ ਕਰ ਲਵੇ ਤਾਂ ਉਹ ਸੰਤੁਲਨ ਨਹੀਂ ਗਵਾਉਂਦਾ। ਉਂਜ ਇਸਦਾ ਠੀਕ ਠੀਕ ਪਤਾ, ਹਾਥੀ ਦੇ ਜਵਾਨ ਹੋਣ ਨਾਲ ਸੰਬੰਧਿਤ, ਜਾ ਕਾਮ ਨਾਲ ਮਸਤੀ ਦੇ ਸੰਬੰਧ ਆਦਿ ਬਾਰੇ ਚੰਗੀ ਤਰ੍ਹਾਂ ਅਧਿਅਨ ਅਜੇ ਨਹੀ ਕੀਤਾ ਗਿਆ।

ਪਿਛੇ ਜਹੇ ਉਦੈਗਿਰੀ ਨਾ ਦਾ ਇਕ ਹਾਥੀ ਮਸਤੀ ਵਿਚ ਵਿਗੜ ਗਿਆ। ਇਹ ਹਾਥੀ ਰਾਸ਼ਟਰਪਤੀ ਵਾਲੇ ਕਾਫ਼ਲੇ ਵਿਚੋਂ ਸੀ ਅਤੇ ਕੌਮੀ ਉਤਸਵਾਂ ਵਿਚ ਭਾਗ ਲਿਆ ਕਰਦਾ ਸੀ। ਆਸਾਮ ਦੇ ਜੰਗਲਾ ਵਿਚੋਂ ਇਸਨੂੰ ਅੱਠ ਸਾਲ ਦੇ ਨੂੰ ਫੜਿਆ ਗਿਆ ਸੀ ਅਤੇ ਅਕਬਰ ਵਾਲੀਆਂ ਲੀਹਾ 'ਤੇ ਬੜੇ ਧਿਆਨ ਨਾਲ ਸਿਧਾਇਆ ਜਾ ਰਿਹਾ ਸੀ। ਇਹ ਅਕਬਰ ਤਾਂ ਕਾਜ਼ੀਰੰਗਾ ਦਾ ਪ੍ਰਸਿੱਧ ਹਾਥੀ ਹੈ। ਸੰਨ 1954 ਵਿਚ ਇਸ ਨੂੰ ਰਾਸ਼ਟਰਪਤੀ ਮਿਲਖ ਵਿਚ ਭੇਜ ਦਿੱਤਾ ਗਿਆ। ਇਕ ਜਲੂਸ ਸਮੇਂ 1956 ਵਿਚ ਇਹ ਅਚਾਨਕ ਬਿਮਾਰ ਹੋ ਗਿਆ। ਫ਼ਿਰ ਉਹਨੂੰ ਨਮੂਨੀਆਂ ਹੋ ਗਿਆ। ਅਗਲੇ ਸਾਲ ਉਸਨੇ ਇਕ ਨੌਕਰ ਤੇ ਜੋ ਉਸਨੂੰ ਸੰਗਲ ਪਾ ਰਿਹਾ ਸੀ ਉਤੇ ਹੱਲਾ ਕੀਤਾ ਅਤੇ ਲਿਤਾੜ ਕੇ ਮਾਰ ਦਿੱਤਾ। ਇਸਦੇ ਝੱਟ ਪਿਛੋਂ ਉਸਨੂੰ ਕੁਝ ਖਾਣ ਨੂੰ ਦਿੱਤਾ ਗਿਆ ਜੋ ਉਸਨੇ ਪ੍ਰਵਾਨ ਕਰ ਲਿਆ ਅਤੇ ਨਾਲ ਹੀ ਉਸਦਾ ਗੁੱਸਾ ਮੱਠਾ ਪੈ ਗਿਆ।

ਕਿਉਂਕਿ ਉਸ ਵਿਚ ਮਸਤੀ ਵਾਲੇ ਚਿੰਨ੍ਹ ਆ ਰਹੇ ਸਨ ਇਸ ਕਰਕੇ ਉਸਨੂੰ ਬੰਨ੍ਹ ਕੇ ਰੱਖਣਾ ਜ਼ਰੂਰੀ ਸੀ। ਜਦੋ ਇਹ ਲੱਗਾ ਕਿ ਉਹ ਠੀਕ ਹੋ ਗਿਆ ਹੈ, ਉਹਦੇ ਸੰਗਲ ਖੋਲ੍ਹ ਦਿੱਤੇ ਗਏ। ਇਕ ਦਿਨ ਜਦੋ ਉਸਨੂੰ ਬਾਹਰ ਲੈ ਜਾ ਰਹੇ ਸੀ, ਉਹ ਅਚਾਨਕ ਪਾਗਲ ਹੋ ਗਿਆ। ਉਹ ਇਕ ਫ਼ੌਜੀ ਗੱਡੀ ਪਿਛੇ ਭੱਜ ਪਿਆ ਅਤੇ ਇਸਤੇ ਹੱਲਾ ਕਰ ਦਿੱਤਾ। ਫਿਰ ਉਹ ਇਕ ਬੰਦੇ ਪਿਛੇ ਪੈ ਗਿਆ ਜਿਹੜਾ ਘਰ ਵਿਚ ਵੜ ਕੇ ਮਸਾਂ ਹੀ ਬਚਿਆ। ਬੜੀ ਹਿੰਮਤ ਨਾਲ ਮਹਾਵਤ ਕੋਈ ਤਿੰਨ ਘੰਟੇ ਉਹਦੇ ਦੁਆਲੇ ਰਿਹਾ ਅਤੇ ਯਤਨ ਕਰਦਾ ਰਿਹਾ ਕਿ ਉਹ ਉਸਤੇ ਕਾਬੂ ਪਾ ਲਵੇ। ਜਦੋਂ ਉਸਦੇ ਸਾਰੇ ਯਤਨ ਅਸਫ਼ਲ ਹੋ ਗਏ ਤਾਂ ਉਹ ਛਾਲ ਮਾਰ ਕੇ ਥੱਲੇ ਉਤਰਿਆ ਅਤੇ ਇਕ ਕੋਠੇ 'ਤੇ ਜਾ ਚੜ੍ਹਿਆ। ਹਾਥੀ ਨੂੰ ਤਾ ਫ਼ਿਰ ਗੋਲੀ ਹੀ ਮਾਰਨੀ ਪਈ।

ਇਹ ਸਪਸ਼ਟ ਹੈ ਕਿ ਆਸਾਮ ਦੇ ਜੰਗਲਾਂ ਵਿਚੋਂ ਲਿਆਂਦਾ ਗਿਆ ਉਦੈਗਿਰੀ ਦਿੱਲੀ ਦੇ ਬਿਲਕੁਲ ਵੱਖਰੇ ਮੌਸਮੀ ਵਾਤਾਵਰਣ ਵਿਚ ਆਪਣੇ ਆਂਪ ਨੂੰ ਨਾ ਢਾਲ ਸਕਿਆ। ਉਸਨੇ ਕਦੇ ਦਿੱਲੀ ਵਰਗੀ ਸਖ਼ਤ ਸਰਦੀ, ਲੂੰਹਦੀ ਗਰਮੀ ਅਤੇ ਲੰਮੀ ਔੜ ਨਹੀਂ ਸੀ ਵੇਖੀ। ਸੰਨ 1956 ਦੀਆ ਗਰਮੀਆਂ ਵਿਚ ਉਸਨੂੰ ਡੇਰਹਾਦੂਨ ਭੇਜ ਦਿੱਤਾ ਗਿਆ ਸੀ। ਅਗਲੇ ਸਾਲ ਫਿਰ ਡੇਹਰਾਦੂਨ ਭੇਜਣ ਦੀ ਵਿਉਤ ਸਿਰੇ ਚੜ੍ਹਨ ਤੋਂ ਪਹਿਲਾ ਹੀ ਉਸ ਦਾ ਅੰਤ ਹੋ ਚੁੱਕਾ ਸੀ।

ਗੁੱਸੇ ਵਿਚ ਹਾਥੀ ਅਪਾਰ ਸ਼ਕਤੀ ਵਿਖਾ ਸਕਦਾ ਹੈ। ਦਸੰਬਰ 25, 1963 ਨੂੰ ਅਖਬਾਰਾਂ ਵਿਚ ਇਕ ਖਬਰ ਸੀ ਕਿ ਆਰਾ ਨੇੜੇ ਜਗਦੀਸਪੁਰ ਵਿਚ ਇਕ ਵਿਗੜੇ ਹਾਥੀ ਨੇ ਸੜਕ ਕੰਢੇ ਖੜ੍ਹੀ ਇਕ ਕਾਰ ਨੂੰ ਸੁੰਡ ਨਾਲ ਫੜ ਕੇ ਹਵਾ ਵਿਚ ਇੰਜ ਸੁੱਟਿਆ ਸੀ ਜਿਵੇਂ ਕੋਈ ਬੱਚਾ ਖਿਡਾਉਣਾ ਸੁੱਟਦਾ ਹੈ। ਕਾਰ ਇਕ ਘਰ ਦੀ ਛੱਤ ਵਿਚ ਜਾ ਵੱਜੀ। ਸ਼ੁਕਰ ਇਸ ਗੱਲ ਦਾ ਸੀ ਕਿ ਕਾਰ ਵਿਚ ਡਰਾਈਵਰ ਨਹੀ ਸੀ। ਉਸਨੇ ਹਾਥੀ ਨੂੰ ਆਉਂਦਿਆਂ ਵੇਖ ਲਿਆ ਸੀ ਅਤੇ ਵੇਲੇ ਸਿਰ ਲਾਂਭੇ ਹੋ ਗਿਆ ਸੀ। ਅੰਤ ਵਿਚ ਜਿਵੇ ਕਿਵੇਂ ਮਹਾਵਤ ਨੇ ਹਾਥੀ ਨੂੰ ਵੱਸ ਵਿਚ ਕਰ ਹੀ ਲਿਆ।

## ਹਾਥੀ ਦੀ ਮਣੀ

ਸੰਸਕ੍ਰਿਤ ਦੇ ਵਿਦਵਾਨਾ ਦਾ ਵਿਸਵਾਸ ਹੈ ਕਿ ਕਦੇ ਅਜਿਹਾ ਹਾਥੀ ਵੀ ਮਿਲ ਸਕਦਾ ਹੈ ਜਿਸਦੇ ਸਿਰ ਵਿਚ ਮਣੀ ਹੋਵੇ। ਇਸ ਦੁਰਲੱਭ ਹੀਰੇ ਨੂੰ ਰਾਜਮੁਕਟ ਜਾਂ ਹਾਥੀ ਦੀ ਮਣੀ ਕਿਹਾ ਜਾਂਦਾ ਹੈ। ਦੇਵੀ ਪੁਰਾਣ (ਸੱਤਵੀਂ ਤੋਂ ਨੌਵੀਂ ਸਦੀ ਈਸਵੀ) ਅਨੁਸਾਰ, ਸੇਰ ਹਾਥੀ ਦਾ ਸਿਰ ਪਾੜ ਕੇ ਇਹ ਮਣੀ ਲੈ ਜਾਦਾ ਹੈ। ਕ੍ਰਿਸਨ ਨੇ ਜਦੋ ਰਾਏਵਾਟਿਕਾ ਤੇ ਹੱਲਾ ਕੀਤਾ ਤਾ ਉਸ ਨਾਲ ਆਏ ਰਾਜਿਆ ਨੇ ਸੇਰਾਂ ਦੀਆਂ ਜਿਨ੍ਹਾ ਗੁਫਾਵਾ ਵਿਚ ਡੇਰਾ ਲਾਇਆ ਉਹ ਹਾਥੀਆ ਦੀਆ ਮਣੀਆ ਨਾਲ ਭਰੀਆਂ ਪਈਆ ਸਨ। ਸੇਰਾਂ ਨੇ ਮਾਸ ਖਾ ਲਿਆ ਹੋਇਆ ਸੀ ਅਤੇ ਮਣੀਆ ਉਥੇ ਪਈਆਂ ਹੋਈਆ ਸਨ। ਮਾਘ ਜਦੋ ਕ੍ਰਿਸਨ ਦੀ ਫੌਜ ਦੇ ਹਾਥੀਆ ਦੀ ਹਾਜਤ ਆਦਿ ਦੀ ਗੱਲ ਕਰਦਾ ਹੈ ਤਾਂ ਦੱਸਦਾ ਹੈ ਕਿ ਜਦੋਂ ਇਹ ਹਾਥੀ ਦਰਿਆ ਵਿਚ ਤਰੋਤਾਜ਼ਾ ਹੋਣ ਲਈ ਵੜਦੇ ਹਨ ਤਾਂ ਸੁੰਡ ਨਾਲ ਪਿੱਠਾ ਤੇ ਪਾਣੀ ਸੁੱਟਦੇ ਹਨ ਜੋ ਮੋਤੀਆਂ ਵਾਂਗ ਚਮਕਦਾ ਹੋਇਆ ਲੱਗਦਾ ਹੈ।

ਕਵੀ ਦੀ ਕਲਪਨਾ ਦਾ ਅਰਧਾਨੀਸਵਰ ਇਕ ਪਾਸੇ ਹਾਥੀ-ਮਣੀਆਂ ਦੀ ਮਾਲਾ ਅਤੇ ਦੂਜੇ ਪਾਸੇ ਖੋਪੜੀਆ ਦੀ ਮਾਲਾ ਪਾਉਂਦਾ ਹੈ।

ਅੱਜ ਦਾ ਜੀਵ-ਵਿਗਿਆਨ ਇਸ ਮਣੀ ਵਾਲੇ ਵਿਸਵਾਸ ਨੂੰ ਕੇਵਲ ਕਲਪਨਾ ਕਹਿ ਕੇ ਰੱਦ ਕਰ ਦੇਦਾ ਹੈ। ਉਜ ਇਹ ਵੇਖਿਆ ਗਿਆ ਕਿ ਕਈ ਹਾਥੀਆ ਦਾ ਮਾਦਾ ਏਨਾ ਸੰਘਣਾ ਹੁੰਦਾ ਹੈ ਕਿ ਉਹ ਮੱਥੇ 'ਤੇ ਹੀ ਜੰਮ ਜਾਦਾ ਹੈ। ਇਥੋਂ ਇਸ ਨੂੰ ਲਾਹ ਕੇ ਪੀਹ ਲਿਆ ਜਾਦਾ ਹੈ ਅਤੇ ਮੋਤੀਆ ਵਰਗੀਆ ਗੋਲੀਆ ਜਿਹੀਆਂ ਬਣਾ ਲਈਆ ਜਾਦੀਆ ਹਨ। ਚਿੱਟਾਗਾਂਗ ਦੀਆ ਪਹਾੜੀਆਂ ਵਿਚ 1928 ਵਿਚ ਇਕ ਰੱਖ-ਅਧਿਕਾਰੀ ਨੇ ਫੜੇ ਹੋਏ ਇਕ ਹਾਥੀ ਨੂੰ ਖਤਮ ਕਰ ਦਿੱਤਾ। ਇਸਦੇ ਇਕ ਦੰਦ ਵਿਚ ਇਕ ਛੋਟੀ ਜਿਹੀ ਗੋਲੀ ਸੀ ਜੋ ਅੰਡਾਕਾਰ ਤੇ ਚੀਚੀ ਦੇ ਨਹੁੰ ਜਿੰਨੀ ਕੁ ਸੀ। ਭਾਵੇਂ ਇਹ ਥੋੜ੍ਹਾ ਖ਼ੁਰਦਰੀ ਸੀ ਪਰ ਤਾ ਵੀ ਦੰਦ-ਖੰਡ ਹੀ ਲੱਗਦੀ ਸੀ। ਮਹਾਵਤ ਅਤੇ ਹੋਰ ਹਾਜ਼ਰ ਬੰਦੇ ਬੜੇ ਖੁਸ ਸਨ ਅਤੇ ਕਹਿ ਰਹੇ ਸਨ ਕਿ ਇਹੀ ਹਾਥੀ ਦੀ ਮਣੀ ਹੈ।

## ਦੁਰਘਟਨਾਵਾਂ

ਇਕ ਵਾਰੀ ਆਸਾਮ ਵਿਚ ਹਾਥੀਆਂ ਦੇ ਝੁੰਡ ਨਾਲ ਰੇਲ ਗੱਡੀ ਜਾ ਟਕਰਾਈ ਅਤੇ ਪਟੜੀਓਂ ਲਹਿ ਗਈ। ਦਸੰਬਰ 1963 ਵਿਚ ਇਕ ਹਾਥੀ ਸੋਨੇਪੁਰ ਦੇ ਪਸ਼ੂ ਮੇਲੇ ਤੋਂ ਉੱਤਰ-ਪ੍ਰਦੇਸ ਦੀ ਇਕ ਥਾਂ ਕਾਸੀਆ ਵੱਲ ਲਿਜਾਇਆ ਜਾ ਰਿਹਾ ਸੀ। ਕਮਾਦ ਦੇ ਇਕ ਖੇਤ ਲਾਗਿਓਂ ਲੰਘਣ ਵੇਲੇ ਉਹ ਕਿਸੇ ਜਾਨਵਰ ਜਾਂ ਅਜਿਹੀ ਚੀਜ਼ ਨੂੰ ਵੇਖ ਕੇ ਡਰ ਗਿਆ ਅਤੇ ਖੂਹ ਵਿਚ ਡਿੱਗ ਪਿਆ। ਜਦੋਂ ਇਹ ਖ਼ਬਰ ਨੇੜੇ ਦੇ ਪਿੰਡ ਪੁੱਜੀ ਤਾਂ ਸਾਰਾ ਪਿੰਡ ਖੂਹ ਦੁਆਲੇ ਆਣ ਢੁੱਕਾ। ਕੋਈ ਇਕ ਹਜ਼ਾਰ ਬੰਦੇ ਨੇ ਰੱਸੇ ਪਾ ਕੇ ਉਸਨੂੰ ਖੂਹ 'ਚੋਂ ਬਾਹਰ ਕੱਢਿਆ।

ਜੰਗਲਾਂ ਵਿਚ ਹਾਥੀ ਦਲਦਲੀ ਟੋਟਿਆਂ ਵਿਚ ਫ਼ਸ ਜਾਂਦੇ ਹਨ ਜਿਥੋਂ ਬਾਹਰ ਨਿਕਲਣਾ ਔਖਾ ਹੁੰਦਾ ਹੈ। ਜਿੰਨਾ ਉਹ ਜ਼ੋਰ ਲਾਉਂਦੇ ਹਨ, ਓਨਾ ਹੀ ਹੇਠਾ ਜਾਂਦੇ ਹਨ, ਉਨ੍ਹਾਂ ਦਾ ਵੱਡਾ ਸਰੀਰ ਵੀ ਸਹਾਇਕ ਨਹੀ ਹੁੰਦਾ। ਬਾਹਰ ਨਿਕਲਣ ਤੋਂ ਅਸਮਰਥ, ਭੁੱਖੇ ਪਿਆਸੇ ਕਈ ਵਿਚਾਰੇ, ਸਹਿਜੇ ਸਹਿਜੇ ਬੜੀ ਔਖੀ ਮੌਤ ਮਰਦੇ ਹਨ। ਪਰ ਇਹ ਇਕ ਇਹੋ ਜਹੀ ਔਕੜ ਹੈ ਜੋ ਝੁੰਡ ਦੇ ਤਜਰਬੇ ਦਾ ਹਿੱਸਾ ਬਣ ਜਾਦਾ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਜਦੋਂ ਕੋਈ ਹਾਥੀ ਅਜਿਹੀ ਥਾਂ ਫ਼ਸਦਾ ਹੈ ਤਾਂ ਉਹਦੇ ਸਾਥੀ ਉਸਦੀ ਸਹਾਇਤਾ ਲਈ ਆਣ ਪੁੱਜਦੇ ਹਨ। ਉਹ ਦਰਖ਼ਤਾਂ ਦੇ ਮੋਛੇ ਅਤੇ ਟਾਹਣੀਆ ਟੋਏ ਵਿਚ ਸੁੱਟਦੇ ਹਨ ਅਤੇ ਉਹ ਉਹਨਾ 'ਤੇ ਪੈਰ ਰੱਖਦਾ ਹੋਇਆ ਬਾਹਰ ਆਉਣ ਦਾ ਯਤਨ ਕਰਦਾ ਹੈ।

ਧਿਕਾਲਾ ਦੇ ਕਾਰਬੈਟ ਨੈਸ਼ਨਲ ਪਾਰਕ ਵਿਚ ਸੈਰ ਲਈ ਆਏ ਲੋਕਾ ਵਿਚ ਇਕ ਨਵਾਂ ਜੋੜਾ ਵੀ ਸੀ। ਉਹ ਹਨੀਮੂਨ ਮਨਾਉਣ ਲਈ ਬੰਬਈ (ਜਿਸ ਦਾ ਨਵਾ ਨਾਂ ਮੁੰਬਈ ਹੈ) ਤੋਂ ਆਏ ਹੋਏ ਸਨ। ਉਹਨਾਂ ਨੈਣੀਤਾਲ ਜਾਣਾ ਸੀ ਪਰ ਦੋ ਕੁ ਦਿਨ ਇਥੇ ਪਾਰਕ ਵਿਚ ਵੀ ਲਾਉਣ ਦਾ ਮਨ ਬਣਾ ਲਿਆ। ਉਹਨਾਂ ਲਈ ਪਾਰਕ ਦੀ ਇਕ ਹਥਣੀ ਦੀ ਸਵਾਰੀ ਦਾ ਪ੍ਰਬੰਧ ਕੀਤਾ ਗਿਆ। ਮਹਾਵਤ ਦੇ ਨਾਲ ਬੰਦੂਕ ਵਾਲਾ ਇਕ ਸੁਰਖਿਆ ਕਰਮਚਾਰੀ ਵੀ ਸੀ। ਦਿਨ ਦਾ ਪ੍ਰੋਗਰਾਮ ਇਹ ਸੀ ਕਿ ਜੋੜੀ ਨੂੰ ਰਾਮਗੰਗਾ ਦੇ ਪਾਰ ਵਾਲੇ ਟਾਹਲੀਆਂ ਦੇ ਜੰਗਲ ਵਿਚੋਂ ਜੰਗਲੀ ਹਿਰਨ ਵਿਖਾਏ ਜਾਣ। ਦਰਿਆ ਦੇ ਪੱਤਣ ਦਾ ਕੋਈ ਖ਼ਾਸ ਪਤਾ ਨਹੀਂ ਸੀ ਲੱਗਦਾ। ਹਾਥੀ ਤਾ ਕਿਤੋਂ ਵੀ ਤੁਰ ਕੇ ਦਰਿਆ ਪਾਰ ਕਰ ਸਕਦਾ ਹੇ ਬਸ ਇਹੀ ਹੈ ਕਿ ਉਥੇ ਬਹੁਤੇ ਪੱਥਰ ਨਾ ਹੋਣ।

ਇੰਜ ਦਰਿਆ ਪਾਰ ਕਰਦਾ ਹਾਥੀ, ਸੈਲਾਨੀਆ ਸਮੇਤ ਇਕ ਘੁੰਮਣ-ਘੇਰੀ ਵਿਚਕਾਰ ਬਰੇਤੇ ਵਿਚ ਫ਼ਸ ਗਿਆ। ਮਹਾਵਤ ਨੇ ਉਸਨੂੰ ਬਾਹਰ ਕੱਢਣ ਲਈ ਬੜਾ ਜ਼ੋਰ ਲਾਇਆ ਪਰ ਉਹ ਸਫ਼ਲ ਨਾ ਹੋਇਆ। ਨਵੀਂ ਜੋੜੀ ਤਾ ਸਹਿਮੀ ਪਈ ਸੀ। ਸੁਰੱਖਿਆ ਕਰਮਚਾਰੀ ਹੁਣ ਉਹਨਾ ਦੇ ਬਚਾਓ ਲਈ ਅੱਗੇ ਆਇਆ। ਆਪਣੀ ਪਿੱਠ ਤੇ ਚੁੱਕ ਉਸਨੇ ਜੋੜੀ ਨੂੰ ਕੰਢੇ ਲਿਆ ਲਾਹਿਆ। ਭਾਰ ਲੱਥਣ ਨਾਲ ਇਹ ਆਸ ਸੀ ਕਿ ਹਥਣੀ ਆਪਣੇ ਆਪ ਨੂੰ ਬਾਹਰ ਕੱਢ ਲਵੇਗੀ। ਮਹਾਵਤ ਨੇ ਸੋਟੀ ਨਾਲ ਉਸਨੂੰ ਬਾਹਰ ਜਾਣ ਲਈ ਬੜੇ ਹੀ

ਇਸਾਰੇ ਕੀਤੇ। ਬਾਹਰ ਨਿਕਲਣ ਦੀ ਬਜਾਇ ਉਹ ਦਲਦਲ ਵਿਚ ਹੋਰ ਧੱਸਦੀ ਗਈ। ਇਸ ਨਾਲ ਉਹ ਡਰ ਗਈ ਅਤੇ ਉੱਚੀ ਉੱਚੀ ਚਿੰਘਾੜਨ ਲੱਗੀ। ਦੂਜੇ ਕੰਢੇ ਬੈਠੀ ਨਵੀਂ ਜੋੜੀ ਨੂੰ ਇਹ ਸਭ ਵੇਖ ਕੇ ਤਰੇਲੀਆਂ ਆ ਰਹੀਆਂ ਸਨ।

ਅਜੇ ਸੁਰੱਖਿਆ ਕਰਮਚਾਰੀ ਉਸਨੂੰ ਬਾਹਰ ਕੱਢਣ ਦੇ ਵਸੀਲੇ ਲੱਭ ਹੀ ਰਿਹਾ ਸੀ ਕਿ ਦੂਰੋਂ ਜੰਗਲੀ ਹਾਥੀਆਂ ਦੀ ਉੱਚੀ ਚਿੰਘਾੜ ਸੁਣਾਈ ਦਿੱਤੀ। ਫਸੀ ਹੋਈ ਹੱਥਣੀ ਦੀਆਂ ਦਰਦੀਲੀਆ ਚੀਕਾਂ ਦਾ ਇਹ ਉੱਤਰ ਸੀ। ਉਹ ਉਸਦੇ ਬਚਾਅ ਲਈ ਆ ਰਹੇ ਸਨ। ਛੇਤੀ ਹੀ ਜੰਗਲ ਵਿਚੋਂ ਦੋ ਵੱਡੇ ਹਾਥੀ ਨਿਕਲ ਕੇ ਰੇਤ ਉੱਤੋਂ ਦੀ ਤੁਰਦੇ ਇਧਰ ਆਉਂਦੇ ਵਿਖਾਈ ਦੇਣ ਲੱਗੇ। ਨੌਜਵਾਨ ਜੋੜਾ ਤਾਂ ਡਰ ਨਾਲ ਸੁੰਨ ਹੋਇਆ ਪਿਆ ਸੀ। ਸੁਰੱਖਿਆ ਕਰਮਚਾਰੀ ਅਜੇ ਵੀ ਹੋਸ਼ ਹਵਾਸ ਵਿਚ ਸੀ। ਉਸਨੇ ਹਵਾਈ ਫ਼ਾਇਰ ਕਰਕੇ ਹਾਥੀਆਂ ਨੂੰ ਭਜਾ ਦਿੱਤਾ। ਹੁਣ ਪਾਰਕ ਵਿਚੋਂ ਵੀ ਸਹਾਇਤਾ ਆ ਗਈ ਅਤੇ ਬੜੀ ਹੀ ਮੁਸ਼ਕਲ ਪਿਛੋਂ ਉਸ ਹਥਣੀ ਨੂੰ ਬਾਹਰ ਕੱਢਿਆ ਗਿਆ।

ਹਾਥੀਆਂ ਦੀ ਸਲਾਮਤੀ ਲਈ ਹੋਰ ਖ਼ਤਰਾ ਚੀਤਿਆਂ ਤੋਂ ਹੁੰਦਾ ਹੈ। ਹਾਥੀ ਦਾ ਬੱਚਾ ਮਾਰਨਾ ਚੀਤੇ ਲਈ ਕੋਈ ਔਖਾ ਨਹੀ ਅਤੇ ਉਹ ਇਸਦਾ ਮਾਸ ਬੜੇ ਸੁਆਦ ਨਾਲ ਖਾਦਾ ਹੈ। ਰਾਮਾਇਣ ਵਿਚ ਅਜਿਹੇ ਬੜੇ ਕਿੱਸੇ ਹਨ ਜਿਨ੍ਹਾਂ ਵਿਚ ਹਥਣੀਆ ਸ਼ੇਰਾ ਤੋ ਡਰਦੀਆ ਫਿਰਦੀਆ ਹਨ। ਲੜਦਿਆ ਲੜਦਿਆਂ ਜੇ ਚੀਤਾ ਹਾਥੀ ਦੀ ਪਿੱਠ ਤੇ ਜਾ ਚੜ੍ਹੇ ਤਾ ਹਾਥੀ ਉਸਨੂੰ ਥੱਲੇ ਸੁੱਟ ਕੇ ਲਤਾੜ ਕੇ ਮਾਰ ਦਿੰਦਾ ਹੈ। ਜੇ ਚੀਤਾ ਅਗਲੇ ਪਾਸਿਓਂ ਹਮਲਾ ਕਰੇ ਤਾਂ ਹਾਥੀ ਅਗਲੀਆਂ ਲੱਤਾਂ ਝੁਕਾ ਕੇ ਨੀਵਾ ਹੋ ਕੇ ਉਸਦੇ ਵਾਰ ਨੂੰ ਸਿਰ 'ਤੇ ਜਾਂ ਦੰਦਾਂ 'ਤੇ ਝੱਲਣ ਦਾ ਯਤਨ ਕਰਦਾ ਹੈ। ਅਜਿਹੇ ਮੌਕੇ ਤੇ ਉਸ ਵਿਚ ਬੜੀ ਲੱਚਕ ਆ ਜਾਂਦੀ ਹੈ। ਇਵੇਂ ਹੀ ਉਹ ਬਹਾਦਰੀ ਅਤੇ ਨਿਪੁੰਨਤਾ ਦਾ ਸਬੂਤ ਵੀ ਦਿੰਦਾ ਹੈ। ਸ਼ਿਕਾਰ ਸਮੇਂ ਚੀਤਾ ਹਾਥੀ 'ਤੇ ਹੱਲਾ ਕਰਨ ਤੇ ਨਹੀਂ ਝਿਜਕਦਾ। ਕਾਜ਼ੀਰੰਗਾ ਨੈਸ਼ਨਲ ਪਾਰਕ ਵਿਚ ਇਕ ਪਾਲਤੂ ਹਾਥੀ ਨੇ ਇਕ ਵਾਰ ਜਖ਼ਮੀ ਚੀਤੇ ਨੂੰ ਲੱਤ ਮਾਰ ਕੇ ਮਾਰ ਮੁਕਾਇਆ। ਇਸ ਤੋਂ ਕੋਈ ਛੇ ਹਫ਼ਤੇ ਪਿਛੋਂ ਹੀ ਉਹ ਹਾਥੀ ਵੀ ਮਰ ਗਿਆ। ਉਹ ਬਹੁਤ ਬੁੱਢਾ ਸੀ।

ਗੈਂਡਾ ਹਾਥੀ ਨਾਲ ਆਢਾ ਲਾ ਲੈਂਦਾ ਹੈ। ਇਕ ਵਾਰ ਕਾਜ਼ੀਰੰਗਾ ਨੈਸ਼ਨਲ ਪਾਰਕ ਵਿਚ ਕੁਝ ਲੋਕ ਗੈਂਡਿਆਂ ਨੂੰ ਚਰਦਿਆਂ ਵੇਖਣ ਲਈ ਆਏ। ਉਹ ਅਕਬਰ ਨਾਂ ਦੇ ਇਕ ਬੁੱਢੇ ਹਾਥੀ 'ਤੇ ਸਵਾਰ ਸਨ। ਅਚਾਨਕ ਗੈਂਡਿਆਂ ਦੀ ਜੋੜੀ ਨੇ ਉਨਾਂ 'ਤੇ ਧਾਵਾ ਬੋਲ ਦਿੱਤਾ। ਅਕਬਰ ਬਹੁਤ ਸੂਰਮਾ ਨਿਕਲਿਆ। ਅਗਲੀਆਂ ਲੱਤਾਂ 'ਤੇ ਲਿਫ਼ ਕੇ ਸੁੰਡ ਨੂੰ ਮਰੋੜਦਾ, ਦੰਦਾਂ ਵਿਚ ਸੰਭਾਲਦਾ ਉਹ ਦੰਦਾ ਦੀ ਵਰਤੋਂ ਕਰਨ ਲੱਗਾ। ਬੁਰੀ ਤਰ੍ਹਾ ਜ਼ਖਮੀ ਹੋਏ, ਪੀੜ ਨਾਲ ਕਰਾਹੁੰਦੇ ਗੈਂਡੇ ਨੇੜੇ ਦੀਆਂ ਝਾੜੀਆਂ ਵੱਲ ਦੌੜ ਗਏ। ਸਾਰੀ ਲੜਾਈ ਸਮੇਂ ਅਕਬਰ ਨੂੰ ਇਸ ਗੱਲ ਦਾ ਖ਼ਿਆਲ ਸੀ ਕਿ ਉਸਦੀਆਂ ਸਵਾਰੀਆਂ ਅਤੇ ਮਹਾਵਤ ਡਿੱਗ ਨਾ ਪੈਣ।

## ਹਾਥੀਆਂ ਦਾ ਸ਼ਿਕਾਰ

ਵਾਲਮੀਕ ਦੇ ਵੇਲੇ ਹਾਥੀਆਂ ਦਾ ਸ਼ਿਕਾਰ ਵੀ ਹੋਰਨਾ ਜੰਗਲੀ ਜਾਨਵਰਾਂ ਦੇ ਸ਼ਿਕਾਰ ਵਾਂਗ ਹੀ ਹੁੰਦਾ ਸੀ। ਹਾਥੀ ਨੂੰ ਮਾਰਨਾ ਸੌਖਾ ਨਹੀ ਸੀ, ਇਸ ਕਰਕੇ ਜ਼ਹਿਰੀਲੇ ਜਾ ਵਿੱਸ-ਭਰੇ ਹਥਿਆਰਾਂ ਦੀ ਵਰਤੋਂ ਕੀਤੀ ਜਾਦੀ ਸੀ। ਜਦੋਂ ਰਾਮ ਨੇ ਸੀਤਾ ਨੂੰ ਬਨਵਾਸ ਸਮੇਂ ਨਾਲ ਨਾ ਲਿਜਾਣ ਲਈ ਦਲੀਲਾਂ ਦਿੱਤੀਆ ਤਾਂ ਇਹ ਇੰਜ ਲਗੀਆਂ ਜਿਵੇਂ ਵਿੱਸ-ਭਰੇ ਤੀਰ ਹਥਣੀ ਨੂੰ ਵਿੰਨ੍ਹਦੇ ਹਨ। ਹਾਥੀ ਦੇ ਭੁਲੇਖੇ ਸਰਵਣ ਕੁਮਾਰ ਨੂੰ ਰਾਜਾ ਦਸਰਥ ਨੇ ਜੋ ਵਿਹੁ-ਭਰਿਆ ਤੀਰ ਮਾਰਿਆ ਸੀ ਉਹ ਜ਼ਹਿਰੀ ਖੱੜਪੇ ਦੇ ਡੰਗ ਜਿੰਨਾ ਹੀ ਜ਼ਹਿਰੀਲਾ ਸੀ। ਸਰਵਣ ਨੇ ਪਾਣੀ ਭਰਨ ਲਈ ਜਦੋਂ ਗਾਗਰ ਪਾਣੀ ਵਿਚ ਡੋਬੀ ਤਾਂ ਇਸਦੇ ਭਰਨ ਲਈ ਗੜਗੜ ਦੀ ਆਵਾਜ਼ ਨੂੰ ਦਸਰਥ ਨੇ ਹਾਥੀ ਦੇ ਪਾਣੀ ਪੀਣ ਦੀ ਆਵਾਜ ਸਮਝ ਲਿਆ ਸੀ। ਉਂਜ ਹੁਣ ਤਾਂ ਹਾਥੀ ਗੋਲੀਆਂ ਚਲਾ ਕੇ ਬੜੀ ਆਸਾਨੀ ਨਾਲ ਮਾਰੇ ਜਾਂਦੇ ਹਨ। ਇਕ ਵਾਰ ਇਕ ਹਥਣੀ ਨੂੰ 500 ਸਿੰਗਲ ਬੋਰ ਬੰਦੂਕ ਨਾਲ ਗੋਲੀ ਮਾਰੀ ਗਈ। ਗੋਲੀ ਕੰਨ ਦੀ ਮੋਰੀ ਤੋ ਕੋਈ 23 ਸੈਂਟੀਮੀਟਰ ਹੇਠਾਂ ਲੱਗੀ, ਹਥਣੀ ਦੇ ਦਿਲ ਵਿਚ ਜਾ ਖੁੱਭੀ ਅਤੇ ਇਕ ਮੀਟਰ ਡੂੰਘੀ ਚਲੀ ਗਈ। ਜੇ ਗੋਲੀ ਘਾਤਕ ਸਿੱਧ ਨਾ ਹੁੰਦੀ ਤਾ ਸੱਤ ਟਨ ਦੇਹ ਵਾਲੀ ਹਥਣੀ ਦਾ ਕਹਿਰ ਵਾਲੀ ਗਤੀ ਦਾ ਇਹ ਧਾਵਾ ਵੇਖਣ ਹੀ ਵਾਲਾ ਹੋਣਾ ਸੀ। ਜੇ ਗੋਲੀ ਮੱਥੇ ਵਿਚ ਵੱਜ ਜਾਵੇ ਤਾਂ ਹਾਥੀ ਥਾ 'ਤੇ ਹੀ ਮਰ ਜਾਦਾ ਹੈ।

5

# ਬਿਮਾਰੀਆਂ ਅਤੇ ਕੰਮ ਲੈਣਾ

## ਬਿਮਾਰੀਆਂ

ਹਾਥੀਆਂ ਨੂੰ ਬਹੁਤ ਸਾਰੀਆ ਬਿਮਾਰੀਆ ਲੱਗਦੀਆ ਹਨ। ਰਾਮਾਇਣ ਵਿਚ ਹਾਥੀਆਂ ਨੂੰ ਬੁਖ਼ਾਰ ਹੋ ਜਾਣ ਦੇ ਕਈ ਕਿੱਸੇ ਹਨ। ਉਹਨਾ ਨੂੰ ਬੁਖ਼ਾਰ, ਚੇਚਕ ਅਤੇ ਮੂੰਹ-ਖੁਰ ਦੀ ਬਿਮਾਰੀ ਤਾਂ ਆਮ ਹੀ ਹੋ ਜਾਂਦੀ ਹੈ। ਹਲਕੇ ਕੁੱਤੇ ਦੇ ਵੱਢਣ ਨਾਲ ਉਹਨਾ ਨੂੰ ਹਲਕਾਅ ਵੀ ਹੋ ਜਾਦਾ ਹੈ। ਉੱਤਰੀ ਭਾਰਤ ਦੀ ਸਖ਼ਤ ਗਰਮੀ ਹਾਥੀਆ ਲਈ ਢੁੱਕਵੀਂ ਨਹੀਂ। ਫ਼ਰਵਰੀ 1962 ਵਿਚ ਸਾਧਾ ਦਾ ਇਕ ਟੋਲਾ ਹਾਥੀ ਸਮੇਤ ਸ਼ਹਿਰ ਦੇ ਬਹਰ ਆਣ ਉਤਰਿਆ। ਉਹ ਹਾਥੀ ਲਈ ਨਾ ਤਾ ਕੋਈ ਥਾਂ ਲੱਭ ਸਕੇ ਅਤੇ ਨਾ ਹੀ ਉਸ 'ਤੇ ਠੀਕ ਤਰ੍ਹਾਂ ਕਪੜਾ ਪਾ ਸਕੇ। ਹਾਥੀ ਰਾਤ ਨੂੰ ਹੀ ਠੰਢ ਨਾਲ ਦਮ ਤੋੜ ਗਿਆ।



ਜੇ ਹਾਥੀ ਨੂੰ ਠੰਢ ਲੱਗ ਜਾਏ ਤਾ ਉਸਨੂੰ ਨਮੂਨੀਆ ਜਾ ਡਬਲ ਨਮੂਨੀਆ ਹੋ ਜਾਂਦਾ ਹੈ। ਜਦੋਂ ਘੇਰੇ ਵਾਲੇ, ਜ਼ੋਰ ਲਾਉਣ ਨਾਲ ਹਾਥੀ ਦਾ ਸਰੀਰ ਗਰਮ ਹੋ ਜਾਂਦਾ ਹੈ ਤਾਂ ਉਸਨੂੰ ਠੰਢਾ ਪਾਣੀ ਨਹੀ ਪੀਣ ਦੇਣਾ ਚਾਹੀਦਾ ਅਤੇ ਨਾ ਹੀ ਨਹਾਉਣ ਦੇਣਾ ਚਾਹੀਦਾ ਹੈ। ਉਸਨੂੰ ਨਮੂਨੀਆਂ ਹੋ ਸਕਦਾ ਹੈ ਜਾਂ ਫਿਰ ਹੱਡੀਆਂ ਦੀਆ ਪੀੜਾਂ ਸੁਰੂ ਹੋ ਸਕਦੀਆਂ ਹਨ। ਉਂਜ ਦੱਖਣੀ ਭਾਰਤ ਵਿਚ ਇਸ ਤੇ ਉੱਕਾ ਹੀ ਉਲਟ ਕੀਤਾ ਜਾ ਰਿਹਾ ਹੈ। ਉਥੇ, ਨਵੇਂ ਫੜੇ ਹਾਥੀ ਨੂੰ ਉਹ ਬਹੁਤ ਸਾਰਾ ਪਾਣੀ ਪੀਣ ਲਈ ਦਿੰਦੇ ਹਨ ਤਾ ਜੋ ਉਸਦਾ ਸਰੀਰ ਠੰਢਾ ਹੋ ਜਾਵੇ।

ਜਦੋਂ ਜੰਗਲੀ ਹਾਥੀ ਮਨੁੱਖੀ ਬਸਤੀਆ ਤੇ ਧਾਵਾ ਬੋਲਦੇ ਹਨ ਤਾਂ ਜੋ ਲੱਭੇ ਉਹ ਖਾ ਲੈਂਦੇ ਨੇ—ਆਟਾ, ਗੁੜ ਤੇ ਤਮਾਖੂ ਵੀ। ਕਈ ਵਾਰ ਵੱਧ ਖਾਣ ਨਾਲ ਜਾ ਉਹ ਚੀਜ਼ਾਂ ਖਾਣ ਨਾਲ ਜੋ ਉਨ੍ਹਾਂ ਲਈ ਠੀਕ ਨਹੀਂ ਹੁੰਦੀਆਂ, ਉਹਨਾਂ ਦੇ ਮਿਹਦੇ ਵਿਚ ਖ਼ਰਾਬੀ ਹੋ ਜਾਂਦੀ ਹੈ ਅਤੇ ਉਹ ਬਿਮਾਰ ਹੋ ਜਾਦੇ ਹਨ। ਕਈ ਵਾਰ ਉਹ ਏਨੇ ਬਿਮਾਰ ਹੋ ਜਾਦੇ ਹਨ ਕਿ ਕਈ ਕਈ ਦਿਨ ਜ਼ਮੀਨ 'ਤੇ ਹੀ ਲੰਮੇ ਪਏ ਰਹਿੰਦੇ ਹਨ ਅਤੇ ਹਿੱਲਣ-ਜੁਲਣ ਤੋ ਵੀ ਅਸਮਰੱਥ ਹੋ ਜਾਦੇ ਹਨ। ਉੱਤਰ ਪ੍ਰਦੇਸ਼ ਵਿਚ ਬਿਜਨੌਰ ਦੇ ਖ਼ਾਰਾ ਜੰਗਲ ਵਿਚ, ਇਕ ਵਾਰ ਇਕੱਲੇ ਹਾਥੀ ਨੇ ਲੱਕੜਹਾਰਿਆਂ ਦੀਆਂ ਝੁੱਗੀਆ 'ਤੇ ਹੱਲਾ ਕਰ ਦਿੱਤਾ। ਇਹ 1966 ਦੀਆ ਗਰਮੀਆਂ ਦੀ ਗੱਲ ਹੈ। ਠੇਕੇਦਾਰ ਨੇ 200 ਕਿਲੋ ਤਮਾਖੂ ਅਤੇ 40 ਕਿਲੋ ਗੁੜ ਕਾਮਿਆਂ ਨੂੰ ਦੇਣ ਲਈ ਰਖਿਆ ਹੋਇਆ ਸੀ। ਹਾਥੀ ਨੇ ਇਹ ਦੋਵੇ ਚੀਜ਼ ਜੀਅ ਭਰ ਕੇ ਖਾਧੀਆਂ ਤੇ ਫਿਰ ਉਥੇ ਪਏ ਚਾਰ ਘੜੇ ਪਾਣੀ ਵੀ ਪੀ ਲਿਆ। ਹੁਣ ਤਮਾਖੂ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਹਾਥੀ ਦਾ ਸਿਰ ਚਕਰਾਉਣ ਲੱਗਾ ਅਤੇ ਉਹ ਡਿੱਗ ਪਿਆ। ਉਸਨੂੰ ਦਸਤ ਲੱਗ ਗਏ। ਉਹ ਪੰਦਰਾਂ ਦਿਨ ਬੇਹੋਸ਼ੀ ਵਿਚ ਹੀ ਉਥੇ ਪਿਆ ਰਿਹਾ। ਜਦੋ ਸਾਰਾ ਤਮਾਖੂ ਲਗਾਤਾਰ ਕੀਤੀ ਜਾਣ ਵਾਲੀ ਲਿੱਦ ਨਾਲ ਬਾਹਰ ਨਿਕਲ ਗਿਆ ਤਾਂ ਉਹ ਮੁੜ ਠੀਕ ਹੋ ਕੇ ਜੰਗਲ ਵੱਲ ਨੂੰ ਤੁਰ ਗਿਆ।

ਹਾਥੀ ਦੀ ਪਾਚਨ ਪ੍ਰਣਾਲੀ ਉਤੇ ਅਕਸਰ ਹੀ ਬਾਹਰੀ ਜੀਵ ਹਾਵੀ ਹੋ ਜਾਂਦੇ ਹਨ। ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਉਸ ਪਾਸ ਕੁਝ ਕੁਦਰਤੀ ਸੋਮੇ ਹਨ ਜੋ ਮੁੱਖ ਤੌਰ ਤੇ ਧਰਤੀ ਅਤੇ ਪਾਣੀ ਵਿਚੋਂ ਧਾਤਾਂ ਦੇ ਯੋਗਕਾਂ ਵਜੋਂ ਮਿਲਦੇ ਹਨ। ਹਾਥੀ ਨੂੰ ਅਜਿਹੀ ਧਰਤੀ ਦਾ ਵੀ ਪਤਾ ਹੁੰਦਾ ਹੈ। ਇਹਨਾ ਥਾਵਾਂ ਨੂੰ ਲੂਣੀਆਂ ਸਿਲਾਂ ਵਾਲੀਆ ਥਾਵਾਂ ਕਿਹਾ ਜਾਦਾ ਹੈ।

ਇਕ ਬਿਮਾਰੀ ਹੋਰ ਹੈ ਜਿਸ ਨਾਲ ਹਾਥੀ ਖੁਰਨਾ ਸ਼ੁਰੂ ਹੋ ਜਾਂਦਾ ਹੈ। ਉਹ ਸੁੱਕਦਾ ਜਾਂਦਾ ਅਤੇ ਖੁਰਕ ਖਾਧਾ ਹੋਈ ਜਾਂਦਾ ਹੈ, ਉਸਦੀ ਚਮੜੀ ਵਿਚ ਪਾਣੀ ਪਈ ਜਾਂਦਾ ਹੈ। ਜਦੋਂ ਹਾਥੀ ਦੀ ਇਹ ਸਥਿਤੀ ਹੋ ਜਾਵੇ ਤਾ ਉਸਨੂੰ ਖੁਲ੍ਹਾ ਛੱਡ ਦਿੱਤਾ ਜਾਂਦਾ ਹੈ ਤਾਂ ਜੋ ਉਹ ਆਪਣੀ ਮਰਜ਼ੀ ਨਾਲ ਤੁਰਿਆ ਫਿਰੇ।

ਮਈ 1967 ਵਿਚ ਉੱਤਰ ਪ੍ਰਦੇਸ ਦੇ ਤਰਾਈ ਦੇ ਜੰਗਲਾਂ ਵਿਚ ਮੈਂ ਇਕ ਅਜਿਹੀ ਹਥਣੀ ਵੇਖੀ ਜਿਸ ਦੀ ਪਿਛਲੀ ਖੱਬੀ ਲੱਤ ਤੇ ਇਕ ਵੱਡਾ ਸਾਰਾ ਉਭਾਰ ਸੀ। ਉਹ ਲੰਗੜਾ ਕੇ ਤੁਰਦੀ ਸੀ ਅਤੇ ਜਦੋਂ ਖ਼ਤਰੇ ਦੀ ਸੰਭਾਵਨਾ ਕਰਕੇ ਬਾਕੀ ਜਾਨਵਰ ਅੱਗੇ ਦੌੜ ਜਾਦੇ ਸਨ ਤਾਂ ਉਹ ਪਿਛੇ ਰਹਿ ਜਾਂਦੀ ਸੀ। ਇਹ ਉਭਾਰ

ਜਾਂ ਤਾਂ ਕਿਸੇ ਹੱਡੀ ਟੁੱਟਣ ਨਾਲ ਤੇ ਜਾਂ ਕਿਸੇ ਫੋੜੇ ਜਾਂ ਰਸੌਲੀ ਨਾਲ ਹੋਇਆ ਲੱਗਦਾ ਸੀ। ਹਾਥੀਆ ਨੂੰ ਗਠੀਆ ਰੋਗ ਵੀ ਹੋ ਜਾਂਦਾ ਹੈ ਜਿਸ ਨਾਲ ਉਹ ਲੰਗ ਮਾਰਨਾ ਸ਼ੁਰੂ ਕਰ ਦਿੰਦੇ ਹਨ।

ਜਦੋਂ ਹਾਥੀਆਂ ਨੂੰ ਜੰਗਲ ਵਿਚੋਂ ਫੜਿਆ ਜਾਦਾ ਹੈ ਤਾਂ ਉਹ ਕਾਫ਼ੀ ਜ਼ਖ਼ਮੀ ਹਾਲਤ ਵਿਚ ਹੁੰਦੇ ਹਨ। ਉਹਨਾਂ ਵਾਸਤੇ ਕੱਢੇ ਟੋਇਆਂ ਵਿਚ ਡਿੱਗਣ ਨਾਲ ਜਾਂ ਫ਼ਿਰ ਬਾਹਰ ਕੱਢਣ ਵੇਲੇ ਪਾਏ ਰੱਸਿਆਂ ਨਾਲ ਇਹ ਜ਼ਖ਼ਮੀ ਹੋ ਜਾਦੇ ਹਨ। ਕੁਝ ਚੀਰੇ ਤਾਂ ਇੰਨੇ ਡੂੰਘੇ ਲਗਦੇ ਹਨ ਕਿ ਨਵਾਂ ਬੰਦਾ ਉਹਨਾਂ ਨੂੰ ਵੇਖ ਕੇ ਕੰਬ ਜਾਂਦਾ ਹੈ। ਅਸਲ ਵਿਚ ਇਹ ਬਹੁਤ ਗੰਭੀਰ ਨਹੀ ਹੁੰਦੇ ਅਤੇ ਛੇਤੀ ਹੀ ਠੀਕ ਹੋ ਜਾਂਦੇ ਹਨ। ਰੱਸਿਆ ਨਾਲ ਆਏ ਜ਼ਖ਼ਮ ਆਮ ਕਰਕੇ ਡੂੰਘੇ ਹੁੰਦੇ ਹਨ। ਇਸ ਗੱਲ ਦਾ ਬਹੁਤ ਹੀ ਧਿਆਨ ਰਖਿਆ ਜਾਦਾ ਹੇ ਕਿ ਰੱਸੇ ਹਾਥੀ ਦੇ ਸੂਖ਼ਮ ਅੰਗਾਂ ਅਤੇ ਆਂਦਰਾਂ ਨੂੰ ਨਾ ਕੱਟਣ। ਜਿਵੇਂ ਹੀ ਹਾਥੀ ਨੂੰ ਕੈਂਪ ਵਿਚ ਸੁਰੱਖਿਅਤ ਕੀਤਾ ਜਾਦਾ ਹੈ ਇਹ ਰੱਸੇ ਖੋਲ੍ਹ ਦਿੱਤੇ ਜਾਂਦੇ ਹਨ।

ਘੇਰੇ ਸਮੇ ਹਾਥੀ ਦੀ ਸ਼ਕਤੀ ਹੀ ਉਸਦੀ ਦੁਸ਼ਮਣ ਬਣ ਜਾਦੀ ਹੈ। ਉਹ ਜਿੰਨਾ ਵੱਧ ਜ਼ੋਰ ਲਾਉਂਦਾ ਹੈ, ਓਨੇ ਹੀ ਵੱਧ ਡੂੰਘੇ ਅਤੇ ਚੌੜੇ ਜਖ਼ਮ ਉਸਦੇ ਸਰੀਰ 'ਤੇ ਹੁੰਦੇ ਜਾਦੇ ਹਨ। ਉਸਨੂੰ ਕਾਬੂ ਹੇਠ ਕਰਨ ਲਈ ਬੜਾ ਜ਼ੋਰ ਅਤੇ ਸਬਰ ਚਾਹੀਦਾ ਹੁੰਦਾ ਹੈ।

ਧੌਣ ਅਤੇ ਪੈਰਾਂ ਤੇ ਰੱਸਿਆਂ ਨਾਲ ਜ਼ਖ਼ਮ ਹੋਵੇ ਤਾਂ ਇਕ ਆਮ ਜਹੀ ਗੱਲ ਹੈ। ਜਦੋਂ ਹਾਥੀ ਫ਼ੜਿਆ ਜਾ ਚੁੱਕੇ ਤਾਂ ਇਹ ਜਰੂਰੀ ਹੈ ਕਿ ਇਹਨਾ ਭਾਗਾਂ ਤੋ ਰੱਸੇ ਲਾਹ ਲਏ ਜਾਣ।

ਜਿਥੋਂ ਤੱਕ ਹੋ ਸਕੇ ਹਾਥੀ ਨੂੰ ਡਿੱਗਣ ਨਹੀਂ ਦੇਣਾ ਚਾਹੀਦਾ। ਇੰਜ ਉਸਦੇ ਗੋਡਿਆ ਤੇ ਜ਼ਖ਼ਮ ਹੋ ਜਾਣਗੇ ਜੋ ਖਰਾਬ ਹੋ ਜਾਣ ਦਾ ਡਰ ਰਹਿੰਦਾ ਹੈ। ਡਿੱਗਣ ਨਾਲ ਉਸਦੇ ਦੰਦ ਆਦਿ ਵੀ ਟੁੱਟ ਸਕਦੇ ਹਨ ਜਿਨ੍ਹਾ ਕਰਕੇ ਜਬਾੜੇ ਵਿਚ ਜਾਂ ਸੁੰਡ ਉਤੇ ਦੁੱਖਦਾਈ ਜ਼ਖ਼ਮ ਹੋ ਸਕਦੇ ਹਨ। ਕਈ ਵਾਰ ਰੱਸੇ ਦੀ ਰਗੜ ਵੀ ਧੌਣ ਉਤੇ ਚੀਰੇ ਪਾ ਦਿੰਦੀ ਹੈ। ਜੇ ਲੱਤਾ ਅਤੇ ਪੈਰਾਂ ਦੇ ਜ਼ਖ਼ਮ ਖ਼ਰਾਬ ਹੋ ਜਾਣ ਤਾਂ ਏਨੀ ਭੈੜੀ ਬਦਬੂ ਆਉਂਦੀ ਹੈ ਕਿ ਜਾਨਵਰ ਦੇ ਨੇੜੇ ਖ਼ਲੋਣਾ ਵੀ ਔਖਾ ਹੋ ਜਾਂਦਾ ਹੈ। ਨੰਗੇ ਜ਼ਖ਼ਮਾਂ ਉਤੇ ਮੱਖੀਆਂ ਭਿਣਕਣ ਲੱਗ ਪੈਂਦੀਆਂ ਨੇ ਅਤੇ ਦਿਨ-ਬ-ਦਿਨ ਹਾਲਤ ਖ਼ਰਾਬ ਹੁੰਦੀ ਜਾਂਦੀ ਹੈ। ਨਾ ਤਾਂ ਹਾਥੀ ਲੰਮਾ ਪੈ ਸਕਦਾ ਹੈ ਅਤੇ ਨਾ ਹੀ ਸੌਂ ਸਕਦਾ ਹੈ। ਫ਼ਿਰ ਗੈਂਗਰੀਨ ਹੋ ਜਾਣ ਦੀਆਂ ਨਿਸ਼ਾਨੀਆਂ ਵੀ ਦਿੱਸਣ ਲੱਗ ਪੈਂਦੀਆਂ ਹਨ। ਉਸ ਵੇਲੇ ਤਾਂ ਵਧੀਆ ਇਹੀ ਹੁੰਦਾ ਹੈ ਕਿ ਹਾਥੀ ਨੂੰ ਛੱਡ ਹੀ ਦਿੱਤਾ ਜਾਵੇ।

ਜਦੋਂ ਪਾਲਤੂ ਹਾਥੀ ਜੰਗਲੀ ਹਾਥੀਆਂ ਨਾਲ ਭਿੜਦੇ ਹਨ ਤਾਂ ਉਹਨਾ ਨੂੰ ਲੱਗੇ ਜ਼ਖ਼ਮ ਕਈ ਵਾਰ ਬੜੇ ਗੰਭੀਰ ਹੁੰਦੇ ਹਨ। ਦੰਦਾਂ ਨਾਲ ਹੋਏ ਜ਼ਖ਼ਮ ਤਾਂ ਏਨੇ ਡੂੰਘੇ ਹੁੰਦੇ ਹਨ ਕਿ ਪੂਰੀ ਬਾਹ ਹੀ ਅੰਦਰ ਜਾ ਸਕਦੀ ਹੁੰਦੀ ਹੈ। ਜੇ ਅਜਿਹੇ ਜ਼ਖ਼ਮ ਵੇਲੇ ਸਿਰ ਰਾਜ਼ੀ ਹੋ ਵੀ ਜਾਣ ਤਾਂ ਵੀ ਹਾਥੀ ਪਹਿਲਾਂ ਵਰਗਾ ਨਹੀਂ ਰਹਿ ਜਾਂਦਾ। ਫਿਰ ਤਾ ਉਸ ਤੋਂ ਹੌਲੇ ਕੰਮ ਹੀ ਕਰਵਾਏ ਜਾ ਸਕਦੇ ਹਨ।

ਗੰਭੀਰ ਬਿਮਾਰੀ ਵਾਲੇ ਹਾਥੀ ਵੀ ਲੰਮੇ ਪੈਦੇ ਨਹੀਂ ਦੇਖੇ ਗਏ। ਉਹ ਅੰਤ ਤੱਕ ਖਾਣਾ ਨਹੀ ਛੱਡਦੇ। ਇਸ ਨਾਲ ਉਹਨਾਂ ਨੂੰ ਫ਼ਿਰਨ ਤੁਰਨ ਲਈ ਤਾਕਤ ਮਿਲਦੀ ਹੈ। ਇਹ ਗੱਲ ਵੀ ਅਨੋਖੀ ਹੈ ਕਿ ਅਜਿਹੇ ਵੇਲੇ ਉਹ ਆਜਾਦ ਹੋਣ ਦੀ ਇੱਛਾ ਵੀ ਨਹੀਂ ਰੱਖਦੇ।

ਜਦੋਂ ਹਾਥੀ ਨੂੰ ਜਾਨ-ਲੇਵਾ ਜ਼ਖ਼ਮ ਹੋ ਜਾਣ ਜਾ ਜਦੋਂ ਉਹ ਸਿਧਾਉਂਦਿਆਂ ਕਰਦਿਆਂ ਹੰਭ ਗਿਆ ਲੱਗੇ ਜਾਂ ਕਿਸੇ ਲਾਇਲਾਜ ਬਿਮਾਰੀ ਦਾ ਸਿਕਾਰ ਹੋ ਜਾਵੇ ਤਾਂ ਉਸ ਨੂੰ ਨੇੜੇ ਦੇ ਜੰਗਲ ਵਿਚ ਛੱਡ ਦਿੱਤਾ ਜਾਦਾ ਹੈ। ਉਂਜ ਇਸ ਨਾਲ ਭਾਰੀ ਆਰਥਿਕ ਹਾਨੀ ਹੁੰਦੀ ਹੈ।

ਕਿਸੇ ਕੈਂਪ ਵਿਚ ਹਾਥੀ ਦੇ ਮਰ ਜਾਣ ਨੂੰ ਮਨਹੂਸ ਸਮਝਿਆ ਜਾਂਦਾ ਹੈ। ਏਡੇ ਵੱਡੇ ਧੜ ਨੂੰ ਚੁੱਕਣਾ ਕਿਹੜਾ ਸੌਖਾ ਹੈ।

ਹਾਥੀ ਦੇ ਜ਼ਖਮਾ ਦਾ ਇਲਾਜ ਕਰਨਾ ਵੀ ਬੜਾ ਔਖਾ ਕੰਮ ਹੈ। ਡਾਂਗ ਨਾਲ ਇਕ ਬੁਰਸ਼ ਬੰਨ੍ਹ ਕੇ, ਦਵਾਈ ਵਿਚ ਭਿਉ ਕੇ ਜਖਮਾਂ ਤੇ ਲਾਇਆ ਜਾਦਾ ਹੈ। ਇਸ ਵੇਲੇ ਹਾਥੀ ਤੋਂ ਕਾਫ਼ੀ ਦੂਰ ਰਹਿਣਾ ਪੈਂਦਾ ਹੈ, ਹਾਥੀ ਦਾ ਧਿਆਨ ਹੋਰ ਪਾਸੇ ਲਾਉਣ ਲਈ ਉਸਨੂੰ ਇਕ ਹੋਰ ਬੰਦਾ ਗੰਨੇ ਖਾਣ ਲਈ ਦਿੰਦਾ ਹੈ। ਜਦੋਂ ਜ਼ਖ਼ਮ ਨੂੰ ਛੇੜਿਆ ਜਾਦਾ ਹੈ ਤਾਂ ਹਾਥੀ ਦਰਦ ਭਰੀਆ ਚੀਕਾ ਮਾਰਦਾ ਹੈ। ਜੇ ਕਿਤੇ ਜ਼ਖ਼ਮ ਸੁੰਡ 'ਤੇ ਹੋਣ ਤਾ ਉਹਨਾਂ 'ਤੇ ਦਵਾਈ ਲਾਉਣਾ ਹੋਰ ਵੀ ਔਖਾ ਹੈ। ਹਰ ਵਾਰ ਹਾਥੀ ਡਾਂਗ ਨੂੰ ਫੜ ਕੇ ਮਰੋੜ ਸੁੱਟਦਾ ਹੈ। ਇਸੇ ਕਰਕੇ ਹੀ ਸੁੰਡ ਦੇ ਜ਼ਖਮ ਦੇਰ ਨਾਲ ਠੀਕ ਹੁੰਦੇ ਹਨ।

## ਬਿਮਾਰੀਆਂ ਬਾਰੇ ਪ੍ਰਾਪਤ ਲਿਖਤ ਸਮੱਗਰੀ

ਪੁਰਾਤਨ ਭਾਰਤ ਵਿਚ ਹਾਥੀਆ ਦੀਆ ਬਿਮਾਰੀਆ ਦੇ ਅਧਿਅਨ ਵੱਲ ਬਹੁਤ ਧਿਆਨ ਦਿੱਤਾ ਜਾਂਦਾ ਸੀ। ਇਸ ਅਧਿਅਨ ਦੇ ਸਿੱਟੇ ਵਜੋ ਗਜਾਯੁਰਵੇਦਾ ਜਾ ਹਾਸਤਾਯੁਰਵੇਦਾ ਨਾਂ ਦਾ ਵਿਗਿਆਨ ਅਥਵਾ ਹਾਥੀਆਂ ਦੀਆ ਬਿਮਾਰੀਆ ਦਾ ਵਿਗਿਆਨ ਹੋਂਦ ਵਿਚ ਆਇਆ। ਕਿਉਂਕਿ ਭਾਰਤ ਵਿਚ ਬਹੁਤੇ ਹਾਥੀ ਆਸਾਮ ਵਿਚ ਹੀ ਹੁੰਦੇ ਸਨ, ਇਸ ਕਰਕੇ ਇਹ ਵਿਗਿਆਨ ਵੀ ਪਹਿਲਾ ਉਥੇ ਹੀ ਹੋਂਦ ਵਿਚ ਆਇਆ। ਹਾਥੀਆਂ ਬਾਰੇ ਸਭ ਤੋਂ ਪਹਿਲਾ ਲਿਖਣ ਵਾਲਾ ਜਿਸਨੇ ਸੱਚਾਈ ਅਤੇ ਲੋਕ ਵਿਸ਼ਵਾਸਾ ਦਾ ਮਿਲਗੋਭਾ ਬਣਾ ਕੇ ਵੱਡਆਕਾਰੀ ਪੁਸਤਕ ਦਿੱਤੀ ਇਕ ਸੰਤ ਸੀ ਜਿਸ ਦਾ ਨਾ ਸੀ ਪਾਲਕਪਈਆ, ਜਿਹੜਾ ਦਸਵੀ, ਸਦੀ ਦੇ ਪਹਿਲੇ ਸਾਲਾ ਵਿਚ ਹੋਇਆ ਹੈ। ਉਸਦਾ ਸਾਹਿਤ ਸੰਸਕ੍ਰਿਤ ਵਿਚ ਹੈ।

ਇਕ ਵਿਸ਼ਵਾਸ਼ ਅਨੁਸਾਰ ਪਾਲਕਪਈਆਂ ਹਥਣੀ ਮਾਂ ਦੇ ਢਿਡੋ ਜੰਮਿਆ ਸੀ। ਉਹ ਜੰਗਲੀ ਹਾਥੀਆਂ ਦੇ ਝੁੰਡਾ ਵਿਚ ਹੀ ਪਲਿਆ। ਉਹ ਉਹੀ ਕੁਝ ਖਾਂਦਾ ਜੋ ਹਾਥੀ ਖਾਦੇ ਸਨ। ਵੇਖਣ ਨਾਲ ਅਤੇ ਤਜਰਬੇ ਨਾਲ ਉਹ ਹਾਥੀਆ ਦੀਆਂ ਬਿਮਾਰੀਆ ਦਾ ਮਾਹਰ ਹੋ ਗਿਆ। ਕੁਝ ਸਮੇਂ ਪਿਛੋ ਉਹ ਲੋਹਟੀਆ ਨਦੀ ਕੰਢੇ ਵੱਸ ਗਿਆ ਜਿਥੇ ਰਹਿ ਕੇ ਉਸਨੇ ਹਾਥੀਆਂ ਦੀਆ ਨਸਲਾ ਅਤੇ ਉਨ੍ਹਾਂ ਦੀਆ ਬਿਮਾਰੀਆ ਬਾਰੇ ਬਹੁਤ ਕੁਝ ਲਿਖਿਆ ਜਿਸਨੂੰ ਪਿਛੋਂ ਹਾਸਤਾਯੁਰਵੇਦਾ ਆਖਿਆ ਗਿਆ। ਲੋਹਟੀਆ

ਨਦੀ ਬ੍ਰਹਮਪੁੱਤਰ ਦੀ ਵਾਦੀ ਦੇ ਉਤਲੇ ਹਿੱਸੇ ਵਿਚ ਹੈ ਅਤੇ ਕਈ ਵਾਰ ਅਸਲੀ ਬ੍ਰਹਮਪੁੱਤਰ ਹੋਣ ਦਾ ਵੀ ਭੁਲੇਖਾ ਪਾਉਂਦੀ ਹੈ।

ਤੰਜੌਰ ਜਾਂ ਤੰਜਾਵਰ ਦੇ ਚੋਲਾ ਰਾਜੇ ਵੀ ਹਾਥੀਆ ਦੀਆਂ ਬਿਮਾਰੀਆ ਦੇ ਅਧਿਅਨ ਵਿਚ ਰੁਚੀ ਲੈਂਦੇ ਸਨ ਅਤੇ ਇਸ ਵਿਸ਼ੇ ਉਤੇ ਇਕ ਪੁਸਤਕ ਵੀ ਉਹਨਾਂ ਲਿਖੀ। ਉੱਤਰੀ ਭਾਰਤ ਵਿਚ ਲੋਕ ਇਨ੍ਹਾ ਬਿਮਾਰੀਆ ਵਲ ਚੌਥੀ ਸਦੀ ਈਸਵੀ ਤੋਂ ਵੀ ਪਹਿਲਾਂ ਧਿਆਨ ਦੇ ਰਹੇ ਸਨ। ਆਯੁਰਵੈਦਿਕ ਚਿਕਿਤਸਾ ਪ੍ਰਣਾਲੀ ਦੇ ਮੋਢੀ ਚਰਕ ਨੇ ਹਾਥੀਆ ਦੀਆ ਕੁਝ ਬਿਮਾਰੀਆ ਦੇ ਅਨੀਮੇ ਰਾਹੀ ਇਲਾਜ ਦੇ ਸੰਕੇਤ ਦਿੱਤੇ ਹਨ।

ਕਿਹਾ ਜਾਦਾ ਹੈ ਕਿ ਮਾਲਾਬਾਰ ਵਿਚ ਬਿਮਾਰ ਹਾਥੀਆਂ ਨੂੰ ਭੇਡਾ, ਬੱਕਰੀਆਂ ਅਤੇ ਹੋਰ ਪੰਛੀਆ ਦਾ ਮਾਸ ਖੁਆਇਆ ਜਾਦਾ ਸੀ।

ਮੱਧਕਾਲ ਵਿਚ, ਮੁਗਲਾ ਨੇ ਹਾਥੀਆ ਦੇ ਪਾਲਣ ਅਤੇ ਸਿਧਾਉਣ ਵਿਚ ਬਹੁਤ ਰੁਚੀ ਵਿਖਾਈ। ਅੱਜ ਵੀ ਹਾਥੀਆ ਦੀ ਜਾਣਕਾਰੀ ਵਾਲੇ ਵਧੀਆ ਮਾਹਰ ਮੁਗਲਾ ਦੇ ਵਾਰਸਾਂ ਵਿਚੋਂ ਹੀ ਹਨ। ਇਹਨਾਂ ਵਿਚੋ ਹਬੀਬ ਦਾ ਨਾਂ ਬਹੁਤ ਹੀ ਪ੍ਰਸਿੱਧ ਹੈ। ਹਬੀਬ ਨੇ ਹਾਥੀਆ ਦੀਆਂ ਬਿਮਾਰੀਆ ਬਾਰੇ ਪੁਰਾਤਨ ਸੰਸਕ੍ਰਿਤ ਗ੍ਰੰਥਾਂ ਦਾ ਅਧਿਅਨ ਕੀਤਾ ਅਤੇ ਉਸ ਵਿਚ ਆਪਣਾ ਤਜਰਬਾ ਮਿਲਾ ਕੇ ਸੌਖੀ ਭਾਸਾ ਵਿਚ ਚੌਪਈਆ ਦੇ ਰੂਪ ਵਿਚ ਪੇਸ ਕੀਤਾ। ਇਸ ਪੁਸਤਕ ਦੀਆ ਪ੍ਰਤੀਆ ਮਿਲਦੀਆ ਨਹੀਂ। ਉਂਜ ਕਿਤੇ ਕਿਤੇ ਇਹੋ ਜਿਹੇ ਹਾਥੀਆਂ ਵਾਲੇ ਮਿਲਦੇ ਹਨ ਜੋ ਹਾਥੀਆ ਦਾ ਇਲਾਜ ਹਬੀਬੀ ਦੀਆ ਚੌਪਈਆਂ ਵਿਚ ਦੱਸੀਆਂ ਜੜੀ ਬੂਟੀਆ ਅਤੇ ਧਾਤਾਂ ਨਾਲ ਕਰਨ 'ਤੇ ਨਿਰਭਰ ਹੁੰਦੇ ਹਨ।

ਕੁਝ ਹਾਥੀਆਂ ਵਾਲਿਆ ਕੋਲ ਇਸ ਵਿਸ਼ੇ ਤੇ ਹਿੰਦੀ ਪੁਸਤਕਾਂ ਵੀ ਹਨ। ਇਹ ਬੜੀ ਸਰਲ ਛੰਦਾਬੰਦੀ ਵਿਚ ਹਨ ਅਤੇ ਕਈਆਂ ਵਿਚ ਹਾਥੀਆਂ ਦੀਆ ਬਿਮਾਰੀਆਂ ਅਤੇ ਉਨ੍ਹਾਂ ਦੀ ਸਿਹਤ ਬਾਰੇ ਚਿੱਤਰ ਅਤੇ ਪ੍ਰਮਾਣ ਵੀ ਹਨ। ਕਈ ਚਿਰਾ ਤੋਂ ਇਹਨਾਂ ਵਿਸ਼ਿਆ 'ਤੇ ਕਦੀ ਤਾਜ਼ਾ ਅਧਿਅਨ ਨਹੀਂ ਕੀਤਾ ਗਿਆ। ਉਹੀ ਪੁਰਾਣੇ ਗ੍ਰੰਥ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰੇ ਆਉਂਦੇ ਹਨ ਅਤੇ ਬੜੇ ਸੰਭਾਲ ਕੇ ਰੱਖੇ ਜਾਦੇ ਹਲ। ਉਹ ਤਾਂ ਕਿਸੇ ਨੂੰ ਵਿਖਾਏ ਵੀ ਨਹੀਂ ਜਾਦੇ, ਉਹਨਾਂ ਨੂੰ ਵੀ ਨਹੀ ਜੋ ਇਹਨਾ ਬੰਦਿਆਂ ਨੂੰ ਨੌਕਰੀ ਦਿੰਦੇ ਹਨ। ਕੁਝ ਮਹਾਵਤਾਂ ਨਾਲ ਰਾਬਤਾ ਕਰਕੇ ਉਨ੍ਹਾਂ ਨੂੰ ਵਿਸਵਾਸ਼ ਵਿਚ ਲੈ ਕੇ ਮੈਂ ਇਹਨਾਂ ਵਿਚੋ ਕੁਝ ਗ੍ਰੰਥ ਵਾਚੇ ਹਨ। ਮੈਨੂੰ ਲਗਦਾ ਹੈ ਕਿ ਇਹਨਾਂ ਵਿਚਲੀ ਵਿਦਵਤਾ ਕਿਧਰੇ ਗੁੰਮ ਹੀ ਨਾ ਹੋ ਜਾਵੇ, ਇਸ ਕਰਕੇ ਸੰਬੰਧਿਤ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ 'ਤੇ ਛੇਤੀ ਤੋਂ ਛੇਤੀ ਵਿਚਾਰ ਕਰਨ।

ਜਿਹੜੀ ਇਕ ਪੁਸਤਕ ਮੈ ਵੇਖੀ ਉਸ ਵਿਚ ਹੇਠਾਂ ਦਿੱਤਾ ਗਿਆ ਵੇਰਵਾ ਦਰਜ ਹੈ .

"ਇਸ ਪੁਸਤਕ ਅੱਜ ਦੇ ਦਿਨ ਗੁਰੂ ਪੰਚਮੀ, ਕਤਕ ਸੁਦੀ, ਸੰਮਤ 1720 ਨੂੰ ਮੁਕੰਮਲ ਹੋਈ ਹੈ।"

## ਹਾਥੀ ਦੰਦ ਦੀਆਂ ਬਿਮਾਰੀਆਂ

ਜਦੋਂ ਦੰਦਾਂ ਨੂੰ ਬਿਮਾਰੀ ਲੱਗ ਜਾਵੇ ਤਾਂ ਹਾਥੀ ਆਪੇ ਹੀ ਦੰਦ ਤੋੜਨ ਲਈ ਮਜਬੂਰ ਹੋ ਜਾਂਦੇ ਹਲ। ਇਕ ਵਾਰੀ ਆਰ ਸੀ ਮੋਰਿਸ ਨੇ ਇਕ ਦਰਖ਼ਤ ਦੀਆ ਟਾਹਣੀਆਂ ਵਿਚੋਂ 45.7 ਸੈਂਟੀਮੀਟਰ ਲੰਮਾ ਦੰਦ ਦਾ ਟੋਟਾ ਲੱਭਿਆ। ਮੋਰਿਸ ਨੇ ਵੇਖਿਆ ਕਿ ਦੰਦ ਵਿਚ ਖੋੜ ਪੈਦਾ ਹੋ ਗਈ ਸੀ ਅਤੇ ਹਾਥੀ ਨੇ ਪੀੜ ਤੋ ਬਚਣ ਲਈ ਇਸ ਦੰਦ ਤੋਂ ਹੀ ਪਿੱਛਾ ਛੁਡਾਉਣਾ ਚਾਹਿਆ ਸੀ। ਪਹਿਲਾ ਉਸਨੇ ਪੱਥਰਾਂ ਵਿਚ ਦੰਦ ਫ਼ਸਾ ਕੇ ਤੋੜਨ ਦਾ ਯਤਨ ਕੀਤਾ, ਜਦੋਂ ਇਹ ਦੰਦ ਨਾ ਟੁੱਟਾ ਤਾਂ ਉਸਨੇ ਦਰਖ਼ਤ ਦੀਆਂ ਦੋ ਟਾਹਣੀਆਂ ਵਿਚ ਫ਼ਸਾ ਕੇ, ਟੇਢਾ ਹੋ ਕੇ ਇਸ 'ਤੇ ਜ਼ੋਰ ਪਾਇਆ ਤੇ ਇਹ ਨਿਕਲ ਗਿਆ। ਇਹ ਦੰਦ ਭੇੜਾ ਵਿਚ ਵੀ ਟੁੱਟ ਜਾਂਦੇ ਹਨ।

## ਹਾਥੀ ਦੀ ਉਮਰ

ਹਾਥੀ ਲੰਮੀ ਉਮਰ ਵਾਲਾ ਜਾਨਵਰ ਹੈ। ਪੁਰਾਤਨ ਭਾਰਤੀਆ ਦਾ ਵਿਸ਼ਵਾਸ ਸੀ ਕਿ ਹਾਥੀ ਦੀ ਉਮਰ ਤਿੰਨ ਸੌ ਸਾਲ ਹੁੰਦੀ ਹੈ। ਅੱਜ ਕੱਲ੍ਹ ਲੋਕ ਇਸਨੂੰ 150 ਤੋਂ 200 ਸਾਲ ਤੱਕ ਮੰਨਦੇ ਹਲ। ਮੁਗਲ ਇਸਦੀ ਉਮਰ 120 ਵਰ੍ਹੇ ਮੰਨਦੇ ਸਨ। ਸੈਂਡਰਸਨ ਅਨੁਸਾਰ ਜੰਗਲੀ ਹਾਥੀ ਦੀ ਉਮਰ 150 ਸਾਲ ਤੱਕ ਹੋ ਸਕਦੀ ਹੈ। ਫ਼ਲਾਵਰਸ ਹਾਥੀ ਦੀ ਉਮਰ ਵੀ ਮਨੁੱਖ ਜਿੰਨੀ ਹੀ ਭਾਵ 75 ਸਾਲ ਹੀ ਮੰਨਦਾ ਹੈ। ਉਸਨੇ ਇਹ ਨਤੀਜਾ ਕੁਝ ਪਾਲਤੂ ਹਾਥੀਆਂ ਦੇ ਜੀਵਨ ਅਧਿਅਨ ਪਿਛੋਂ ਹੀ ਕੱਢਿਆ ਸੀ। ਵਾਲਮੀਕ ਦੇ ਸਮੇਂ ਇਹ ਸਮਝਿਆ ਜਾਂਦਾ ਸੀ ਕਿ ਉਹ 60 ਸਾਲ ਦੀ ਉਮਰ ਵਿਚ ਪੂਰੀ ਜਵਾਨੀ ਅਤੇ ਜੋਸ਼ ਵਿਚ ਆਉਂਦਾ ਹੈ। ਇਸ ਉਮਰ ਦੇ ਹਾਥੀ ਸਭ ਤੋਂ ਮਹਿੰਗੇ ਹੁੰਦੇ ਸਨ। ਉਨ੍ਹੀ ਦਿਨੀਂ ਸੱਠਵਿਆਂ ਦੀ ਉਮਰ ਵਾਲੇ, ਉਪਰ ਨੂੰ ਮੁੜੇ ਗੋਲਾਕਾਰ ਦੰਦਾਂ ਵਾਲੇ, ਵੱਡੇ ਵੱਡੇ ਟੱਲਾ ਨਾਲ ਸਜੇ ਸਜਾਏ ਹਾਥੀ ਸ਼ਾਹਰਾਹਾਂ ਤੇ ਆਮ ਵੇਖੇ ਜਾਂਦੇ ਹਨ।

ਹੁੜਤਾਲਾ ਹਾਥੀ ਦੀ ਉਮਰ ਦੀ ਇਕ ਵਧੀਆ ਉਦਾਹਰਣ ਸੀ। ਜਦੋ ਲੰਕਾ 'ਤੇ ਡੱਚ ਲੋਕਾਂ ਦਾ ਰਾਜ ਸੀ ਤਾਂ ਹਾਥੀ 140 ਸਾਲ ਉਨ੍ਹਾਂ ਦੀ ਸੇਵਾ ਵਿਚ ਰਿਹਾ। ਮੌਤ ਵੇਲੇ ਉਸਦੀ ਉਮਰ 170 ਸਾਲ ਮੰਨੀ ਗਈ ਸੀ। ਇਸ ਸਦੀ ਦੇ ਆਰੰਭ ਵਿਚ ਪ੍ਰਿੰਸਸ ਐਲੀਸ ਨਾਂ ਦੀ ਇਕ ਹਥਣੀ ਅੰਗ੍ਰੇਜ਼ੀ ਸਰਕਸ ਕੰਪਨੀ ਨਾਲ ਆਸਟਰੇਲੀਆ ਗਈ। ਉਸ ਦੀ ਮੌਤ 152 ਸਾਲ ਦੀ ਉਮਰ ਵਿਚ ਹੋਈ। ਬੇਟਹੀਆ ਪ੍ਰਾਂਤ ਵਿਚ ਇਮਾਨ ਪਿਆਰੀ ਨਾਂ ਦੀ ਇਕ ਹੋਰ ਹਥਣੀ 99 ਸਾਲ ਦੀ ਹੋ ਕੇ ਮਰੀ ਸੀ। ਪਾਲਤੂ ਹਾਥੀਆਂ ਲਈ 80 ਸਾਲ ਦੀ ਉਮਰ ਆਮ ਜਹੀ ਗੱਲ ਹੈ। ਜੰਗਲੀ ਹਾਥੀਆਂ ਵਿਚ ਇਹ ਔਸਤ ਵੱਧ ਸਮਝੀ ਜਾਂਦੀ ਹੈ, ਲੱਗਭਗ ਸੌ ਸਾਲ। ਜਦੋਂ ਹਾਥੀ 35-45 ਸਾਲ ਦੀ ਉਮਰ ਦਾ ਹੁੰਦਾ ਹੈ ਤਾ ਉਹ ਆਪਣੇ ਪੂਰੇ ਜਲੌ ਵਿਚ ਹੁੰਦਾ ਹੈ।

ਹਾਥੀ ਦੀ ਉਮਰ ਕਈ ਗੱਲਾਂ ਤੋਂ ਪ੍ਰਭਾਵਿਤ ਹੁੰਦੀ ਹੋ। ਜਿਹੜੇ ਪਾਲਤੂ ਹਾਥੀ ਭਾਰੇ ਕੰਮ ਕਰਦੇ ਹਲ ਉਹ ਜਲਦੀ ਹੀ ਚਲ ਵਸਦੇ ਹਨ। ਪਰ ਜੇ ਉਹਨਾ ਤੋਂ ਕਾਫ਼ੀ ਕੰਮ ਨਾ ਕਰਵਾਇਆ ਜਾਵੇ ਤਾਂ ਉਹ ਸੁਸਤ ਹੋ ਜਾਦੇ ਹਨ ਅਤੇ ਸਿੱਟੇ ਵਜੋਂ

ਉਹਨਾਂ ਦੀ ਸਿਹਤ ਮੰਦੀ ਪੈ ਜਾਦੀ ਹੈ। ਜੰਗਲੀ ਹਾਥੀ ਲੋੜੀਦੀ ਕਸਰਤ ਤੱਕ ਹੀ ਸੀਮਿਤ ਰਹਿੰਦਾ ਹੈ।

ਇਕ ਗੱਲ ਹੋਰ ਹੈ, ਪਾਲਤੂ ਹਾਥੀਆ ਨੂੰ ਜੰਗਲ ਵਿਚਲੀ ਵੰਨ-ਸੁਵੰਨੀ ਖ਼ੁਰਾਕ ਵੀ ਨਹੀਂ ਮਿਲਦੀ। ਉਹਨਾ ਨੂੰ ਖੁਲ੍ਹਾ ਨਹਾਉਣ ਅਤੇ ਖੇਡਣ ਲਈ ਉਹੋ ਜਹੇ ਨਦੀਆ ਨਾਲੇ ਜਾਂ ਛੱਪੜ ਵੀ ਨਹੀਂ ਮਿਲਦੇ। ਇਕ ਵੱਡੇ ਹਾਥੀ ਨੂੰ ਜੰਗਲ ਵਿਚ ਫਿਰਦਿਆਂ ਵੇਖ ਕੇ ਮਨ ਖੁਸ ਹੋ ਜਾਦਾ ਹੈ। ਉਹ ਸਿਹਤ, ਸਕਤੀ ਅਤੇ ਗਰੂਰ ਦੀ ਮੂੰਹ ਬੋਲਦੀ ਤਸਵੀਰ ਹੁੰਦਾ ਹੈ। ਹਥਣੀਆਂ ਵੀ ਹਲਕੀਆ ਅਤੇ ਚੁਸਤ ਹੁੰਦੀਆਂ ਹਨ ਅਤੇ ਪਾਲਤੂਆਂ ਵਾਗ ਉਹ ਹੱਡਲ ਨਹੀਂ ਹੁੰਦੀਆਂ। ਫ਼ਿਰ ਉਹਨਾਂ ਨੂੰ ਬੰਦੇ ਤੋਂ ਸਿਵਾ ਹੋਰ ਕਿਸੇ ਦਾ ਡਰ ਵੀ ਨਹੀਂ ਹੁੰਦਾ।

## ਉਮਰ ਦਾ ਅਨੁਮਾਨ

ਇਕ ਚੰਗਾ ਪਾਲਕ ਵੱਡੇ ਹੁੰਦੇ ਹਾਥੀ ਨੂੰ ਜੰਮਣ ਤੋਂ ਲੈ ਕੇ ਹਰ ਰੋਜ਼ ਧਿਆਨ ਨਾਲ ਵੇਖਦਾ ਹੈ ਅਤੇ ਇੰਜ ਉਹ ਉਸਨੂੰ ਵੇਖ ਕੇ ਉਸਦੀ ਸਹੀ ਉਮਰ ਦਾ ਅਨੁਮਾਨ ਲਗਾ ਸਕਦਾ ਹੈ। ਜਦੋਂ ਬੱਚੇ ਅਜੇ ਵੱਡੇ ਹੋ ਰਹੇ ਹੁੰਦੇ ਹਨ ਤਾਂ ਇਹ ਅਨੁਮਾਨ ਬਹੁਤ ਠੀਕ ਹੋ ਸਕਦਾ ਹੈ। ਵੱਡੇ ਹੋ ਚੁੱਕੇ ਹਾਥੀਆ ਬਾਰੇ ਇਹ ਅਨੁਮਾਨ ਬਹੁਤਾ ਠੀਕ ਨਹੀਂ ਹੁੰਦਾ। ਆਮ ਤੌਰ ਤੇ ਹਾਥੀ 25 ਸਾਲ ਦੀ ਉਮਰ ਤੱਕ ਵਧਦਾ ਰਹਿੰਦਾ ਹੈ ਅਤੇ ਉਸਦੀ ਉਚਾਈ ਤੋਂ ਕਿਸੇ ਵੇਲੇ ਵੀ ਉਮਰ ਦਾ ਅਨੁਮਾਨ ਲੱਗ ਸਕਦਾ ਹੈ। ਜਦੋਂ ਉਹ ਵਧਣੋਂ ਹਟ ਜਾਦਾ ਹੈ ਤਾ ਉਚਾਈ ਤੋਂ ਉਮਰ ਦਾ ਪਤਾ ਲੱਗਣਾ ਵੀ ਬੰਦ ਹੋ ਜਾਂਦਾ ਹੈ। ਵੱਡੇ ਹਾਥੀ ਦੀ ਉਮਰ ਦਾ ਅੰਦਾਜ਼ਾ ਲਾਉਣ ਸਮੇਂ ਹੇਠਾਂ ਦਿੱਤੇ ਨੁਕਤੇ ਧਿਆਨ ਵਿਚ ਰੱਖੇ ਜਾਦੇ ਹਨ।

— ਕੀ ਪੁੜਪੁੜੀਆ ਵਿਚ ਟੋਏ ਪੈਂਦੇ ਹਨ ਕਿ ਉਹ ਪੱਧਰੀਆਂ ਹਨ ?
— ਕੰਨ ਦਾ ਉਤਲਾ ਹਿੱਸਾ ਖੜਾ ਹੈ ਕਿ ਡਿੱਗਾ ਪਿਆ ਹੈ ?
— ਮੱਥੇ ਦੀ ਚਮਕ ਕੈਸੀ ਹੈ ?
— ਸੁੰਡ ਦਾ ਮੁੱਢ ਕੈਸਾ ਹੈ ?
— ਸੁੰਡ ਅਤੇ ਲੱਤਾਂ ਦੀ ਸੁੰਗੜਨ।
— ਪੂਛ ਦੇ ਮੁੱਢ ਦੁਆਲੇ ਦੋਵੇਂ ਪਾਸੇ ਦੇ ਟੋਏ।
— ਚਾਲ ਅਤੇ ਹੇਰਕਤ।
— ਲਿੱਦ। ਬੁੱਢੇ ਹਾਥੀ ਦੀ ਲਿੱਦ ਵਿਚ ਖ਼ੁਰਾਕ ਦੇ ਅਣਪਚੇ ਹਿੱਸੇ ਹੋਣਗੇ।
— ਦੰਦਾਂ ਦੀ ਹਾਲਤ। ਇਨ੍ਹਾਂ ਤੋਂ ਉਮਰ ਦਾ ਕਾਫ਼ੀ ਪਤਾ ਲੱਗਦਾ ਹੈ।
— ਸਰੀਰ ਦੀ ਸਾਧਾਰਣ ਦਿੱਖ।

ਕਿਸੇ ਤਜਰਬਾਕਾਰ ਜਾਂਚ ਕਰਨ ਵਾਲੇ ਦੇ ਮਨ ਵਿਚ ਇਹ ਅਤੇ ਹੋਰ ਕਈ ਗੱਲਾਂ ਰਲ ਕੇ ਹਾਥੀ ਦੀ ਉਮਰ ਦਾ ਅਨੁਮਾਨ ਬਣੀਆਂ ਹਨ। ਹਾਥੀ ਦੀ ਜਨਮ-ਮਿਤੀ ਦਾ ਪ੍ਰਮਾਣ ਪੱਤਰ ਤਾ ਵੇਖਣ ਵਾਲੇ ਨੂੰ ਦਿੱਤਾ ਨਹੀਂ ਜਾਦਾ। ਜਿਵੇਂ ਪਹਿਲਾਂ

ਦੱਸਿਆ ਗਿਆ ਹੈ, ਬੱਚੇ ਦੀ ਉਮਰ ਤਾਂ ਬਹੁਤ ਹੱਦ ਤੱਕ ਠੀਕ ਪਤਾ ਲੱਗ ਜਾਂਦਾ ਹੈ ਪਰ ਵੱਡੇ ਹਾਥੀ ਦੀ ਉਮਰ ਦਾ ਅੰਦਾਜ਼ਾ ਏਨਾ ਠੀਕ ਨਹੀਂ ਹੁੰਦਾ। ਫਿਰ ਵੀ ਹਾਥੀ ਨੂੰ ਧਿਆਨ ਨਾਲ ਵੇਖਣ ਪਿਛੋ ਇਹ ਪਾਲਕ ਆਪਣੇ ਅਨੁਮਾਨ ਵਿਚ ਉਸਦੀ ਉਮਰ ਨੇੜੇ ਤੇੜੇ ਪੁੱਜ ਜਾਂਦੇ ਹਨ।

## ਅੰਤਿਮ ਵਿਸ਼ਰਾਮ ਸਥਾਨ

ਜੰਗਲੀ ਕਬੀਲਿਆਂ ਵਿਚ ਇਕ ਇਸ ਤਰ੍ਹਾਂ ਦਾ ਵਿਸਵਾਸ ਹੈ ਕਿ ਹਾਥੀ ਮਰਨ ਵੇਲੇ ਕਿਸੇ ਦੂਰ ਥਾਂ 'ਤੇ ਚਲੇ ਜਾਂਦੇ ਹਨ। ਕਿਉਂਕਿ ਮਰੇ ਹਾਥੀਆਂ ਦੇ ਪਿੰਜਰ ਘੱਟ ਵੱਧ ਹੀ ਮਿਲਦੇ ਹਨ ਇਸ ਕਰਕੇ ਉਹ ਕਿੱਥੇ ਅਤੇ ਕਿਵੇਂ ਮਰਦੇ ਹਨ ਦਾ ਸਵਾਲ ਬੜਾ ਰੌਚਕ ਅਤੇ ਅਨੁਮਾਨ ਲਾਉਣ ਵਾਲਾ ਹੀ ਹੈ।

ਸਰ ਐਮਰਸਨ ਟੈਲਾਟ ਆਪਣੀ ਪੁਸਤਕ 'ਜੰਗਲੀ ਹਾਥੀ' ਵਿਚ ਸ੍ਰੀਲੰਕਾ ਦੇ ਲੋਕਾਂ ਦੇ ਇਕ ਵਿਸਵਾਸ ਦੀ ਗੱਲ ਕਰਦਾ ਹੈ। ਉਹ ਦੱਸਦਾ ਹੈ ਕਿ ਇਹ ਲੋਕ ਇੰਜ ਸੋਚਦੇ ਨੇ ਕਿ ਵਾਦੀ ਵਿਚ ਆਦਮਚੋਟੀ ਦੇ ਨੇੜੇ ਪੂਰਬ ਵਿਚ ਹਾਥੀਆ ਦਾ ਕੋਈ ਲੁਕਵਾਂ ਕਬਰਸਤਾਨ ਹੈ ਜਿਥੇ ਮਰਨ ਲੱਗਿਆ ਹਾਥੀ ਇਕ ਭੀੜੇ ਤੇ ਪਥਰੀਲੇ ਰਾਹ ਤੋਂ ਲੰਘ ਕੇ ਆਪ ਹੀ ਪਹੁੰਚ ਜਾਂਦੇ ਹਨ। ਭਾਰਤ ਵਿਚ ਵੀ ਮੈਸੂਰ ਦੇ ਕੁਰਬ ਲੋਕ ਇਹੀ ਵਿਸਵਾਸ ਕਰਦੇ ਨੇ ਕਿ ਹਾਥੀਆਂ ਦਾ ਕੋਈ ਇਕੱਠਾ ਕਬਰਸਤਾਨ ਹੈ ਜਿਥੇ ਉਹਨਾਂ ਦਾ ਅੰਤ ਹੁੰਦਾ ਹੈ।

ਇਹੋ ਜਿਹੇ ਕਬਰਸਤਾਨ ਨੂੰ ਲੱਭਣ ਵਾਸਤੇ ਓਰਲੀਨਜ ਦੇ ਡਿਊਕ ਨੇ ਕੇਂਦਰੀ ਅਫ਼ਰੀਕਾ ਦੇ ਧੁਰ ਅੰਦਰ ਤੱਕ ਜਾਣ ਲਈ ਇਕ ਮੁਹਿੰਮ ਦੀ ਅਗਵਾਈ ਵੀ ਕੀਤੀ ਸੀ। ਇਸ ਪਾਰਟੀ ਨੂੰ ਬੰਗੋ ਕਬੀਲੇ ਦੇ ਇਕ ਬੁੱਢੇ ਨੇ ਦੱਸਿਆ ਕਿ ਉਹ ਇਕ ਵਾਰੀ ਕਿਸੇ ਮਰੀਅਲ ਜਿਹੇ ਹਾਥੀ ਦੇ ਪਿਛੇ ਪੰਜ ਦਿਨ ਤੁਰਿਆ ਰਿਹਾ ਸੀ ਅਤੇ ਅਜਿਹੇ ਕਬਰਸਤਾਨ ਵਿਚ ਜਾ ਪੁੱਜਾ ਸੀ ਜਿੱਥੇ ਕੁਝ ਹੋਰ ਹਾਥੀਆ ਨੇ ਉਸ ਤੇ ਹੱਲਾ ਕਰ ਦਿੱਤਾ ਸੀ।

ਇਕ ਰੌਚਕ ਗੱਲ ਇਹ ਵੀ ਹੈ ਕਿ ਹਾਥੀ ਪਾਣੀ ਵਿਚ ਜਾਂ ਪਾਣੀ ਦੇ ਨੇੜੇ ਮਰਨ ਨੂੰ ਲੋਚਦਾ ਹੈ। ਇਸਦੀ ਪ੍ਰੋੜਤਾ ਕਰਨ ਵਾਲੀ ਇਕ ਘਟਨਾ ਸਾਨੂੰ ਯਾਦ ਵੀ ਹੈ। ਉੱਤਰ ਪ੍ਰਦੇਸ ਦੇ ਤਰਾਈ ਖੇਤਰ ਵਿਚ, ਜਾਲ ਢਾਗ ਤੋਂ ਥੋੜ੍ਹੇ ਕਿਲੋਮੀਟਰ ਪਰੇ, ਹਾਥੀ ਜ਼ਿੰਮੀਦਾਰਾ ਦੇ ਖੇਤਾ 'ਤੇ ਆਣ ਪਿਆ ਕਰਦੇ ਸਨ। ਇਕ ਵਾਰ ਜਦੋਂ ਉਨ੍ਹਾ ਤੇ ਖ਼ਾਲੀ ਪੀਪੇ ਖੜਕਾਣ ਦਾ ਕੋਈ ਅਸਰ ਨਾ ਹੋਇਆ ਤਾਂ ਜਿੰਮੀਦਾਰ ਨੇ ਮਜਬੂਰ ਹੋ ਕੇ ਹਵਾ ਵਿਚ ਗੋਲੀ ਚਲਾਈ। ਹਨੇਰਾ ਹੋਣ ਕਰਕੇ ਪਤਾ ਨਾ ਲੱਗਾ ਅਤੇ ਇਹ ਗੋਲੀ ਸਭ ਤੋਂ ਵੱਡੇ ਹਾਥੀ ਦੀ ਪੁੜਪੁੜੀ ਵਿਚ ਜਾ ਵੱਜੀ। ਇਸ ਪਿਛੋਂ ਹਾਥੀ ਦੌੜ ਗਏ। ਕੋਈ ਅੱਧਾ ਕਿਲੋਮੀਟਰ ਜਾ ਕੇ ਜ਼ਖ਼ਮੀ ਹਾਥੀ ਝੁੰਡ ਤੋਂ ਵੱਖਰਾ ਹੋ ਗਿਆ ਅਤੇ ਇਕ ਛੱਪੜ ਵਿਚ ਬੈਠ ਗਿਆ। ਜ਼ਿੰਮੀਦਾਰ ਦੇ ਨੌਕਰ ਉਸਨੂੰ ਰੋਜ਼ ਵੇਖਣ ਜਾਦੇ। ਉਹ ਛੱਪੜ ਵਿਚ ਹੀ ਬੈਠਾ ਰਹਿੰਦਾ ਅਤੇ ਖਾਣ ਪੀਣ ਲਈ ਵੀ ਬਾਹਰ ਨਾ ਨਿਕਲਦਾ। ਕੋਈ ਚਹੁੰ ਦਿਨਾ ਵਿਚ ਉਸਦੀ ਮੌਤ ਹੋ ਗਈ। ਕੋਈ ਚਾਰ ਮਹੀਨੇ ਪਿਛੋ ਜਦੋ ਬਰਸਾਤਾਂ

ਖ਼ਤਮ ਹੋਈਆਂ ਤਾ ਮੈਂ ਉਸਦਾ ਪਿੰਜਰ ਵੇਖਿਆ। ਉਹ ਸਚਮੁੱਚ ਹੀ ਬਹੁਤ ਵੱਡਾ ਹਾਥੀ ਸੀ।

ਇਕ ਲੇਖਿਕਾ ਨੇ ਚਿਟਾਗਾਂਗ ਨੇੜੇ ਕਰਨਾਪੁਲੀ ਦਰਿਆ ਵਿਚ ਇਕ ਹਾਥੀ ਨੂੰ ਮਰਦਿਆਂ ਵੇਖਣ ਦਾ ਜ਼ਿਕਰ ਕੀਤਾ ਹੈ। ਆਪਣੇ ਭਰਾ ਨਾਲ ਉਹ ਉਸ ਵੇਲੇ ਉਥੇ ਸੀ। ਹਾਥੀ ਉਨ੍ਹਾ ਦੇ ਬਹਤੁ ਨੇੜਿਓਂ ਲੰਘਿਆ। ਉਸਦੇ ਸਿਰ ਹਿਲਾਉਣ ਤੋਂ ਇਹ ਸਪਸ਼ਟ ਸੀ ਕਿ ਉਸਨੂੰ ਬਹੁਤ ਦਰਦ ਹੋ ਰਹੀ ਹੈ, ਆਪਣੇ ਵੱਡੇ ਸਰੀਰ ਨੂੰ ਸਾਵਾਂ ਨਾ ਰੱਖ ਸਕਦਾ ਉਹ ਲੜਖੜਾ ਕੇ ਤੁਰ ਰਿਹਾ ਸੀ। ਬੜੀ ਹੀ ਮੁਸਕਲ ਨਾਲ ਉਹ ਦਰਿਆ ਤੱਕ ਪੁੱਜਾ, ਉਹ ਦਰਿਆ ਵਿਚ ਜਾ ਡਿੱਗਾ ਅਤੇ ਪਾਣੀਆਂ ਵਿਚ ਅਲੋਪ ਹੋ ਗਿਆ।

1952 ਵਿਚ ਹਰਿਦੁਆਰ ਨੇੜੇ ਸ਼ਿਵਾਲਿਕ ਦੀਆ ਪਹਾੜੀਆਂ ਵਿਚ ਵਗਦੇ, ਘਾਸੀਰਾਮ ਨਾਲੇ ਵਿਚ ਮੈਂ ਵੀ ਹਾਥੀ ਦਾ ਇਕ ਪਿੰਜਰ ਵੇਖਿਆ ਸੀ। ਦਰਿਆ ਨੀਲ ਦੇ ਕੰਢੇ ਕੰਢੇ ਜਾਂਦਿਆਂ ਇਕ ਵਾਰ ਸਰ ਵਿਲੀਅਮ ਗੋਵਰਜ਼ ਨੇ ਬਿਨ ਦੰਦੇ ਹਾਥੀ ਦੀ ਲਾਸ਼ ਵੇਖੀ ਸੀ। ਇੰਜ ਲਗਦਾ ਸੀ ਜਿਵੇ ਉਹ ਕੇਵਲ ਤਿੰਨ ਜਾਂ ਚਾਰ ਦਿਨ ਪਹਿਲਾਂ ਹੀ ਮਰਿਆ ਹੋਵੇ। ਗੋਵਰਜ਼ ਅਨੁਸਾਰ ਭੂਮਈ ਪੂਰਬੀ ਅਫ਼ਰੀਕਾ ਵਿਚਲੇ ਬਹੁਤ ਹਾਥੀ ਛੱਪੜਾਂ ਟੋਇਆਂ ਵਿਚ ਹੀ ਮਰਦੇ ਹਨ। ਖ਼ਰਤੂਮ ਵਿਚ ਨੀਲ ਤੇ ਪੁਲ ਦਾ ਕੰਮ ਚਲ ਰਿਹਾ ਸੀ ਤਾ ਉਸ ਵੇਲੇ ਦਰਿਆ ਵਿਚ ਛੇ ਮੀਟਰ ਡੂੰਘਾਈ ਤੋਂ ਹਿਪੋਪੋਟਾਮੀ ਅਤੇ ਹੋਰ ਕਈ ਜਾਨਵਰਾਂ ਦੀਆ ਹੱਡੀਆ ਲੱਭੀਆਂ ਸਨ। ਇਹ ਗੱਲ ਹੁਣ ਆਮ ਤੌਰ ਤੇ ਮੰਨ ਲਈ ਗਈ ਹੈ ਕਿ ਹਾਥੀ ਪਾਣੀ ਵਿਚ ਜਾਂ ਪਾਣੀ ਨੇੜੇ ਮਰਦੇ ਹਨ।

ਆਸਾਮ ਵਿਚ ਹਾਥੀਆ ਦੇ ਕਾਬੂ ਕਰਨ ਸਮੇਂ ਦਾ ਇਹ ਰਿਵਾਜ਼ ਹੈ ਕਿ ਜਿਹੜੇ ਹਾਥੀ ਮਰਨ ਕੰਢੇ ਜਾਪਦੇ ਹੋਣ ਉਨ੍ਹਾ ਨੂੰ ਪਾਣੀ ਨੇੜੇ ਲੈ ਜਾ ਕੇ ਛੱਡ ਦਿੱਤਾ ਜਾਵੇ। ਜੇ ਨੇੜੇ ਪਾਣੀ ਦੇ ਟੋਏ ਹੋਣ ਤਾਂ ਇੰਨ੍ਹਾ ਨੂੰ ਟੋਇਆ ਵਿਚ ਛੱਡਿਆਂ ਜਾਂਦਾ ਹੈ ਅਤੇ ਰੋਜ਼ ਉਸਨੂੰ ਵੇਖਣ ਲਈ ਬੰਦੇ ਜਾਦੇ ਹਨ। ਉਹ ਵਿਚਾਰਾ ਟੋਏ ਵਿਚ ਹੀ ਫਸਿਆ ਰਹਿੰਦਾ ਹੈ, ਜਾ ਠੀਕ ਹੋ ਜਾਦਾ ਹੈ ਤੇ ਜਾਂ ਮਰ ਜਾਂਦਾ ਹੈ। ਉਹ ਖਾਂਦਾ ਤਾ ਘੱਟ ਹੈ ਪਰ ਪਾਣੀ ਬਹੁਤ ਪੀਂਦਾ ਹੈ। ਮਰਨ ਪਿਛੋ ਗਿਰਝਾਂ ਅਤੇ ਹੋਰ ਜੰਗਲੀ ਜਾਨਵਰ ਉਸਦੀ ਲਾਸ਼ ਦਾ ਨਿਬੇੜਾ ਕਰਦੇ ਹਨ, ਹਡੀਆ ਟੋਏ ਵਿਚ ਗੁੰਮ ਹੋ ਜਾਦੀਆ ਹਨ।

ਪਾਲਤੀ ਦੂਨ ਵਿਚ 8 ਮਾਰਚ 1957 ਨੂੰ ਇਕ ਹਾਥੀ ਲੜਾਈ ਵਿਚ ਮਾਰਿਆ ਗਿਆ। ਦੋ ਸੁਰੱਖਿਆ ਗਾਰਦਾ ਸਮੇਤ ਮੈਂ ਹੱਡੀਆ ਵੇਖਣ ਉਸ ਥਾਂ ਪੁੱਜਾ। ਗਾਰਦਾ ਨੇ ਦੋ ਮਹੀਨੇ ਪਹਿਲਾ ਹੀ ਲਾਸ਼ ਇਥੇ ਵੇਖੀ ਸੀ। ਹੁਣ ਇਥੇ ਕੁਝ ਵੀ ਨਹੀਂ ਸੀ। ਸ਼ਾਇਦ ਮਾਸ ਖਾਣ ਵਾਲੇ ਜੰਗਲੀ ਪਸ਼ੂ ਪੰਛੀ ਹੱਡੀਆ ਵੀ ਲੈ ਗਏ ਸਨ।

ਚੀਤੇ, ਬਾਘ, ਗਿੱਦੜ, ਗਿਰਝਾਂ ਅਤੇ ਹੋਰ ਜੰਗਲੀ ਜੀਵ ਆਦਿ ਦਾ ਅਜਿਹੀਆ ਜੰਗਲੀ ਲਾਸਾਂ ਤੇ ਅਧਿਕਾਰ ਬਣਦਾ ਹੀ ਹੈ। ਇਸ ਅਧਿਕਾਰ ਦੀ ਵਰਤੋਂ ਕਰਦਿਆ ਉਹ ਕਰੰਗ ਦੀ ਖਿੱਚਾ ਧੂਹ ਵੀ ਕਰਦੇ ਹਨ। ਇੰਜ ਉਹ

ਖਿੱਲਰ ਜਾਂਦਾ ਹੈ। ਪਰ ਹੱਡੀਆ ਦੀ ਛੇੜਛਾੜ ਤਾਂ ਮਨੁੱਖੀ ਸ਼ਿਕਾਰੀ ਵੀ ਕਰਦੇ ਹਨ। ਮਿੱਠੀ ਬੇਰੀ ਵਿਖੇ ਮੈ ਇਕ ਵਾਰ ਜੰਗਲ ਵਿਚ ਹਾਥੀ ਦੀਆਂ ਹੱਡੀਆ ਵੇਖੀਆਂ। ਇਨ੍ਹਾਂ ਨੂੰ ਮੈਂ ਗੁਰੂਕੁਲ ਕਾਂਗੜੀ ਦੇ ਚਿੜੀਆਘਰ ਸੰਗ੍ਰਿਹਆਲੇ ਵਾਸਤੇ ਲੈ ਜਾਣਾ ਚਾਹੁੰਦਾ ਸਾਂ। ਗੁਰੂਕੁਲ ਵਾਲਿਆ ਨੂੰ ਇਹ ਗੱਲ ਚੰਗੀ ਲੱਗੀ ਅਤੇ ਇਸ ਵਿਸ਼ੇ ਉਤੇ ਉਨ੍ਹਾਂ ਸਰਕਾਰ ਨਾਲ ਚਿੱਠੀ-ਪੱਤਰ ਵੀ ਸ਼ੁਰੂ ਕੀਤਾ। ਕੁਝ ਸਮੇਂ ਪਿਛੋਂ ਜਦੋਂ ਆਗਿਆ ਮਿਲ ਗਈ ਅਤੇ ਅਸੀ ਟਰੱਕ ਲੈ ਕੇ ਹੱਡੀਆ ਲੈਣ ਲਈ ਗਏ ਤਾਂ ਉਥੋਂ ਇਹ ਗਾਇਬ ਹੋ ਚੁੱਕੀਆਂ ਸਨ। ਪੁੱਛ ਪੜਤਾਲ ਕਰਨ ਪਿਛੋ ਪਤਾ ਲੱਗਾ ਕਿ ਹੱਡੀਆਂ ਤਾਂ ਕੋਈ ਬੰਦਾ ਖੋਤਿਆ 'ਤੇ ਲੱਦ ਕੇ ਨੇੜੇ ਪੈਂਦੇ ਵਪਾਰੀ ਕੋਲ ਵੇਚਣ ਵਾਸਤੇ ਲੈ ਗਿਆ ਸੀ।

## ਮਨੁੱਖ ਦਾ ਵਿਰੋਧੀ

ਜੰਗਲੀ ਹਾਥੀ ਅੱਗ ਤੋਂ ਡਰਦੇ ਹਨ। ਜਦੋਂ ਉਹ ਖੇਤਾ 'ਤੇ ਹੱਲਾ ਕਰਦੇ ਹਨ ਤਾਂ ਉਹਨਾ ਨੂੰ ਭਜਾਉਣ ਦਾ ਇਕ ਤਰੀਕਾ ਅੱਗ ਬਾਲਣ ਵਾਲਾ ਵੀ ਹੈ। ਜਿਵੇਂ ਪਹਿਲਾ ਦੱਸਿਆ ਗਿਆ ਹੈ ਕਿ ਹਾਥੀ ਮਨੁੱਖੀ ਜੀਵਨ ਲਈ ਖਤਰਾ ਹੋ ਸਕਦੇ ਹਨ ਅਤੇ ਹੋਰ ਜੰਗਲੀ ਜਾਨਵਰਾ ਵਾਂਗ ਮਨੁੱਖ ਨੂੰ ਮਾਰ ਵੀ ਸਕਦੇ ਹਨ।

ਉਹ ਕਈ ਤਰ੍ਹਾਂ ਨਾਲ ਹੱਲਾ ਕਰਦੇ ਹਨ। ਉਹ ਲੱਤ ਮਾਰ ਕੇ ਥੱਲੇ ਵੀ ਸੁੱਟ ਸਕਦੇ ਹਨ ਅਤੇ ਸੁੰਡ ਨਾਲ ਉਤੇ ਚੁੱਕ ਕੇ ਫਿਰ ਹੇਠਾ ਪਟਕਾ ਕੇ ਵੀ ਮਾਰ ਸਕਦੇ ਹਨ। ਉਹ ਉਸਨੂੰ ਮਸਲ ਸਕਦੇ ਹਨ ਅਤੇ ਉਸਦੀ ਖੋਪਰੀ ਅਤੇ ਛਾਤੀ ਦਾ ਮਲ਼ੀਦਾ ਬਣਾ ਸਕਦੇ ਹਨ। ਆਪਣੇ ਦੰਦਾਂ ਦੀ ਵਰਤੋ ਵੀ ਉਹ ਕਰ ਸਕਦੇ ਹਨ।

ਕਦੇ ਕਦੇ ਇਹ ਵੀ ਸੁਣਨ ਵਿਚ ਆਇਆ ਹੈ ਕਿ ਹਾਥੀ ਨੇ ਬੰਦੇ ਨੂੰ ਪਾੜ ਸੁੱਟਿਆ ਹੋਵੇ। ਵਿਜੈਨਗਰ ਦੇ (15ਵੀਂ ਸਦੀ) ਹੰਪੀ ਵਿਚ ਪੱਥਰ 'ਤੇ ਇਸ ਤਰ੍ਹਾਂ ਵੀ ਇਕ ਮੂਰਤ ਉੱਕਰੀ ਹੋਈ ਮਿਲਦੀ ਹੈ। ਅੱਖਾਂ ਦੀ ਲਾਲੀ ਅਤੇ ਮੱਥੇ ਤੇ ਮਾਦੇ ਦੀਆ ਚਿੱਟੀਆ ਬੂੰਦਾਂ ਤੋਂ ਹਾਥੀ ਭੂਤਰਿਆ ਹੋਇਆ ਲੱਗਦਾ ਹੈ। ਜਿਹੜੇ ਪੰਜ ਬੰਦੇ ਉਸਨੂੰ ਕਾਬੂ ਕਰਨ ਦਾ ਯਤਨ ਕਰ ਰਹੇ ਸਨ ਉਨ੍ਹਾ ਵਿਚੋ ਹੀ ਇਕ ਇਸ ਦੇ ਕਾਬੂ ਆ ਗਿਆ। ਉਸਨੇ ਬੰਦੇ ਦੀ ਇਕ ਲੱਤ ਆਪਣੇ ਖੱਬੇ ਪੈਰ ਹੇਠਾ ਦੱਬ ਲਈ ਅਤੇ ਦੂਜੀ ਲੱਤ ਦੁਆਲੇ ਸੁੰਡ ਨੂੰ ਵਲ ਕੇ ਦੂਜੇ ਪਾਸੇ ਨੂੰ ਖਿੱਚਣ ਲੱਗ ਪਿਆ। ਬੰਦੇ ਦੀ ਹਿੱਕ 'ਤੇ ਹਾਥੀ, ਦੀ ਅਗਲੀ ਸੱਜੀ ਲੱਤ ਹੈ। ਪਿੱਛਲੀ ਇਕ ਲੱਤ ਨਾਲ ਉਸਨੇ ਹੋਰ ਬੰਦਾ ਕਾਬੂ ਕਰ ਲਿਆ ਜਿਸਨੂੰ ਵਾਲਾ ਤੋਂ ਫੜ ਕੇ ਉਸਦਾ ਇਕ ਸਾਥੀ ਖਿੱਚ ਰਿਹਾ ਹੈ।

ਸਿੰਗਾਪੁਰ ਵਿਚ ਸਰਕਸ ਕੰਪਨੀ ਦੇ ਇਕ ਹਾਥੀ ਨੇ ਛੇ ਸਾਲ ਦਾ ਚੀਨੀ ਮੁੰਡਾ ਪੈਰ ਹੇਠ ਮਸਲ ਦਿੱਤਾ। ਮੁੰਡੇ ਨੇ ਕੇਲੇ ਵਿਚ ਲਾਲ ਮਿਰਚਾ ਕੁੱਟ ਕੇ ਪਾ ਦਿੱਤੀਆਂ ਸੀ ਅਤੇ ਉਹ ਕੇਲਾ ਹਾਥੀ ਨੂੰ ਖਵਾ ਦਿੱਤਾ ਸੀ। ਹਾਥੀ ਏਨੇ ਗੁੱਸੇ ਵਿਚ ਆ ਗਿਆ ਕਿ ਉਸਨੇ ਮੁੰਡੇ ਨੂੰ ਸੁੰਡ ਨਾਲ ਚੁੱਕ ਚੁੱਕ ਮਾਰਿਆ ਅਤੇ ਮਸਲ ਕੇ ਮਾਰ ਦਿੱਤਾ।



ਉਤਸਵ ਮੌਕੇ ਸਜਾਏ ਹੋਏ ਹਾਥੀ।




ਹਾਥੀਆ ਦੀ ਸਿੰਗਾਰ ਸਮੱਗਰੀ। ਤ੍ਰਿਚੂਰ (ਕੇਰਲ) ਦੇ ਪੂਰਮ ਪਰਵ ਤੇ ਇਸ ਸਮੱਗਰੀ ਨਾਲ ਹਾਥੀਆ ਨੂੰ ਸਜਾ ਕੇ ਆਮ ਲੋਕਾ ਦੇ ਸਾਮ੍ਹਣੇ ਲਿਆਂਦਾ ਜਾਂਦਾ ਹੈ।



ਪਤਾਲਦੰਦਾ। ਇਸ ਦੇ ਦੰਦ ਜ਼ਮੀਨ ਵਲ ਜਾ ਰਹੇ ਹਨ।



ਬੱਚਾ ਮਾ ਦਾ ਦੁੱਧ ਪੀ ਰਿਹਾ ਹੈ। ਹਥਣੀ ਦੇ ਦੰਦ ਅਗਲੀਆ ਦੇ ਲੱਤਾ ਦੇ ਵਿਚਕਾਰ ਹੁੰਦੇ ਹਨ।



... ਬਹੁਤ ਸਾਵਧਾਨੀ ਨਾਲ ... ਬਚੇ ... ਵਧ ...



... ਹੈ



ਬੱਚਾ ਮਾਂ ਦੀ ਸੁਰੱਖਿਆ ਹੇਠ।




ਮਾਂ ਅਤੇ [illegible] ਦੇ ਤੁੰਡਾਂ ਵਿਚਕਾਰ ਸੁਰੱਖਿਅਤ ਬੱਚਾ।




ਵੱਡੀ ਮਾਂ ਅਤੇ ਉਸ ਦੀ ਸੁਰੱਖਿਆ ਹੇਠ ਬੱਚੇ।



ਸੂਰਜ ਛਿਪਣ ਸਮੇਂ ਹਾਥੀ।



ਪੇਰੀਯਾਰ ਵਿਚ ਹਾਥੀਆਂ ਦੇ ਝੁੰਡ।





ਮਰੇ ਹੋਏ ਹਾਥੀ ਦਾ ਦੰਦ ਕੱਢਿਆ ਜਾ ਰਿਹਾ ਹੈ।




ਹਾਥੀ ਦੰਦ ਦੀ ਬਹੁਤ ਕੀਮਤੀ ਕਲਾ-ਕ੍ਰਿਤ।



ਹਾਥੀ ਦੇ ਬੱਚੇ ਨੂੰ ਪਿਛਲੀਆਂ ਲੱਤਾਂ 'ਤੇ ਖੜਾ ਹੋਣਾ ਸਿਖਾਇਆ ਜਾ ਰਿਹਾ ਹੈ।



ਹਾਥੀ ਆਪਣੇ ਦੰਦਾਂ ਅਤੇ ਸੁੰਡ ਵਿਚਕਾਰ ਦਰਖ਼ਤ ਦੇ ਲੰਮੇ ਅਤੇ ਭਾਰੇ ਤਣੇ ਨੂੰ ਉਠਾਂ ਕੇ ਲੈ ਜਾ ਰਹੇ ਹਨ।



ਜੁੜਵੇਂ ਬੱਚੇ ਮਾਂ ਦਾ ਦੁੱਧ ਪੀ ਰਹੇ ਹਨ।



ਕਾਰਬਟ ਨੈਸ਼ਨਲ ਪਾਰਕ ਵਿਚ ਘਾਹ ਚਰਦੇ ਹੋਏ ਹਾਥੀ।

ਕਾਨਪੁਰ ਦਾ ਇਕ ਜ਼ਿੰਮੀਦਾਰ ਵਿਆਹ ਵਖਣ ਚੱਲਿਆ। ਸਫ਼ਰ ਲੰਮਾ ਸੀ ਅਤੇ ਉਹਦੇ ਹਾਥੀ ਨੂੰ ਪਿਆਸ ਲੱਗ ਗਈ। ਮਹਾਵਤ ਨੇ ਸੁਝਾਅ ਦਿੱਤਾ ਕਿ ਥੋੜ੍ਹਾ ਸਮਾ ਰੁਕ ਕੇ ਹਾਥੀ ਨੂੰ ਪਾਣੀ ਪਿਆ ਲਿਆ ਜਾਵੇ। ਪਰ ਜ਼ਿੰਮੀਂਦਾਰ ਕਾਹਲ ਵਿਚ ਸੀ ਅਤੇ ਉਹ ਹਾਥੀ ਨੂੰ ਬੁਰਾ ਭਲਾ ਕਹਿਣ ਲੱਗ ਪਿਆ। ਇਸ 'ਤੇ ਹਾਥੀ ਨੇ ਏਨਾ ਗੁੱਸਾ ਕੀਤਾ ਕਿ ਜਦੋਂ ਉਹ ਪਿੰਡ ਪੁੱਜੇ ਤਾਂ ਉਸਨੇ ਜ਼ਿੰਮੀਦਾਰ ਅਤੇ ਉਸਦੇ ਸਾਥੀਆ ਨੂੰ ਹੇਠਾਂ ਸੁੱਟ ਦਿੱਤਾ। ਫਿਰ ਜ਼ਿੰਮੀਦਾਰ ਨੂੰ ਸੁੰਡ ਨਾਲ ਚੁੱਕ ਕੇ ਭੁਆਂ ਕੇ ਜ਼ਮੀਨ 'ਤੇ ਸੁੱਟਿਆ। ਅਜੇ ਵੀ ਉਸਦੀ ਤਸੱਲੀ ਨਾ ਹੋਈ ਤਾਂ ਉਹ ਘੜੀ ਮੁੜੀ ਉਸਨੂੰ ਮਸਲਣ ਲੱਗਾ।

ਭੁੱਖ ਨਾਲ ਵੀ ਹਾਥੀ ਕਮਲਾ ਹੋ ਉੱਠਦਾ ਹੈ। ਬੁਲੰਦਸਹਿਰ ਵਿਚ ਇਕ ਵਿਆਹ ਵੇਲੇ ਹਾਥੀ ਨੂੰ ਬਹੁਤ ਸਮਾਂ ਭੁੱਖਾ ਰਖਿਆ ਗਿਆ। ਇਸ ਕਰਕੇ ਕਿ ਮਹਾਵਤ ਕਿਤੇ ਹੋਰ ਥਾ ਰੁੱਝਾ ਰਿਹਾ ਸੀ। ਅੰਤ ਜਦੋ ਮਹਾਵਤ ਹਾਥੀ ਕੋਲ ਆਇਆ ਅਤੇ ਉਹਦੇ ਸੰਗਲ ਖੋਲ੍ਹੇ ਤਾ ਉਸਨੇ ਮਹਾਵਤ 'ਤੇ ਹੱਲਾ ਕਰਕੇ ਉਸਨੂੰ ਮਸਲ ਕੇ ਮਾਰ ਦਿੱਤਾ। ਜੇ ਹਾਥੀ ਨੂੰ ਆਪਣੇ ਰਾਸ਼ਨ ਦੀ ਚੋਰੀ ਹੋਣ ਦਾ ਸ਼ੱਕ ਪੈ ਜਾਵੇ ਤਾਂ ਫਿਰ ਉਹ ਮਹਾਵਤ ਨੂੰ ਕਦੇ ਮੁਆਫ਼ ਨਹੀਂ ਕਰਦਾ।

ਕਦੇ ਕਦੇ, ਬਿਨਾ ਕਿਸੇ ਕਾਰਣ ਵੀ ਹਾਥੀ ਬੰਦੇ ਅੱਗੇ ਆ ਖਲੋਂਦਾ ਹੈ। ਗੁਰੂਵਾਯੂਰ ਮੰਦਰ ਦਾ ਹਾਥੀ ਪਦਮਾਨਾਭਨ ਇਸ ਦੀ ਇਕ ਉਦਾਹਰਣ ਹੈ। ਹਾਥੀ, ਪੁਰਾਣੇ ਪਾਲਤੂਆਂ ਵਿਚੋਂ ਹੀ ਸੀ। ਪਰ ਜਦ ਉਹ ਵੱਡਾ ਹੋਇਆ ਤਾ ਉਹ ਬੰਦੇ ਮਾਰਨ ਦੀ ਪ੍ਰਵਿਰਤੀ ਨਾਲ ਭਰਪੂਰ ਸੀ। ਉਸ ਲਈ ਚਾਰਾ ਵੇਖ ਰਹੇ ਭੋਲੇ ਭਾਲੇ ਬੰਦਿਆਂ ਤੇ ਉਹ ਜਾ ਚੜ੍ਹਦਾ ਅਤੇ ਉਹਨਾਂ ਨੂੰ ਪੈਰਾ ਅਤੇ ਦੰਦਾ ਨਾਲ ਮਾਰ ਸੁੱਟਦਾ। ਉਸਨੇ ਜਦ ਛੇ ਬੰਦੇ ਮਾਰ ਦਿੱਤੇ ਤਾਂ ਮਹਾਵਤ ਨੇ ਫ਼ੈਸਲਾ ਕਰ ਲਿਆ ਕਿ ਉਸਨੂੰ ਮਾਰ ਦਿੱਤਾ ਜਾਵੇ। ਪਰ ਇਸ ਤੋਂ ਪਹਿਲਾ ਹੀ ਇਸ ਹਾਥੀ ਨੂੰ ਮੈਸੂਰ ਦੇ ਮਹਾਰਾਜੇ ਨੇ ਖ਼ਰੀਦ ਲਿਆ।

ਹੁਣ ਉਸਨੂੰ ਲੱਕੜ ਦੇ ਮੋਛੇ ਖਿੱਚਣ ਤੇ ਲਾ ਦਿੱਤਾ ਗਿਆ। ਇਸ ਨਾਲ ਵੀ ਉਹ ਸ਼ਾਤ ਨਾ ਹੋਇਆ। ਇਕ ਦਿਨ ਜਦੋਂ ਇਕ ਨੌਜਵਾਨ ਹਾਥੀਵਾੜਾ ਸਾਫ਼ ਕਰ ਰਿਹਾ ਸੀ, ਹਾਥੀ ਨੇ ਆਪਣਾ ਦੰਦ ਉਸ ਵਿਚੇ ਲੰਘਾ ਦਿੱਤਾ। ਇੰਜ ਹੀ ਉਸਨੂੰ ਚੁੱਕ ਕੇ ਉਹ ਦਰਿਆ ਵੱਲ ਨੂੰ ਹੋ ਤੁਰਿਆ। ਇਥੇ ਉਹ ਨੌਜਵਾਨ ਨੂੰ ਘੜੀ ਮੁੜੀ ਜ਼ਮੀਨ ਤੇ ਸੁੱਟਦਾ ਘਸੀਟੀ ਫ਼ਿਰਦਾ ਸੀ। ਜਦੋਂ ਮਹਾਵਤ ਉਸ ਪਾਸ ਪੁੱਜਾ ਤਾਂ ਉਸਨੇ ਕੋਈ ਜ਼ਿਦ ਨਾ ਕੀਤੀ ਅਤੇ ਉਸਦਾ ਆਖਾ ਚੁੱਪਚਾਪ ਮੰਨਣ ਲੱਗਾ। ਉਸਦੇ ਦੰਦਾਂ ਉਤੋਂ ਅਜੇ ਵੀ ਲਹੂ ਥੱਲੇ ਡਿੱਗ ਰਿਹਾ ਸੀ।

ਅਕਬਰ ਦਾ ਇਕ ਦਰਬਾਰੀ ਬੀਰਬਲ 1583 ਵਿਚ ਇਕ ਪਾਗਲ ਹਾਥੀ ਦੇ ਹੱਲੇ ਦਾ ਸ਼ਿਕਾਰ ਹੋਇਆ ਦੱਸਿਆ ਜਾਦਾ ਹੈ। ਦੱਸਦੇ ਨੇ ਕਿ ਅਕਬਰ ਆਪ ਹਾਥੀ ਅਤੇ ਬੀਰਬਲ ਵਿਚਕਾਰ ਆਣ ਖਲੋਤਾ ਸੀ ਜਿਸ ਕਰਕੇ ਬੀਰਬਲ ਦਾ ਬਚਾਅ ਹੋ ਗਿਆ।

1960 ਵਿਚ ਪੱਛਮੀ ਜਰਮਨੀ ਵਾਸੀ ਫ਼ਰਿਟਜ਼ ਕਰੌਂਪ ਆਪਣੇ ਸਥਾਨਕ ਯੂਰਪੀ ਸਾਥੀ ਰੈਡਕਲਿਫ਼ ਨਾਲ ਓਟਾਕਮੰਡ ਤੋ ਕੋਈ 16 ਕਿਲੋਮੀਟਰ ਨੀਲਗਿਰੀ ਦੀਆਂ

ਪਹਾੜੀਆਂ ਵਿਚ ਅਨਾਏਕੁੱਟੀ ਖੇਤਰ ਦੇ ਜੰਗਲਾਂ ਵਿਚ ਫ਼ਿਰ ਰਿਹਾ ਸੀ। ਉਹ ਜੰਗਲੀ ਜੀਵਾ ਖ਼ਾਸ ਕਰਕੇ ਚੀਤੇ ਅਤੇ ਹਾਥੀ ਵਿਚ ਰੁਚੀ ਰਖਦੇ ਸਨ। ਕਰੌਂਪ 53 ਸਾਲ ਦਾ ਸੀ। ਥੋੜ੍ਹੇ ਸਮੇ ਲਈ ਉਹ ਦੱਖਣ-ਪੱਛਮੀ ਅਫ਼ਰੀਕਾ ਵਿਚ ਵਿੰਡਹਾਕ ਥਾਂ ਤੇ ਰਿਹਾ ਸੀ ਅਤੇ ਇਯ ਵੇਲੇ ਨੈਪਾਲ, ਭਾਰਤ ਅਤੇ ਹੋਰ ਦੇਸ਼ਾਂ ਵਿਚ ਏਸ਼ੀਆਈ ਜੀਵਾਂ ਦੇ ਅਧਿਅਨ ਲਈ ਆਇਆ ਹੋਇਆ ਸੀ। ਉਹ ਜਾਨਵਰਾਂ ਦੇ ਚਿਤਰ ਵੀ ਬਣਾਉਂਦਾ ਸੀ।

28 ਜੁਲਾਈ ਦੀ ਸ਼ਾਮ ਨੂੰ ਸਾਢੇ ਛੇ ਕੁ ਵਜੇ ਦੋਹਾਂ ਸੈਲਾਨੀਆਂ ਨੇ ਨੇੜੇ ਦੇ ਜੰਗਲ ਵਿਚ ਹਾਥੀਆਂ ਵਲੋਂ ਬਾਂਸ ਦੇ ਬੂਟੇ ਭੰਨਣ ਦੀ ਆਵਾਜ਼ ਸੁਣੀ। ਉਹ ਬੇਲੇ ਦੇ ਅੰਦਰ ਚਲੇ ਗਏ ਅਤੇ ਉਥੇ ਇਕ ਹਾਥੀ ਉਹਨਾਂ ਦੀ ਨਜ਼ਰ ਪਿਆ। ਕਰੌਂਪ ਨੇ ਆਪਣੀ ਦੂਰਬੀਨ ਹਾਥੀ ਤੇ ਬੀੜ ਦਿੱਤੀ ਅਤੇ ਉਸਦੀਆਂ ਹਰਕਤਾਂ ਵੇਖਣ ਲੱਗਾ। ਹਾਥੀ ਕਰੀਬ 13 ਮੀਟਰ ਅੱਗੇ ਸੀ। ਅਚਾਨਕ ਉਹ ਪਿੱਛੇ ਨੂੰ ਮੁੜਿਆ ਅਤੇ ਬੰਦਿਆਂ ਤੇ ਟੁੱਟ ਪਿਆ। ਉਹਨਾਂ ਦੌੜਨ ਦਾ ਯਤਨ ਕੀਤਾ ਪਰ ਹਾਥੀ ਤਿੱਖਾ ਸੀ। ਉਸਨੇ ਕਰੌਂਪ ਨੂੰ ਕਾਬੂ ਕਰਕੇ ਦੰਦਾਂ ਨਾਲ ਮਾਰ ਮੁਕਾਇਆ। ਫਿਰ ਉਹ ਲਾਸ਼ ਦੇ ਉਤੇ ਖੜੋਤਾ ਰਿਹਾ। ਰੈਡਕਲਿਫ਼ ਇਕੱਲਾ ਰਹਿ ਗਿਆ ਸੀ। ਮਰੇ ਹੋਈ ਸਾਥੀ ਨੂੰ ਛੱੜ ਕੇ ਉਹ ਜੀਪ ਵਿਚ ਬਹਿ ਗਿਆ ਅਤੇ ਸਹਾਇਤਾ ਲਈ ਅਨਾਏਕੁੱਟੀ ਪਿੰਡ ਨੂੰ ਚਲ ਪਿਆ। ਰਾਤ ਪੈ ਚੁੱਕੀ ਸੀ। ਇਸ ਕਰਕੇ ਅਗਲੇ ਦਿਨ ਦੀ ਉਡੀਕ ਕਰਨੀ ਪੈ ਗਈ।

ਸਵੇਰ ਵੇਲੇ, ਇਕ ਜੰਗਲੀ ਸੁਰੱਖਿਆ ਗਾਰਦ ਨਾਲ ਰੈਡਕਲਿਫ਼ ਉਸ ਥਾ ਪੁੱਜਾ। ਉਨ੍ਹਾਂ ਦੇ ਨਾਲ ਇਕ ਜੰਗਲੀ ਮਾਹਰ ਅਤੇ 15 ਬੰਦੇ ਪਿੰਡ ਦੇ ਸਨ। ਹਾਥੀ ਅਜੇ ਵੀ ਆਪਣੇ ਸ਼ਿਕਾਰ ਦੀ ਲਾਸ਼ ਕੋਲ ਖੜ੍ਹਾ ਸੀ। ਉਹਨਾਂ ਹਾਥੀ ਨੂੰ ਪਰ੍ਹੇ ਭਜਾ ਦਿੱਤਾ। ਲਾਸ਼ ਪਿੱਠ ਭਾਰ ਪਈ ਸੀ। ਛਾਤੀ ਦੇ ਖੱਬੇ ਪਾਸੇ ਹਾਥੀ ਦੇ ਦੰਦ ਨਾਲ ਵੱਡੀ ਮੋਰੀ ਹੋਈ ਪਈ ਸੀ।

ਇਕ ਵਾਰ ਯੁਗਾਡਾ ਦੇ ਕੌਮੀ ਪਾਰਕ ਵਿਚ ਗਿਆ ਇਕ ਜਰਮਨ ਆਪਣੀ ਕਾਰ 'ਚੋਂ ਉੱਤਰ ਕੇ ਇਕ ਹਾਥੀ ਦੇ ਫ਼ੋਟੋ ਖਿੱਚਣ ਲੱਗਾ। ਹਾਥੀ ਨੇ ਉਸਤੇ ਹੱਲਾ ਬੋਲ ਦਿੱਤਾ ਅਤੇ ਉਹ ਨੇੜੇ ਦੀਆਂ ਝਾੜੀਆ ਵੱਲ ਬਚਾਓ ਲਈ ਨੱਸ ਪਿਆ। ਹਾਥੀ ਨੇ ਝਾੜੀ ਵਿਚੋਂ ਹੀ ਉਸਨੂੰ ਜਾ ਫੜਿਆ ਅਤੇ ਤਿੰਨ ਵਾਰ ਹਵਾ ਵਿਚ ਉਛਾਲਿਆ। ਫ਼ਿਰ ਉਸਨੂੰ ਦੰਦ ਚੋਭਣੇ ਸ਼ੁਰੂ ਕਰ ਦਿੱਤੇ। ਫ਼ੋਟੋਗ੍ਰਾਫਰ ਦੀ ਕਿਸਮਤ ਚੰਗੀ ਸੀ ਤੇ ਅਜੇ ਉਹਦਾ ਦਾਣਾ ਪਾਣੀ ਹੈ ਸੀ, ਉਹ ਬਚ ਗਿਆ ਪਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਉਸਦੀ ਛਾਤੀ ਦੀ ਇਕ ਹੱਡੀ ਟੁੱਟੀ ਪਈ ਸੀ ਅਤੇ ਦੰਦ ਨਾਲ ਪੱਟ ਉਤੇ ਹੋਇਆ ਵੱਡਾ ਜ਼ਖ਼ਮ ਸੀ।

ਮਈ 1968 ਵਿਚ ਉੱਤਰ ਪ੍ਰਦੇਸ਼ ਦੇ ਤਰਾਈ ਇਲਾਕੇ ਵਿਚ ਮੈਂ ਜੰਗਲੀ ਹਾਥੀਆਂ ਦੇ ਅਧਿਅਨ ਲਈ ਫ਼ਿਰਦਾ ਪਿਆ ਸੀ। ਇਹਨਾ ਵਿਚੋਂ ਕੁਝ ਇਕ ਨੇ ਇਲਾਕੇ ਵਿਚ ਸਹਿਮ ਪਾ ਰਖਿਆ ਸੀ—ਕੋਈ ਚਾਰ ਬੰਦੇ ਵੀ ਜਾਨ ਗੁਆ ਬੈਠੇ ਸਨ—ਮੈਨੂੰ ਵੀ ਬਹੁਤ ਧਿਆਨ ਨਾਲ ਵਿਚਰਣ ਦੀ ਚਿਤਾਵਨੀ ਦਿੱਤੀ ਗਈ ਸੀ। ਮੇਰੇ ਕਾਫ਼ਲੇ ਕੋਲ ਦੋ 16 ਮਿਲੀਮੀਟਰ ਦੇ ਚਲੰਤ ਕੈਮਰੇ ਅਤੇ ਚਾਰ ਸਾਧਾਰਣ

ਕੈਮਰੇ ਸਨ ਤਾ ਜੋ ਅਸੀਂ ਕੰਮ ਨੂੰ ਚੰਗੀ ਤਰ੍ਹਾ ਕਰ ਸਕੀਏ। ਸਾਡੇ ਕੋਲ ਦੂਰੋਂ ਛੋਟੇ ਖਿੱਚਣ ਵਾਲੇ ਸ਼ਕਤੀਸ਼ਾਲੀ ਸ਼ੀਸੇ ਵੀ ਸਨ। ਸਾਡੇ ਕੋਲ ਜੀਪ ਜਾਂ ਕੋਈ ਹੋਰ ਆਵਾਜਾਈ ਦਾ ਸਾਧਨ ਨਹੀ ਸੀ ਅਤੇ ਬਹੁਤਾ ਕੰਮ ਅਸੀ ਪੈਦਲ ਹੀ ਕਰਦੇ ਸਾ। ਜਾਂ ਫਿਰ ਸਾਡੇ ਕੋਲ ਇਕ ਪਾਲਤੂ ਹਥਣੀ ਸੀ ਜੋ ਜੰਗਲਾਤ ਵਿਭਾਗ ਦੀ ਸੀ। ਕਈ ਵਾਰ ਸਾਡੇ ਪਿੱਛੇ ਮਸਤੇ ਹਾਥੀ ਲੱਗ ਜਾਦੇ। ਉਨ੍ਹਾਂ ਦੀਆ ਆਦਤਾ ਦਾ ਗਿਆਨ ਸਾਡੇ ਲਈ ਇਥੇ ਲਾਹੇਵੰਦਾ ਸਿੱਧ ਹੋ ਰਿਹਾ ਸੀ। ਇਸ ਕਰਕੇ ਅਸੀਂ ਆਪਣੇ ਆਪ ਨੂੰ ਅਤੇ ਆਪਣੇ ਸਾਮਾਨ ਨੂੰ ਬਚਾਉਂਦੇ ਹੋਏ ਆਪਣਾ ਕੰਮ ਕਰੀ ਜਾ ਰਹੇ ਸਾਂ।

3 ਅਪਰੈਲ ਨੂੰ ਜਦੋਂ ਦਿਨ ਦਾ ਕੰਮ ਮੁਕਾ ਬੈਠੇ, ਜੰਗਲ ਦੇ ਠੇਕੇਦਾਰਾਂ ਵਲੋਂ ਲਾਏ ਗਏ ਮਜ਼ਦੂਰਾ ਨੇ ਕੁਝ ਲੱਕੜਾਂ ਇਕੱਠੀਆਂ ਕੀਤੀਆ ਅਤੇ ਆਪਣੇ ਕੁਆਟਰਾ ਵੱਲ ਤੁਰ ਪਏ। ਇਹ ਧਮਰੀਆ ਚੌਂਕ ਨੇੜੇ ਘਾਹਫੂਸ ਦੀਆਂ ਝੁੱਗੀਆ ਹੀ ਸਨ। ਸ਼ਾਮ ਦਾ ਵੇਲਾ ਸੀ ਅਤੇ ਮਜਦੂਰਾਂ ਨੂੰ ਪਤਾ ਸੀ ਕਿ ਹਾਥੀ ਕਿਤੇ ਨੇੜੇ ਤੇੜੇ ਹੀ ਚੁਗਦੇ ਹੋਣਗੇ। ਇਥੋਂ ਤੱਕ ਕਿ ਸੜਕ ਦੇ ਦੋਵੇਂ ਪਾਸੇ ਬੂਟੇ ਭੰਨਦਿਆਂ ਦੀਆਂ ਆਵਾਜਾ ਵੀ ਉਹਨਾਂ ਨੂੰ ਸੁਣਾਈ ਦੇ ਰਹੀਆਂ ਸਨ। ਮਜ਼ਦੂਰਾ ਕੋਲ ਇਕ ਖ਼ਾਲੀ ਪੀਪਾ ਵੀ ਸੀ। ਉਨ੍ਹਾ ਨੇ ਇਹ ਪੀਪਾ ਖੜਕਾਉਂਦਾ ਸੁਰੁ ਕਰ ਦਿੱਤਾ ਤੇ ਨਾਲ ਹੀ ਰੌਲੀ ਪਾਉਣ ਲੱਗ ਪਏ। ਕੁਝ ਹਾਥੀ ਡਰ ਗਏ। ਕੁਝ ਤਾ ਅੱਗੇ ਸੜਕ 'ਤੇ ਦੌੜਨ ਲੱਗੇ। ਥੋੜ੍ਹਾ ਅੱਗੇ ਜਾ ਕੇ ਇਕ ਹਥਣੀ ਪਿੱਛੇ ਨੂੰ ਮੁੜੀ ਅਤੇ ਮਜ਼ਦੂਰਾਂ ਨੂੰ ਪੈ ਗਈ। ਉਹ ਉੱਚੀ ਉੱਚੀ ਚਿੰਘਾੜ ਰਹੀ ਸੀ। ਝੁੰਡ ਦੇ ਹੋਰ ਹਾਥੀ ਵੀ ਉਸਦੇ ਹਮਲੇ ਵਿਚ ਆਣ ਰਲੇ। ਮਜ਼ਦੂਰਾ ਨੇ ਲੱਕੜਾਂ ਦੇ ਗੱਠੇ ਸੁੱਟੇ ਅਤੇ ਜਾਨਾ ਬਚਾਉਣ ਲਈ ਭੱਜ ਉੱਠੇ। ਦੋ ਦੀ ਕਿਸਮਤ ਮਾੜੀ ਸੀ। ਉਹਨਾਂ ਦੀਆ ਝੁੱਗੀਆ ਜ਼ਰਾ ਦੂਰ ਸਨ। ਅੱਠਾ ਵਿਚੋ ਕੇਵਲ ਛੇ ਹੀ ਇਥੇ ਠੀਕ ਠਾਕ ਪੁੱਜੇ। ਉਹ ਏਨੇ ਡਰੇ ਹੋਏ ਸਨ ਕਿ ਜਾ ਕੇ ਆਪਣੇ ਸਾਥੀਆ ਦੀਆਂ ਲਾਸ਼ਾਂ ਵੇਖਣ ਦਾ ਹੀਆ ਵੀ ਨਾ ਕਰ ਸਕੇ। ਸਵੇਰ ਵੇਲੇ ਇਕ ਟੋਲਾ ਬਾਹਰ ਨਿਕਲਿਆ। ਇਕ ਲਾਸ਼ ਤਾਂ ਬੁਰੀ ਤਰ੍ਹਾਂ ਘਚੋਲੀ ਅਤੇ ਪਾੜੀ ਹੋਈ ਸੀ। ਮੈਨੂੰ ਦੱਸਿਆ ਗਿਆ ਕਿ ਕਈ ਥਾਵਾ ਤੋਂ ਮਾਸ ਲੱਥ ਚੁੱਕਾ ਸੀ।

ਛਾਪੇਵਾਲਾ ਨੇੜੇ ਭਾਬਰ ਖੇਤਰ ਵਿਚ ਘਾਹ ਦੀ ਕਟਾਈ ਦਾ ਕੰਮ ਚਲ ਰਿਹਾ ਸੀ। ਮਜ਼ਦੂਰਾ ਵਿਚ ਕੁਝ ਔਰਤਾਂ ਵੀ ਸਨ। ਇਕ ਦਿਨ ਇਨ੍ਹਾਂ ਵਿਚੋ ਤਿੰਨ ਔਰਤਾਂ ਨੇੜੇ ਦੇ ਡੀਪੂ ਵੱਲ ਘਾਹ ਲੈ ਜਾ ਰਹੀਆਂ ਸਨ। ਉਹਨਾਂ ਦੀਆਂ ਪੰਡਾਂ ਵੱਡੀਆ ਸਨ, ਘਾਹ ਹੇਠਾਂ ਨੂੰ ਲਮਕ ਰਿਹਾ ਸੀ, ਸਿਰ ਅਤੇ ਅੱਖਾ ਨੂੰ ਓਹਲਾ ਹੋਇਆ ਪਿਆ ਸੀ ਅਤੇ ਉਹਨਾਂ ਨੂੰ ਮਸਾਂ ਮਸਾ ਹੀ ਰਸਤਾ ਵਿਖਾਈ ਦਿੰਦਾ ਸੀ। ਉਸੇ ਰਾਹ ਪਾਣੀ ਲੱਭਦਾ ਹਾਥੀ ਵੀ ਤੁਰਿਆ ਆਉਂਦਾ ਸੀ ਜਿਹੜਾ ਉਹਨਾਂ ਨੂੰ ਵਿਖਾਈ ਨਹੀਂ ਸੀ ਦੇ ਰਿਹਾ। ਉਹਨਾਂ ਵਿਚੋਂ ਇਕ, ਹਾਥੀ ਨਾਲ ਜਾ ਟਕਰਾਈ, ਜਿਸਨੇ ਇਕਦਮ ਉਸਨੂੰ ਥੱਲੇ ਸੁੱਟ ਲਿਆ ਅਤੇ ਮਸਲ ਸੁੱਟਿਆ।

ਇਕ ਵਾਰੀ, ਹਾਥੀਆਂ ਦਾ ਇਕ ਝੁੰਡ ਇਕ ਖੇਤ ਨੂੰ ਉਜਾੜ ਰਿਹਾ ਸੀ। ਮਾਲਕ ਨੇ ਬਾਰੂਦੀ ਪਟਾਕੇ ਚਲਾ ਕੇ ਉਨ੍ਹਾ ਨੂੰ ਭਜਾ ਦਿੱਤਾ। ਇਕ ਹਾਥੀ ਨੂੰ, ਇਸ ਕਿਰਿਆ

ਵਿਚ ਜ਼ਖ਼ਮ ਹੋ ਗਿਆ। ਉਹ ਭੜਕ ਪਿਆ ਅਤੇ ਜੰਗਲ ਵਿਚ ਮਿਲੇ ਪਹਿਲੇ ਬੰਦੇ ਨੂੰ ਹੀ ਉਸ ਜਾ ਢਾਹਿਆ ਅਤੇ ਮਾਰ ਸੁੱਟਿਆ।

ਸਾਧਾਰਣ ਹਾਲਤ ਵਿਚ ਹਾਥੀ ਮਨੁੱਖ 'ਤੇ ਹੱਲਾ ਨਹੀਂ ਕਰਦਾ। ਹਾਥੀਆਂ ਨੂੰ ਬੰਦੂਕ ਦਾ ਵੀ ਪਤਾ ਹੈ। ਜੇ ਕੋਈ ਕੱਚਾ ਸਿਕਾਰੀ ਹਾਥੀ ਨੂੰ ਜ਼ਖ਼ਮੀ ਕਰੇ, ਹਾਥੀ ਮਰੇ ਨਾ ਤਾਂ ਉਹ ਗੋਲੀ ਨਾਲੋਂ ਵੀ ਛੇਤੀ ਸ਼ਿਕਾਰੀ 'ਤੇ ਆਣ ਚੜ੍ਹਦਾ ਹੈ। ਅਫ਼ਰੀਕੀ ਜੰਗਲਾਂ ਵਿਚ ਹਾਥੀ ਦੰਦ ਦੀ ਭਾਲ ਵਿਚ ਨਿਕਲੇ ਚਾਰ ਜਣੇ, ਹਾਥੀਆਂ ਦੇ ਇਕ ਚੁਗਦੇ ਝੁੰਡ ਕੋਲ ਆਣ ਨਿਕਲੇ। ਉਹਨਾਂ ਵਿਚੋਂ ਇਕ ਨੇ ਨੇੜੇ ਦੇ ਹਾਥੀ ਤੇ ਨਿਸ਼ਾਨਾ ਬੰਨ੍ਹ ਕੇ ਗੋਲੀ ਦਾਗ ਦਿੱਤੀ। ਹਾਥੀ ਨੂੰ ਸੱਟ ਤਾਂ ਥੋੜ੍ਹੀ ਲੱਗੀ ਪਰ ਉਸਨੇ ਬਹੁਤ ਗੁੱਸੇ ਵਿਚ ਇਨ੍ਹਾਂ 'ਤੇ ਹੱਲਾ ਕਰ ਦਿੱਤਾ। ਤਦ ਇਹ ਚਾਰੇ ਹੀ ਬਿਨਾਂ ਸੋਚੇ ਸਮਝੇ ਉਸ ਉਤੇ ਗੋਲੀਆ ਵਰ੍ਹਾਉਣ ਲੱਗ ਪਏ। ਉਹ ਕੁਝ ਵੀ ਨਾ ਕਰ ਸਕੇ। ਪਿਛੋਂ ਉਹ ਬੋਟੀ ਬੋਟੀ ਹੋਏ ਮਾਸ ਦੇ ਚਾਰ ਢੇਰਾਂ ਦੇ ਰੂਪ ਵਿਚ ਹੀ ਲੱਭੇ। ਨੇੜੇ ਹੀ ਉਹਨਾਂ ਦੇ ਸ਼ਿਕਾਰ ਦੀ ਵੱਡੀ ਲਾਸ਼ ਪਈ ਸੀ ਜਿਸ ਵਿਚ ਗੋਲੀਆਂ ਦੇ 34 ਨਿਸ਼ਾਨ ਸਨ।

ਉੜੀਸਾ ਦੇ ਚੱਕਪਾੜਾ ਫ਼ਿਰਕਾ ਦੇ ਜੰਗਲਾਂ ਵਿਚ ਇਕ ਵਾਰ ਇਕ ਪਾਗਲ ਹਾਥੀ ਨੇ ਦੋ ਹਫ਼ਤਿਆਂ ਵਿਚ ਵੀਹ ਬੰਦੇ ਮਾਰ ਸੁੱਟੇ ਸਨ। ਉਸਨੇ ਕਈ ਜਾਨਵਰ ਵੀ ਮਾਰੇ ਸਨ। ਇਸ ਕਰਕੇ ਫੁੱਲਵਾਨੀ ਦੇ ਪੁਲਿਸ ਕਪਤਾਨ ਨੂੰ ਬੰਦੇ ਦੇ ਕੇ ਇਸਦੇ ਮਾਰਨ ਲਈ ਭੇਜਿਆ ਗਿਆ। ਜਦੋ ਬੰਦੇ ਲੁੱਕਦੇ ਛਿਪਦੇ ਅੱਗੇ ਵਧ ਰਹੇ ਸਨ, ਸ਼ਿਕਾਰ ਦੀ ਭਾਲ ਕਰ ਰਹੇ ਸਨ ਤਾਂ ਅਚਾਨਕ ਹੀ ਇਹ ਹਾਥੀ ਉਨ੍ਹਾਂ ਉਤੇ ਆ ਚੜ੍ਹਿਆ। ਉਹ ਜਿਧਰ ਮੂੰਹ ਆਇਆ, ਭੱਜ ਉਠੇ। ਕਪਤਾਨ ਅਤੇ ਕੁਝ ਹੋਰ ਬੰਦੇ ਇਸ ਭੱਜਾ ਦੌੜੀ ਵਿਚ ਜ਼ਖ਼ਮੀ ਹੋ ਗਏ। ਕਪਤਾਨ ਨੂੰ ਤਾਂ ਰਾਤ ਦਰਖ਼ਤ 'ਤੇ ਹੀ ਕੱਟਣੀ ਪਈ। ਬਾਅਦ ਵਿਚ ਬਹੁਤ ਜ਼ਖ਼ਮਾ ਕਰਕੇ ਉਸਨੂੰ ਹਸਪਤਾਲ ਦਾਖ਼ਲ ਕਰਾਉਣਾ ਪਿਆ। ਸਰਕਾਰ ਨੇ ਇਸ ਹਾਥੀ ਨੂੰ ਮਾਰਨ ਵਾਸਤੇ ਹਜ਼ਾਰ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ।

ਪ੍ਰਾਚੀਨ ਭਾਰਤ ਵਿਚ ਸਜਾ ਦੇਣ ਦਾ ਇਕ ਢੰਗ ਇਹ ਵੀ ਸੀ ਕਿ ਦੋਸੀ ਨੂੰ ਹਾਥੀ ਦੇ ਪੈਰਾਂ ਹੇਠ ਮਸਲਿਆ ਜਾਵੇ। ਇਸ ਤਰ੍ਹਾਂ ਦੀ ਮੌਤ ਦੀ ਸਜ਼ਾ ਦਾ ਵਿਉਰਾ ਇਤਿਹਾਸ ਦੀਆਂ ਪੁਸਤਕਾਂ ਵਿਚ ਬਹੁਤ ਮਿਲਦਾ ਹੈ। ਇਸ ਦੀ ਗਵਾਹੀ ਪੱਥਰ ਤੇ ਉਕਰੀਆਂ ਮੂਰਤਾਂ ਤੋਂ ਵੀ ਮਿਲਦੀ ਹੈ। ਕੋਨਾਰਕ ਦੇ ਮੰਦਰ ਦੇ ਇਕ ਦਰਵਾਜ਼ੇ ਉਤੇ, ਬੜਾ ਵੱਡਾ ਪੱਥਰ ਦਾ ਬੁੱਤ ਹੈ ਜਿਸ ਵਿਚ ਹਾਥੀ ਬੰਦਿਆ ਨੂੰ ਮਸਲ ਕੇ ਮਾਰਦਾ ਵਿਖਾਇਆ ਗਿਆ ਹੈ। ਉੜੀਸਾ ਦੇ ਬਹਾਦਰ ਰਾਜੇ, ਨਰਸਿੰਘ ਦੇਵ (1238-64 ਈਸਵੀ) ਨੇ ਇਹ ਮੂਰਤੀ ਲੋਕਾਂ ਨੂੰ ਚਿਤਾਵਨੀ ਦੇਣ ਵਾਸਤੇ ਬਣਵਾਈ ਸੀ। ਉਸਦਾ ਇਹ ਫ਼ੈਸਲਾ ਸੀ ਕਿ ਜੇ ਕੋਈ ਬੰਦਾ ਮਨ ਵਿਚ ਮੈਲ ਲੈ ਕੇ ਸੂਰਜ ਦੇਵਤਾ ਸਾਮ੍ਹਣੇ ਆਵੇ ਤਾਂ ਉਸਦਾ ਹਾਲ ਇਸ ਮੂਰਤੀ ਦੀ ਚੇਤਾਵਨੀ ਵਾਂਗ ਹੀ ਹੋਵੇਗਾ। ਇਸੇ ਮੰਦਰ ਵਿਚ ਇਕ ਹੋਰ ਪੱਥਰ ਦੀ ਮੂਰਤੀ ਹੈ ਜਿਸ ਵਿਚ ਹਾਥੀ ਨੂੰ ਲੜਾਈ ਦੇ ਮੈਦਾਨ ਵਿਚ ਵਿਖਾਇਆ ਗਿਆ ਹੈ। ਹਾਥੀ ਨੇ ਦੁਸ਼ਮਣ ਦੇ ਇਕ ਸਿਪਾਹੀ ਨੂੰ ਸੁੰਡ ਨਾਲ ਚੁੱਕਿਆ ਹੋਇਆ ਹੈ ਅਤੇ ਉਸਨੂੰ ਉਹ

ਜਮੀਨ ਤੇ ਸੁੱਟਣ ਹੀ ਵਾਲਾ ਹੈ।

ਗੌਤਮ ਦਾ ਇਕ ਚਚੇਰਾ ਭਰਾ ਦੇਵਦੱਤ ਉਸ ਤੋ ਈਰਖਾ ਕਰਦਾ ਸੀ ਅਤੇ ਉਸ ਮਾਰਨ ਲਈ ਲਗਾਤਾਰ ਯਤਨਸ਼ੀਲ ਸੀ। ਇਕ ਵਾਰ ਉਸਨੇ ਉਸ ਤੇ ਇਕ ਪਾਗਲ ਹਾਥੀ ਵੀ ਛੱਡਿਆ ਸੀ। ਜਦੋਂ ਹਾਥੀ ਨੇ ਬੁੱਧ ਦੇ ਦਰਸ਼ਨ ਕੀਤੇ ਤਾਂ ਉਹ ਸ਼ਾਂਤ ਹੋ ਗਿਆ ਅਤੇ ਨਾਲ ਹੀ ਉਸਨੇ ਨਿਮਰਤਾ ਨਾਲ ਆਪਣਾ ਸਿਰ ਝੁਕਾ ਦਿੱਤਾ। ਇਹ ਘਟਨਾ ਅਜੰਤਾਂ ਦੀਆਂ ਗੁਫ਼ਾਵਾਂ ਵਿਚ ਇਕ ਥਾਂ ਉੱਕਰੀ ਵਿਖਾਈ ਗਈ ਹੈ। ਕ੍ਰਿਸ਼ਨ ਨੂੰ ਮਾਰਨ ਵਾਸਤੇ ਵੀ ਇਕ ਪਾਗਲ ਹਾਥੀ ਭੇਜਿਆ ਗਿਆ ਸੀ।

ਦਿੱਲੀ ਦੇ ਅਫ਼ਗਾਨ ਬਾਦਸਾਹ ਸਿਕੰਦਰ ਲੋਧੀ ਨੇ ਕਬੀਰ ਨੂੰ ਇਹ ਸਜ਼ਾ ਦਿੱਤੀ ਸੀ ਕਿ ਇਸਨੂੰ ਹਾਥੀ ਅੱਗੇ ਸੁੱਟਿਆ ਜਾਵੇ ਅਤੇ ਮਸਲ ਦਿੱਤਾ ਜਾਵੇ। ਪਰ ਕਬੀਰ ਦੇ ਸਾਮ੍ਹਣੇ ਹਾਥੀ ਲੇਲੇ ਵਾਗ ਨਮਰ ਹੋ ਗਿਆ ਅਤੇ ਸਿਰ ਝੁਕਾ ਕੇ ਉਸਦੇ ਨੇੜੇ ਬੈਠ ਗਿਆ।

## ਬੱਚਿਆਂ ਨਾਲ ਪਿਆਰ

ਬਹੁਤ ਸਾਰੇ ਜਾਨਵਰਾਂ ਵਿਚੋਂ ਹਾਥੀ ਹੀ ਸ਼ਾਇਦ ਸਭ ਤੋਂ ਵੱਧ ਸਿਆਣਾ ਅਤੇ ਵੰਸ਼-ਪਾਲਕ ਜਾਨਵਰ ਹੈ। ਹਥਣੀ ਦਾ ਬੱਚੇ ਨਾਲ ਪਿਆਰ ਮਨੁੱਖਾਂ ਵਰਗਾ ਹੀ ਹੈ, ਸਗੋਂ ਵੱਧ ਹੀ ਹੋਵੇਗਾ।

ਅਫ਼ਰੀਕਾ ਵਿਚ ਇਕ ਵਾਰ ਇਕ ਹਥਣੀ ਇਕ ਅਜਿਹੇ ਬੱਚੇ ਨੂੰ ਚੁੱਕੀ ਫ਼ਿਰਦੀ ਸੀ ਜੋ ਦੋ ਦਿਨ ਪਹਿਲਾਂ ਦਾ ਮਰਿਆ ਹੋਇਆ ਸੀ। ਜਦੋਂ ਉਸਨੇ ਕੁਝ ਖਾਣਾ ਪੀਣਾ ਹੁੰਦਾ ਸੀ ਤਾਂ ਇਸਨੂੰ ਥੱਲੇ ਰੱਖ ਦਿੰਦੀ ਤੇ ਫਿਰ ਚੁੱਕ ਕੇ ਤੁਰ ਪੈਂਦੀ।

ਹਥਣੀ ਦੇ ਬੱਚੇ ਪ੍ਰੀਤ ਪਿਆਰ ਦੀ ਇਕ ਹੋਰ ਉਦਾਹਰਣ ਲਾਂਯ ਕਾਰਪੋਰਲ ਬਾਟਲਮਿਓ ਨੇ ਰੀਕਾਰਡ ਕੀਤੀ ਹੈ। ਅਫ਼ਰੀਕਾ ਦੇ ਮਹਾਰਾਣੀ ਅਲੈਜ਼ਾਬਥ ਪਾਰਕ ਵਿਚ ਫ਼ਿਰਦਿਆਂ ਉਸਨੇ ਕਿਸੇ ਹਾਥੀ ਦੀ ਚੀਕ ਸੁਣੀ। ਫ਼ਿਰ ਉਸਨੇ ਕੋਈ ਇਕ ਸੌ ਮੀਟਰ ਦੂਰ ਹਾਥੀ ਵੀ ਵੇਖਿਆ। ਉਸਤੋਂ ਕੁਝ ਮੀਟਰ ਦੂਰ ਇਕ ਸ਼ੇਰ ਅਤੇ ਸੇਰਨੀ ਭੁੱਖ ਦੇ ਮਾਰੇ ਬੜੇ ਔਖੇ ਸਾਹ ਲੈ ਰਹੇ ਸਨ। ਉਨ੍ਹਾ ਦੀਆਂ ਜੀਭਾਂ ਬਾਹਰ ਲਮਕ ਰਹੀਆ ਸਨ। ਗੁੱਸੇ ਭਰੇ ਹਾਥੀ ਪਾਸ ਪੁੱਜਣ ਦੀ ਉਨ੍ਹਾ ਵਿਚ ਹਿੰਮਤ ਨਹੀਂ ਸੀ। ਉਹ ਉਥੇ ਡੇਢ ਘੰਟਾ ਰਹੇ। ਘੜੀ ਘੜੀ ਪਿਛੋਂ ਹਾਥੀ ਗੁੱਸੇ ਵਿਚ ਅੱਗੇ ਆਉਂਦਾ ਪਰ ਫ਼ਿਰ ਪਿੱਛੇ ਮੁੜ ਜਾਦਾ।

ਅਗਲੇ ਦਿਨ ਕਾਰਪੋਰਲ ਫ਼ਿਰ ਉਧਰ ਦੌਰੇ 'ਤੇ ਗਿਆ ਤਾਂ ਉਸਨੇ ਵੇਖਿਆ ਕਿ ਦੋਵੇਂ ਪਾਰਟੀਆ ਆਪਣੇ ਆਪਣੇ ਥਾਂ ਅਜੇ ਵੀ ਡਟੀਆਂ ਹੋਈਆਂ ਹਨ। ਹਾਥੀ ਤਾ ਹੁਣ ਤੱਕ ਕਾਫ਼ੀ ਥੱਕ ਚੁੱਕਾ ਸੀ ਅਤੇ ਸ਼ੇਰ ਹੋਰ ਨੇੜੇ ਹੋਈ ਜਾਂਦੇ ਸਨ। ਉਸਨੇ ਅੱਗੇ ਹੋਰ ਵੇਖਿਆ ਕਿ ਹਾਥੀ ਇਕ ਮਰੇ ਹੋਏ ਬੱਚੇ ਦੀ ਰੱਖਵਾਲੀ ਕਰ ਰਿਹਾ ਸੀ। ਤਿੰਨ ਦਿਨਾਂ ਦੀ ਘੇਰਾਬੰਦੀ ਪਿਛੋ ਸ਼ੇਰ ਚਲੇ ਗਏ। ਹਾਥੀ ਅਜੇ ਵੀ ਤਿੰਨ ਦਿਨ ਹੋਰ ਉਥੇ ਡਟਿਆ ਰਿਹਾ। ਇਸ ਪਿਛੋਂ ਹੀ ਉਹ ਗਿਆ।

ਹਥਣੀ ਨੂੰ ਬੱਚੇ ਤੋਂ ਵੱਖ ਹੁੰਦੇ ਵੇਖਣਾ ਦਿਲ ਹਿਲਾ ਦੇਣ ਵਾਲੀ ਝਾਂਕੀ ਹੁੰਦੀ

ਹੈ। ਬੱਚੇ ਦਾ ਡਡਿਆਉਣਾ ਬੜਾ ਮਾਰਮਿਕ ਲਗਦਾ ਹੈ। ਜੇ ਹਥਣੀ ਨੂੰ ਇਹ ਪਤਾ ਹੋਵੇ ਕਿ ਬੱਚਾ ਕਿਤੇ ਨੇੜੇ ਹੀ ਬੱਧਾ ਹੋਇਆ ਹੈ ਪਰ ਉਹ ਉਸਨੂੰ ਮਿਲ ਨਹੀਂ ਸਕਦੀ ਤਾਂ ਉਹ ਵੀ ਉੱਚੀ ਉੱਚੀ ਵੈਣ ਪਾਉਂਦੀ ਲਗਦੀ ਹੈ।

ਪਾਲਤੂ ਹਾਥੀ ਪਾਲਕਾਂ ਨਾਲ ਬੜੇ ਹਿਲੇ ਮਿਲੇ ਹੁੰਦੇ ਹਨ। ਉਹ ਮਨੁੱਖੀ ਬੱਚਿਆ ਨੂੰ ਵੀ ਬੜਾ ਪਿਆਰ ਕਰਦੇ ਹਨ। ਭਾਰਤ-ਭੂਟਾਨ ਸਰਹੱਦ ਨੇੜਿਓਂ ਫੜਿਆ ਇਕ ਸਾਲ ਦਾ ਬੱਚਾ ਅਮਰੀਕਾ ਦੇ ਸੇਂਟ ਲੂਈ ਚਿੜੀਆਘਰ ਵਿਚ ਭੇਜਿਆ ਜਾ ਰਿਹਾ ਸੀ। ਅਮਰੀਕਾ ਲਿਜਾਣ ਵਾਲੇ ਏਅਰ ਇੰਡੀਆ ਜਹਾਜ਼ ਵਿਚ ਚੜ੍ਹਾਉਣ ਲਈ ਜਦੋਂ ਇਸ ਨੂੰ ਦਮਦਾ ਹਵਾਈ ਅੱਡੇ 'ਤੇ ਲਿਆਂਦਾ ਗਿਆ ਤਾ ਇਸ ਨੂੰ ਜਹਾਜ਼ ਚੜ੍ਹਾਉਣ ਵਾਲਿਆਂ ਵਿਚ ਇਸਦੇ ਮਾਲਕ ਦਾ ਛੇ ਸਾਲਾ ਪੁੱਤਰ ਵੀ ਸੀ। ਹਾਥੀ ਬੱਚੇ ਨੇ ਇਸ ਮਨੁੱਖੀ ਬੱਚੇ ਨਾਲ ਉਸ ਵੇਲੇ ਗੂੜ੍ਹੇ ਪਿਆਰ ਦਾ ਪ੍ਰਗਟਾ ਕੀਤਾ।

ਜਦੋਂ ਬੱਚਾ ਹਾਥੀ ਪਿੰਜਰੇ ਵਿਚੋਂ ਜਹਾਜ ਵਿਚ ਚੜ੍ਹਾਇਆ ਜਾ ਰਿਹਾ ਸੀ, ਘੜੀ ਮੁੜੀ ਉਹ ਆਪਣੀ ਸੁੰਡ ਬਾਹਰ ਕੱਢ ਕੇ ਮਾਲਕ ਦੇ ਬੱਚੇ ਦਾ ਹੱਥ ਫੜਦਾ ਅਤੇ ਆਪਣੇ ਵੱਲ ਖਿੱਚਦਾ। ਮਾਲਕ ਦਾ ਪੁੱਤਰ ਵੀ ਉਦਾਸ ਸੀ ਪਰ ਹਾਥੀ ਦੇ ਬੱਚੇ ਦੀਆਂ ਅੱਖਾ ਵਿਚ ਹੰਝੂ ਸਨ। ਜਦੋਂ ਜਹਾਜ਼ ਦੇ ਇੰਜਣ ਨੇ ਚੱਲਣ ਲਈ ਗੁਰ-ਗੁੜ ਕੀਤੀ ਤਾਂ ਹਾਥੀ ਦੇ ਬੱਚੇ ਨੇ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ।

ਕਮਲਾ ਸਰਕਸ ਦੀ ਹਥਣੀ ਲੱਛਮੀ ਦਾ ਕਿੱਸਾ ਤਾ ਹੋਰ ਵੀ ਦਿਲ ਹਿਲਾ ਦੇਣ ਵਾਲਾ ਹੈ। ਜਦੋਂ ਸਰਕਸ ਦੇ ਦਰਵਾਜੇ 'ਤੇ ਭੀੜ ਕਾਬੂ ਤੋਂ ਬਾਹਰ ਹੋ ਜਾਦੀ ਤਾਂ ਮੈਨੇਜਰ ਕਮਲਾ ਨੂੰ ਬੁਲਾਉਂਦਾ। ਉਹ ਆਉਦੀ ਅਤੇ ਸੁੰਡ ਦੇ ਹਲਕੇ ਜਿਹੇ ਲਾਠੀਚਾਰਜ ਨਾਲ ਭੀੜ ਨੂੰ ਖਿੰਡਾ ਦਿੰਦੀ। ਇਸ ਵਿਚ ਉਹ ਮਾਹਰ ਹੋ ਗਈ ਸੀ।

ਜਦੋਂ ਕੋਈ ਵੱਡਾ ਬੰਦਾ ਸਰਕਸ ਵਿਚ ਆਉਂਦਾ, ਲੱਛਮੀ ਉਸਦੇ ਗਲ ਹਾਰ ਪਾਉਂਦੀ। ਇਸ ਵਿਚ ਉਸਨੂੰ ਮਜ਼ਾ ਆਉਂਦਾ। ਕੈਂਪ ਵਿਚ ਰੋਜ਼ ਕੀਤੀ ਜਾਦੀ ਪੂਜਾ ਵਿਚ ਵੀ ਉਹ ਸ਼ਾਮਲ ਹੁੰਦੀ। ਜਦੋਂ ਟੱਲੀਆ ਦੀ ਆਵਾਜ਼ ਉਸਦੇ ਕੰਨੀਂ ਪੈਂਦੀ, ਉਹ ਆ ਕੇ ਸ਼ਰਧਾਲੂਆਂ ਵਿਚ ਖਲੋ ਜਾਦੀ ਅਤੇ ਪ੍ਰਸ਼ਾਦ ਵੰਡੇ ਜਾਣ ਤੱਕ ਖੜ੍ਹੀ ਰਹਿੰਦੀ।

ਇਹ ਸਿਆਣੀ ਹਥਣੀ ਮਣੀ ਨਾਂ ਦੇ ਇਕ ਹਾਥੀ ਨੂੰ ਦਿਲ ਦੇ ਬੈਠੀ। ਮਣੀ ਵੀ ਉਸ 'ਤੇ ਮਰਦਾ ਸੀ। ਉਹ ਈਰਖਾਲੂ ਵੀ ਸੀ ਅਤੇ ਲੱਛਮੀ ਦੇ ਹੋਰ ਹਾਥੀਆਂ ਨਾਲ ਘੁਸਰ ਮੁਸਰ ਕਰਨ ਤੋਂ ਚਿੜ੍ਹਦਾ ਸੀ। ਜੇ ਮਹਾਵਤ ਉਸਨੂੰ ਵੱਖਰੇ ਖੁੰਡੇ ਬੰਨ੍ਹਦਾ ਤਾਂ ਮਣੀ ਉੱਚੀ ਉੱਚੀ ਇਤਰਾਜ਼ ਕਰਦਾ। ਪਰ ਅੰਤ ਸਭ ਨੇ ਇਹ ਗੱਲ ਸਮਝ ਲਈ ਅਤੇ ਫਿਰ ਉਨ੍ਹਾਂ ਨੂੰ ਵੱਖ ਵੱਖ ਕਦੇ ਨਾ ਕੀਤਾ।

ਇਕ ਦਿਨ ਮਣੀ ਨੂੰ ਅਚਾਨਕ ਢਿੱਡ ਵਿਚ ਸੂਲ ਉੱਠਿਆ। ਉਸਦੇ ਠੀਕ ਹੋਣ ਲਈ ਹਰ ਹੀਲਾ ਵਰਤਿਆ ਗਿਆ ਪਰ ਸਫਲਤਾ ਨਾ ਮਿਲੀ। ਥੋੜ੍ਹੇ ਹੀ ਦਿਨਾਂ ਵਿਚ ਉਹਦੀ ਮੌਤ ਹੋ ਗਈ। ਲੱਛਮੀ ਲਈ ਇਹ ਬੜੀ ਵੱਡੀ ਸੱਟ ਸੀ। ਉਹ ਲਾਸ

ਕੋਲ ਖੜੀ ਨਿੱਕੀਆਂ ਅੱਖਾਂ ਵਿਚੋਂ ਵੱਡੇ ਵੱਡੇ ਹੰਝੂ ਕੇਰਦੀ ਰਹੀ। ਪਿਛੋਂ ਜਦੋਂ ਲਾਸ਼ ਚਲੇ ਗਈ ਤੇ ਅੰਤਮ ਰਸਮਾਂ ਹੋ ਗਈਆਂ ਤਾ ਵੀ ਲੱਛਮੀ ਆਪਣੇ ਵਿਛੜੇ ਸਾਥੀ ਦੇ ਖੁੰਡੇ ਦੁਆਲੇ ਫਿਰਦੀ ਅਤੇ ਉਸਦਾ ਮਨ ਨਾ ਪਰਚਦਾ। ਇਕ ਵਾਰ ਫ਼ਿਰ ਜਦੋਂ ਪੂਜਾ ਦੀਆ ਟੱਲੀਆਂ ਖੜਕੀਆ, ਸ਼ਰਧਾਲੂ ਇਕੱਠੇ ਹੋਏ, ਪਰ ਇੰਨੇ ਸਾਲਾ ਵਿਚ ਪਹਿਲੀ ਵਾਰ ਲੱਛਮੀ ਉਥੇ ਨਾ ਪੁੱਜੀ। ਉਸਨੇ ਪ੍ਰਸ਼ਾਦ ਵੀ ਲੈਣੋਂ ਨਾਹ ਕਰ ਦਿੱਤੀ। ਖਾਣ ਤੋਂ ਵੀ ਉਸਨੇ ਨਾਂਹ ਕਰ ਦਿੱਤੀ। ਮਣੀ ਦੇ ਮੌਤ ਤੋਂ ਚੌਦਾ ਦਿਨ ਪਿਛੋਂ ਹੀ ਉਹ ਵੀ ਮਰ ਗਈ।

## ਸੇਵਾ ਕਰਨ ਵਾਲਾ ਪਸ਼ੂ

ਜੰਗਲੀ ਹਾਥੀ ਕਈ ਵਾਰ ਖੇਤਾ ਲਈ ਬੜੇ ਖ਼ਤਰਨਾਕ ਹੁੰਦੇ ਹਨ ਅਤੇ ਨੁਕਸਾਨ ਕਰਦੇ ਹਨ ਪਰ ਠੀਕ ਤਰ੍ਹਾਂ ਸਿਧਾਇਆ ਹਾਥੀ ਬਹੁਤ ਹੀ ਵੱਡਾ ਸੇਵਾਦਾਰ ਹੁੰਦਾ ਹੈ। ਧਾਰਮਿਕ ਜਲੂਸਾਂ ਵਿਚ ਤਾਂ ਇਸਦਾ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ। ਹਾਥੀਆ ਦੀ ਵਰਤੋਂ ਵੱਡੀਆ ਖੇਡਾਂ ਵਿਚ ਵੀ ਹੁੰਦੀ ਹੈ।

ਬਰਤਾਨੀਆ ਦੇ ਭਾਰਤੀ ਰਾਜ ਦੇ ਪਹਿਲੇ ਸਮੇਂ ਵਿਚ ਹਾਥੀਆਂ ਨੂੰ ਜੰਗਲਾਂ ਦੀ ਸਫ਼ਾਈ ਅਤੇ ਢੋਆ-ਢੁਆਈ ਲਈ ਆਮ ਹੀ ਵਰਤਿਆ ਜਾਦਾ ਸੀ। ਆਸਾਮ ਦੇ ਚਾਹ ਦੇ ਬਾਗ਼ਾਂ ਵਾਲੇ ਇਸ ਨੂੰ ਇਸ ਕੰਮ ਲਈ ਵੀ ਵਰਤਦੇ ਸਨ। ਚਾਹ ਮਿਲਖਾ ਵਿਚ ਕਈ ਥਾਂਈ ਝੁੱਗੀਆ ਨੇੜੇ ਇਹੋ ਜਿਹੀਆ ਢਲਾਲਾ ਬਣੀਆਂ ਹੋਈਆਂ ਸਨ ਜਿਥੋਂ ਸਿੱਧੇ ਹੀ ਹਾਥੀ ਦੀ ਪਿੱਠ ਤੇ ਚੜ੍ਹਿਆ ਜਾ ਸਕਦਾ ਸੀ। ਆਸਾਮ ਜਾ ਉੱਤਰੀ ਬੰਗਾਲ ਦੇ ਖਿੱਤਿਆਂ ਵਿਚ ਹਰ ਜ਼ਿਲੇ ਦੇ ਅਧਿਕਾਰੀ ਪਾਸ ਉਸਦੇ ਅਮਲੇ ਫੈਲੇ ਅਤੇ ਉਸਦੇ ਸਭ ਲਟੇ ਪਟੇ ਨੂੰ ਦੌਰੇ ਸਮੇਂ ਚੁੱਕਣ ਲਈ ਹਾਥੀਆਂ ਦਾ ਕਾਫ਼ਲਾ ਹੋਇਆ ਕਰਦਾ ਸੀ।

ਜੰਗਲਾਂ ਵਿਚੋਂ ਲੱਕੜ ਚੁੱਕਣ ਜਾਂ ਖਿੱਚਣ ਲਈ ਹਾਥੀਆਂ ਨੂੰ ਕੰਮ 'ਤੇ ਲਾਇਆ ਜਾਦਾ ਹੈ। ਕੁਝ ਜੰਗਲਾਤ ਮਹਿਕਮੇ ਇਸ ਕੰਮ ਲਈ ਹਾਥੀ ਰੱਖਦੇ ਹਨ। ਇਕ ਪੂਰਾ ਪਲਿਆ ਹਾਥੀ 540 ਕਿਲੋ ਭਾਰ ਲੈ ਜਾ ਸਕਦਾ ਹੈ।

ਹਾਥੀ ਬੜੀ ਹੀ ਸਿਆਣਪ ਅਤੇ ਪ੍ਰਬੀਨਤਾ ਨਾਲ ਮੋਛੇ ਢੋਣ ਦਾ ਕੰਮ ਕਰਦੇ ਹਨ। ਆਸਾਮ ਦੇ ਜੰਗਲਾ ਵਿਚ ਕੰਮ ਕਰਦੇ ਹਾਥੀਆ ਬਾਰੇ ਸੁਰੇਸ਼ ਵੈਦ ਨੇ ਬੜੇ ਰੌਚਕ ਢੰਗ ਨਾਲ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ -

> — ਇਕ ਡੀਜ਼ਲ ਇੰਜਣ ਨੇ ਚਾਰ ਡੱਬੇ ਇਥੇ ਖੜੇ ਕੀਤੇ ਅਤੇ ਹਾਥੀਆਂ ਦਾ ਕੰਮ ਸ਼ੁਰੂ ਹੋ ਗਿਆ। ਪਹਿਲਾਂ ਇਕ ਹਾਥੀ ਗਿਆ ਤੇ ਇਕ ਡੱਬੇ ਪਿਛੇ ਅਗਲੇ ਪਾਸੇ ਖੜ੍ਹਾ ਹੋ ਗਿਆ। ਮਹਾਵਤ ਨੇ ਆਪਣੇ ਵੱਡੇ ਅੰਗੂਠੇ ਨਾਲ ਇਸ਼ਾਰਾ ਕੀਤਾ ਤਾਂ ਹਾਥੀ ਨੇ ਇਕ ਪਾਸੇ ਲਮਕਦਾ ਡੱਬੇ ਦਾ ਕਿੱਲ ਕੱਢਿਆ ਅਤੇ ਇਸ ਵਾਸਤੇ ਬਣੇ ਛੇਕ ਵਿਚ ਅੜਾ ਦਿਤਾ। ਫ਼ਿਰ ਉਹ ਦੂਜੇ ਪਾਸੇ ਗਿਆ ਅਤੇ ਦੂਜੇ ਕਿੱਲ ਨਾਲ ਵੀ ਉਸਨੇ ਉਵੇਂ ਹੀ ਕੀਤਾ। ਹੁਣ ਛੇ ਕੁ ਮੀਟਰ 'ਤੇ ਮੋਛਿਆਂ ਦੇ ਢੇਰ ਪਾਸ ਜੋ ਦੋ ਹਾਥੀ ਖੜੇ ਸਨ, ਨੇ ਸੁੰਡਾਂ ਨਾਲ ਇਕ ਸਤੀਰੀ ਚੁੱਕੀ ਅਤੇ ਟਰਾਲੇ ਤੱਕ ਲੈ

ਗਏ। ਸੱਜੇ ਪਾਸੇ ਵਾਲਾ ਹਾਥੀ ਅਹਿੱਲ ਖੜ੍ਹਾ ਸੀ ਅਤੇ ਸ਼ਤੀਰੀ ਉਸਨੇ ਫੜੀ ਹੋਈ ਸੀ, ਖੱਬੇ ਪਾਸੇ ਵਾਲਾ ਹਾਥੀ ਅੱਗੇ ਆਇਆ ਅਤੇ ਚੱਕਰ ਵਿਚ ਚਲਦਾ ਸਤੀਰੀ ਨੂੰ ਟਰਾਲੇ ਦੇ ਪਾਸੇ ਨਾਲ ਸਮਾਨਾਂਤਰ ਕਰ ਗਿਆ। ਇਸ ਪਿਛੋਂ ਦੋਹਾਂ ਨੇ ਇਕ ਇਕ ਸ਼ਤੀਰੀ ਫੜੀ, ਟਰਾਲੇ ਨਾਲ ਸਮਕੋਣ ਤੇ ਜ਼ਮੀਨ 'ਤੇ ਲਿਆ ਖੜ੍ਹੀ ਕੀਤੀ। ਇਸ ਪਿਛੋਂ ਉਨ੍ਹਾਂ ਪਹਿਲੀ ਸਤੀਰੀ ਦੋਹਾਂ ਸਿਰਿਆ ਤੋਂ ਫੜੀ ਅਤੇ ਟਰਾਲੇ ਨਾਲ ਖੜ੍ਹੀਆਂ ਦੋਹਾਂ ਸਤੀਰੀਆਂ ਨਾਲ ਬਣੀ ਢਲਾਨ ਤੇ ਚੜ੍ਹਾਉਣੀ ਸ਼ੁਰੂ ਕਰ ਦਿੱਤੀ। ਇਹ ਔਖੇ ਕੰਮ ਵਿਚ ਉਹ ਬੜੇ ਤਕੜੇ ਅਤੇ ਨਿਪੁੰਨ ਲੱਗ ਰਹੇ ਸਨ। ਇਸ ਸਭ ਉਨ੍ਹਾ ਦੇ ਸਖ਼ਤ ਜਬਾੜਿਆ ਤੋਂ ਪ੍ਰਤੱਖ ਸੀ। ਸਹਿਜੇ ਸਹਿਜੇ, ਇੰਚ ਇੰਚ ਕਰਕੇ, ਸਤੀਰੀ ਉੱਪਰ ਨੂੰ ਜਾ ਰਹੀ ਸੀ, ਅੰਤ ਆਖਰੀ ਧੱਕੇ ਨਾਲ ਉਹ ਟਰਾਲੇ ਵਿਚ ਜਾ ਡਿੱਗੀ। ਆਪਣੀ ਤਸੱਲੀ ਦੇ ਪ੍ਰਗਟਾਵੇ ਲਈ ਹੁਣ ਉਹ ਆਪਣੇ ਕੰਨ ਫੜਕਾ ਰਹੇ ਸਨ। ਪਰ ਕੰਮ ਅਜੇ ਮੁੱਕਾ ਨਹੀਂ ਸੀ। ਜ਼ਰੂਰੀ ਸੀ ਕਿ ਟਰਾਲੇ ਵਿਚ ਸ਼ਤੀਰੀ ਨੂੰ ਠੀਕ ਤਰ੍ਹਾ ਰੱਖਿਆ ਜਾਵੇ ਤਾ ਕਿ ਇਹ ਹੇਠਾਂ ਨੂੰ ਨਾ ਸਰਕੇ। ਇਸ ਨੂੰ ਇਧਰ ਉਧਰ ਖਿੱਚ ਕੇ ਉਹਨਾਂ ਉਹ ਵੀ ਕਰ ਦਿੱਤਾ। ਇਹ ਦੋਵੇਂ ਸਿਰੇ ਕਿੱਲਾ ਵਿਚ ਫਸਾ ਕੇ ਇਸਨੂੰ ਹੋਰ ਵੀ ਪੱਕਾ ਕਰ ਦਿੱਤਾ। ਇਹ ਮੋਛਾ ਕੋਈ 4320 ਕਿਲੋਗ੍ਰਾਮ ਦਾ ਸੀ।

— ਇਹ ਉਹ ਕੰਮ ਸੀ ਜਿਸ ਵਿਚ ਦੋਹਾ ਹਾਥੀਆ ਨੇ ਇਕ ਦੂਜੇ ਉਤੇ ਪੂਰੀ ਤਰ੍ਹਾਂ ਨਿਰਭਰ ਕਰਨਾ ਸੀ। ਜਦੋਂ ਸ਼ਤੀਰੀਆਂ ਤੋਂ ਦੀ ਉਤੇ ਨੂੰ ਜਾ ਰਿਹਾ ਸੀ ਤਾ ਜ਼ਰੂਰੀ ਸੀ ਕਿ ਉਹ ਜ਼ਮੀਨ ਦੇ ਸਮਾਨਾਂਤਰ ਰਹਿੰਦਾ। ਥੋੜ੍ਹੀ ਜਿਹੀ ਗਲਤੀ ਨਾਲ ਵੀ ਇਹ ਹੇਠਾ ਨੂੰ ਆ ਸਕਦਾ ਸੀ ਅਤੇ ਇਕ ਜਾਂ ਦੋਵਾ ਹਾਥੀਆਂ ਦੇ ਪੈਰ ਭੰਨ ਸਕਦਾ ਸੀ। ਇਹਦੇ ਵਾਸਤੇ ਉੱਚ ਪੱਧਰੀ ਸਿਆਣਪ ਦੀ ਲੋੜ ਸੀ।

— ਇਹ ਢੰਗ ਇਕ ਹੋਰ ਮੋਛੇ ਤੇ ਅਤੇ ਫਿਰ ਇਕ ਹੋਰ ਤੇ ਦੁਹਰਾਇਆ ਗਿਆ। ਫ਼ਿਰ ਇਹ ਤਿੰਨੇ ਮੋਛੇ ਟਰਾਲੇ ਵਿਚ ਠੀਕ ਤਰ੍ਹਾਂ ਕੀਤੇ ਗਏ ਅਤੇ ਦੋ ਕਿੱਲਾਂ ਨਾਲ ਸੁਰੱਖਿਅਤ ਕੀਤੇ ਗਏ।

— ਲੱਦਾਈ ਦੇ ਕੰਮ ਵਿਚ, ਮੰਨਣਾ ਪਵੇਗਾ ਕਿ ਹਾਥੀਆ ਦੇ ਸਾਮ੍ਹਣੇ ਮਸੀਨਾ ਕੁਝ ਵੀ ਨਹੀਂ ਹੁੰਦੀਆਂ। ਹਰ ਕੰਮ ਲਈ ਇਛਿੱਤ ਵੱਖਰੇਵਾਂ ਮਸ਼ੀਨਾਂ ਵਿਚ ਨਹੀਂ ਹੁੰਦਾ। ਇਹ ਸਾਰਾ ਕੁਝ ਨਾ ਮੰਨੇ ਜਾਣ ਵਾਲੇ ਥੋੜ੍ਹੇ ਸਮੇਂ ਵਿਚ ਹੀ ਪੂਰਾ ਹੋ ਗਿਆ। ਮੋਛਿਆ ਨੂੰ ਟਰਾਲੇ ਤੱਕ ਲਿਜਾਣ ਲਈ ਕੋਈ 45 ਮਿੰਟ ਲੱਗੇ ਹੋਣਗੇ ਅਤੇ ਲੱਦਣ ਵਿਚ ਮਸਾ ਤਿੰਨੇ ਘੰਟੇ ਲੱਗੇ ਹੋਣਗੇ। ਇੰਜ ਚਾਰ ਘੰਟਿਆਂ ਤੋਂ ਵੀ ਘੱਟ ਸਮੇਂ ਵਿਚ 5200 ਕਿਲੋਗ੍ਰਾਮ ਭਾਰਾ ਮਾਲ ਸਫ਼ਲਤਾ ਨਾਲ ਲੱਦਿਆ ਜਾ ਚੁੱਕਾ ਸੀ।

— ਮਹਾਵਤਾ ਦੀ ਬੁੱਧੀ ਵੀ ਔਸਤ ਤੋਂ ਵੱਧ ਜਾਪਦੀ ਸੀ। ਹਾਥੀਆ ਤੇ ਉਹਨਾਂ ਦਾ ਕਾਬੂ ਕਮਾਲ ਦਾ ਸੀ। ਕਿਸੇ ਨੇ ਇਕ ਵਾਰ ਵੀ ਹਾਥੀ

ਨੂੰ ਆਰ ਨਹੀਂ ਸੀ ਲਾਈ। ਬੋਲ ਕੇ ਹੁਕਮ ਦੇਣ ਦੀ ਵੀ ਲੋੜ ਨਹੀਂ ਸੀ ਪੈਂਦੀ। ਬਹੁਤੀ ਵਾਰੀ ਤਾਂ ਉਹ ਆਪਣੇ ਵੱਡੇ ਅੰਗੂਠੇ ਹੀ ਹਿਲਾਉਂਦੇ ਸਨ। ਇਸ ਸੂਖਮ ਕੰਮ ਨਹੀ 60 ਪ੍ਰਤੀਸ਼ਤ ਵਡਿਆਈ ਮਹਾਵਤਾਂ ਨੂੰ ਹੀ ਮਿਲਣੀ ਚਾਹੀਦੀ ਹੈ। ਸੰਸਾਰ ਵਿਚ ਇਹ ਹਾਥੀ ਸਭ ਤੋਂ ਵਧੀਆ ਮੰਨੇ ਗਏ ਸਨ।

ਉੱਪਰ ਦੱਸੇ ਗਏ ਕੰਮ ਵੇਲੇ, ਦੰਦ ਅਤੇ ਸਿਰ ਹੀ ਬਹੁਤਾ ਦਬਾਅ ਝੱਲਦੇ ਹਨ। ਦੰਦਾਂ ਉਤੇ ਦਬਾਅ ਇੰਨਾ ਹੁੰਦਾ ਹੈ ਕਿ ਉਹ ਹਰ ਸਾਲ 15 ਸੈਂਟੀਮੀਟਰ ਭੁਰ ਜਾਂਦੇ ਹਨ। ਇਸ ਘਾਟੇ ਨੂੰ ਪੂਰਾ ਕਰਨ ਲਈ ਹਰ ਸਾਲ ਇਨ੍ਹਾਂ ਜਾਨਵਰਾਂ ਨੂੰ ਛੇ ਮਹੀਨੇ ਦੀ ਛੁੱਟੀ ਦਿੱਤੀ ਜਾਦੀ ਹੈ। ਇਹਨਾਂ ਛੇ ਮਹੀਨਿਆਂ ਵਿਚ ਇਹ ਦੰਦ ਵੱਡੇ ਹੋ ਜਾਂਦੇ ਹਨ ਅਤੇ ਘਾਟਾ ਪੂਰਾ ਹੋ ਜਾਦਾ ਹੈ। ਤਾ ਵੀ ਇਹ ਬਿਲਕੁਲ ਪੂਰਾ ਨਹੀਂ ਹੁੰਦਾ। ਅਜਿਹਾ ਕੰਮ 15 ਸਾਲ ਕਰਨ ਪਿਛੋਂ ਇਹ ਦੰਦ ਉੱਕਾ ਹੀ ਭੁਰ ਜਾਦੇ ਨੇ ਅਤੇ ਨਿੱਕੇ ਨਿੱਕੇ ਸੂਏ ਜਹੇ ਹੀ, ਬਟਨਾਂ ਵਾਗ ਦਿਸਦੇ ਹਨ। ਫ਼ਿਰ ਇਹਨਾ ਹਾਥੀਆ ਨੂੰ ਲੱਦਾਈ ਦੇ ਕੰਮ ਤੇ ਹਟਾ ਕੇ ਖਿਚਾਈ ਦੇ ਕੰਮ ਤੇ ਲਾਇਆ ਜਾਂਦਾ ਹੈ।

ਜੰਗਲ ਵਿਚ ਸ਼ਤੀਰੀਆ ਚੁੱਕਣ, ਖਿੱਚਣ ਅਤੇ ਲੱਦਣ ਦੇ ਕੰਮ ਵਿਚ ਹਥਣੀਆ ਨਾਲੋਂ ਹਾਥੀ ਚੰਗੇ ਰਹਿੰਦੇ ਹਨ ਕਿਉਂਕਿ ਉਹ ਵਧੇਰੇ ਸ਼ਕਤੀ ਵਾਲੇ ਹੁੰਦੇ ਹਨ।

ਔਖੇ ਕੰਮ 'ਤੇ ਹਾਥੀ ਨੂੰ ਲਗਾਤਾਰ ਤਿੰਨ ਘੰਟੇ ਤੇ ਵੱਧ ਸਮੇਂ ਲਈ ਨਹੀ ਲਾਇਆ ਜਾਦਾ। ਭਾਵੇਂ ਕਿ ਚੰਗੀ ਸਿਹਤ ਵਾਲਾ ਹਾਥੀ ਸਵੇਰ ਜਾਂ ਸ਼ਾਮ ਵੇਲੇ ਜਦੋਂ ਬਹੁਤੀ ਗਰਮੀ ਨਾ ਹੋਵੇ, ਛੇ ਸੱਤ ਘੰਟੇ ਕੰਮ ਕਰ ਸਕਦਾ ਹੈ। ਇਕ ਦਿਨ ਵਿਚ ਇਹਨਾ ਤੋਂ 16 ਕਿਲੋਮੀਟਰ ਤੋਂ ਵੱਧ ਦੂਰੀ ਤੇ ਲੱਕੜਾਂ ਵੀ ਨਹੀਂ ਢੁਆਉਣੀਆ ਚਾਹੀਦੀਆ। ਇਹਨਾ ਨੂੰ ਸੂਰਜ ਦੀ ਗਰਮੀ ਤੋਂ ਵੀ ਬੜੇ ਧਿਆਨ ਨਾਲ ਬਚਾ ਕੇ ਰੱਖਣਾ ਚਾਹੀਦਾ ਹੈ।

ਪੁਲਾ ਦੀ ਉਸਾਰੀ ਵਿਚ ਹਾਥੀ ਬੜੇ ਸਹਾਇਕ ਹੁੰਦੇ ਹਨ। ਉਹ ਸ਼ਤੀਰੀਆ ਅਤੇ ਲੋਹੇ ਦੇ ਫ਼ਰੇਮ ਕੰਮ ਵਾਲੀ ਥਾ 'ਤੇ ਲੈ ਜਾਂਦੇ ਹਨ। ਸ਼ਤੀਰੀਆ ਬੰਨ੍ਹ ਕੇ ਬਣਾਈ ਗਈ ਦੇਸੀ ਬੇੜੀ ਨੂੰ ਉਸਾਰੀ ਦੇ ਸਾਮਾਨ ਨਾਲ ਭਰ ਕੇ ਦਰਿਆ ਵਿਚ ਅੱਗੇ ਜਾ ਪਿਛੇ ਕਰਨ ਲਈ ਵੀ ਹਾਥੀਆ ਦੀ ਵਰਤੋਂ ਕੀਤੀ ਜਾ ਸਕਦੀ ਹੈ। ਹਾਥੀ ਆਸਾਨੀ ਨਾਲ ਰੋਲਰ ਵੀ ਖਿਚ ਸਕਦਾ ਹੈ।

ਜੰਗਲ ਵਿਚੋਂ ਲੱਕੜਾਂ ਕੱਠੀਆਂ ਕਰਨ ਅਤੇ ਲਿਆਉਣ ਵਾਸਤੇ ਅੱਜ ਕੱਲ੍ਹ ਬਹੁਤ ਕਰਕੇ ਟਰੱਕਾਂ ਦੀ ਵਰਤੋਂ ਹੀ ਕੀਤੀ ਜਾਣ ਲੱਗ ਪਈ ਹੈ, ਇਸ ਕਰਕੇ ਹਾਥੀਆਂ ਦਾ ਹੁਣ ਰਿਵਾਜ ਨਹੀਂ ਰਿਹਾ। ਇਸ ਪੱਖੋਂ ਬਰਮਾ ਦੀ ਗੱਲ ਕੀਤੀ ਜਾ ਸਕਦੀ ਹੈ। ਦੇਸ਼ ਦੇ ਸਾਗਵਾਨ ਦੇ ਜੰਗਲਾਂ ਵਿਚ ਲਗਾਏ ਜਾਣ ਵਾਲੇ ਹਾਥੀਆ ਦੀ ਗਿਣਤੀ 1938 ਵਿਚ 6000 ਸੀ ਜਦ ਕਿ 1964 ਵਿਚ ਇਹ 1500 ਹੀ ਰਹਿ ਗਈ ਹੈ।

ਦਸੰਬਰ 1968 ਦੀ ਅਖ਼ਬਾਰਾਂ ਦੀ ਇਕ ਖ਼ਬਰ ਸੀ ਕਿ ਥਾਈਲੈਂਡ ਵਿਚ ਅਜੇ ਵੀ ਹਾਥੀ ਪੁਲੀਸ ਦੇ ਕੰਮ ਲਈ ਵਰਤੇ ਜਾਂਦੇ ਹਨ। ਇਹ ਵੀ ਦੱਸਿਆ ਗਿਆ ਸੀ ਕਿ ਥਾਈਲੈਂਡ ਦੇ ਉਤਰ-ਪੂਰਬ ਵਿਚ ਸੁਰੀਨ ਨਾਂ ਦੇ ਥਾਂ 'ਤੇ ਹਾਥੀਆਂ ਦੀ ਸਾਲਾਨਾ ਇਕੱਤਰਤਾ ਨੂੰ ਵੇਖਣ ਲਈ ਵੀਹ ਹਜ਼ਾਰ ਬੰਦੇ ਇਕੱਠੇ ਹੋ ਗਏ। ਮਿਲਟਰੀ ਪੁਲਿਸ ਦੇ ਹਾਥੀ ਸਵਾਰਾਂ ਨੇ ਇਸ ਭੀੜ ਨੂੰ ਸੰਭਾਲਿਆ।

ਹਾਥੀਆਂ ਨੂੰ ਬੜੇ ਧਿਆਨ ਨਾਲ ਰੱਖਣ ਦੀ ਲੋੜ ਹੁੰਦੀ ਹੈ। ਉਨ੍ਹਾ ਨੂੰ ਚੰਗੀ ਤਰ੍ਹਾਂ ਖ਼ਰਖ਼ਰਾ ਮਾਰ ਕੇ ਨਹਾਉਣਾ ਪੈਂਦਾ ਹੈ ਅਤੇ ਚੰਗਾ ਕੁਝ ਖਾਣ ਲਈ ਦੇਣਾ ਪੈਂਦਾ ਹੈ। ਇਕ ਹਾਥੀ ਦੀ ਸੇਵਾ ਲਈ ਆਮ ਕਰਕੇ ਦੋ ਬੰਦਿਆ ਦੀ ਲੋੜ ਪੈਂਦੀ ਹੈ। ਹਾਥੀਆ ਨੂੰ ਤੁਸੀਂ ਜਿੰਨੇ ਪਿਆਰ ਨਾਲ ਰੱਖੋਗੇ, ਓਨਾ ਹੀ ਕੰਮ ਤੁਸੀਂ ਉਨ੍ਹਾਂ ਤੋਂ ਲੈ ਸਕੋਗੇ।

ਹਾਥੀਆ ਅਤੇ ਹੋਰ ਪਾਲਤੂ ਜਾਂ ਘਰੇਲੂ ਜਾਨਵਰਾਂ ਵਿਚ ਇਕ ਮਹੱਤਵਪੂਰਣ ਅੰਤਰ ਇਹ ਹੈ ਕਿ ਹਾਥੀ ਅੰਦਰੋਂ ਜੰਗਲ ਵਿਚ ਆਜ਼ਾਦ ਹੋਣ ਦੀ ਇੱਛਾ ਪੂਰੀ ਤਰ੍ਹਾਂ ਨਹੀਂ ਮਰਦੀ। ਇਹ ਇੱਛਾ ਉਹਨਾਂ ਹਾਥੀਆਂ ਵਿਚ ਵੀ ਜਾਗ ਸਕਦੀ ਹੈ ਜੋ ਜੰਮੇ ਹੀ ਗ਼ੁਲਾਮੀ ਵਿਚ ਹੋਣ। ਇਸ ਇੱਛਾ ਨੂੰ ਕਾਬੂ ਵਿਚ ਰੱਖਣ ਦਾ ਢੰਗ ਇਹੀ ਹੈ ਕਿ ਹਾਥੀਆਂ ਨੂੰ ਬੜੇ ਹੀ ਪਿਆਰ ਨਾਲ ਰਖਿਆ ਜਾਵੇ। ਕੰਮ ਤੇ ਜਾਣ ਤੋਂ ਪਹਿਲਾਂ ਅਤੇ ਕੰਮ ਤੋਂ ਆਉਣ ਤੋਂ ਪਿਛੋਂ ਉਹਨਾ ਨੂੰ ਵੇਖਣਾ ਚਾਹੀਦਾ ਹੈ ਕਿ ਕਿਤੇ ਕੋਈ ਜ਼ਖ਼ਮ, ਝਰੀਟ, ਸੁੰਡ ਤੇ, ਪਿੱਠ ਤੇ ਜਾ ਕਿਤੇ ਵੀ ਹੋਰ ਥਾਂ ਅਜਿਹਾ ਕੁਝ ਤਾ ਨਹੀਂ ਹੋਇਆ। ਭਾਵੇਂ ਇਹ ਗਲਤ ਢੰਗ ਨਾਲ ਸਾਜ਼ ਪਾਉਣ ਲੱਗਿਆ ਹੀ ਹੋਇਆ ਹੋਵੇ।

ਹਾਥੀਆਂ 'ਤੇ ਸਾਜ਼ ਵੀ ਦੋ ਢੰਗਾ ਨਾਲ ਪਾਏ ਜਾਂਦੇ ਹਨ। ਜਦੋਂ ਖਿਚਾਈ ਲਈ ਭੇਜਣਾ ਹੋਵੇ ਤਾਂ ਬੋਰੀਆਂ ਦੀ ਇਕ ਤਹਿ ਪਿੱਠ ਤੇ ਰੱਖ ਕੇ ਲੱਕੜ ਦੇ ਦੋ ਡੰਡੇ ਇਨ੍ਹਾਂ ਤੇ ਬੰਨ੍ਹ ਦਿੱਤੇ ਜਾਂਦੇ ਹਨ। ਇਹਨਾਂ ਵਿਚੋਂ ਦੀ ਸੰਗਲ ਲੰਘਾਉਣ ਲਈ ਛੇਕ ਹੁੰਦੇ ਹਨ। ਚਮੜੇ ਦੀ ਵੱਧਰ ਜੋ ਅਗਲੇ ਪਾਸੇ ਬੱਧੀ ਹੁੰਦੀ ਹੈ, ਇਹਨਾ ਸੰਗਲਾਂ ਨੂੰ ਫੜੀ ਰੱਖਦੀ ਹੈ। ਸਾਜ਼ ਦਾ ਜੋ ਹਿੱਸਾ ਸਰੀਰ ਨਾਲ ਲੱਗਦਾ ਹੈ ਨੂੰ ਚੋਪੜ ਕੇ ਨਰਮ ਕਰ ਦਿੱਤਾ ਜਾਂਦਾ ਅਤੇ ਇੰਜ ਰੱਖਿਆ ਜਾਂਦਾ ਹੈ ਕਿ ਲਾਗਾ ਨਾ ਲੱਗੇ।

ਹਾਥੀਆ ਦੇ ਅਗਲੇ ਪੈਰਾਂ ਵਿਚ ਲੋਹੇ ਜਾਂ ਬੈਂਤ ਦੇ ਕੜੇ ਪਾਏ ਜਾਂਦੇ ਹਨ ਅਤੇ ਇਹਨਾ ਨਾਲ ਸੰਗਲ ਪਾ ਕੇ ਹਾਥੀਆਂ ਨੂੰ ਖੁੰਡਿਆਂ ਨਾਲ ਬੰਨ੍ਹਿਆ ਜਾਂਦਾ ਹੈ। ਛੋਟੇ, ਸਿਧਾਏ ਜਾ ਰਹੇ ਹਾਥੀਆਂ ਦੇ ਪੈਰਾਂ ਵਿਚ ਬੈਂਤ ਦੇ ਕੜੇ ਪਾਏ ਜਾਂਦੇ ਹਨ। ਹਾਥੀਆਂ ਨੂੰ ਅਗਲੇ ਪੈਰਾਂ ਨਾਲ ਲੰਮੇ ਸੰਗਲ ਪਾ ਕੇ ਵੀ ਬੱਧਾ ਜਾਂਦਾ ਹੈ।

ਜਿਥੇ ਹਾਥੀ ਰੱਖੇ ਜਾਂਦੇ ਹਨ, ਉਹ ਫ਼ਰਸ਼ ਆਮ ਕਰਕੇ ਇੱਟਾ ਦਾ ਬਣਿਆ ਹੁੰਦਾ ਹੈ ਅਤੇ ਪਾਣੀ ਦੇ ਰੁੜ੍ਹ ਜਾਣ ਵਾਸਤੇ ਥੋੜ੍ਹਾ ਉੱਚਾ ਹੁੰਦਾ ਹੈ। ਛੱਤ ਮਿੱਟੀ ਗਾਰੇ ਦੀ ਜਾਂ ਟਾਈਲਾਂ ਦੀ ਹੁੰਦੀ ਹੈ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਂਦਾ ਹੈ ਕਿ ਇਥੇ ਸੂਰਜ ਦੀ ਧੁੱਪ ਸਿੱਧੀ ਨਾ ਪਵੇ।

ਹਾਥੀਆ ਲਈ ਨਹਾਉਣਾ ਬੜਾ ਮਹੱਤਵਪੂਰਣ ਹੈ। ਉਹ ਪਾਣੀ ਵਿਚ ਖੇਡਣਾ

ਪਸੰਦ ਕਰਦੇ ਹਨ। ਹਾਥੀ ਜਦੋਂ ਪਾਣੀ ਵਿਚ ਵੜਦਾ ਹੈ ਉਹ ਹੇਠਾਂ ਬਹਿ ਜਾਂਦਾ ਹੈ ਅਤੇ ਉਸਦੀ ਸੁੰਡ ਦਾ ਕੁਝ ਹਿੱਸਾ ਅਤੇ ਪਿੱਠ ਦਾ ਕੁਝ ਹਿੱਸਾ ਹੀ ਬਾਹਰ ਰਹਿੰਦਾ ਹੇ। ਮਹਾਵਤ ਹੁਣ ਉਸਦੇ ਸਾਰੇ ਸਰੀਰ ਨੂੰ ਚੰਗੀ ਤਰ੍ਹਾਂ ਮਲਦਾ ਹੈ।

ਹਾਥੀ ਦਿਨ ਵਿਚ ਦੋ ਵਾਰ ਨਹਾਏ ਜਾਂਦੇ ਹਨ। ਇਕ ਵਾਰ ਸਵੇਰੇ ਛੇ ਵਜੇ ਜਦੋਂ ਉਹ ਰਾਤ ਭਰ ਜੰਗਲ ਵਿਚੋ ਚੁਗ ਕੇ ਮੁੜਦੇ ਹਨ ਅਤੇ ਦੂਜੀ ਵਾਰ ਕੋਈ ਪੰਜ ਵਜੇ ਸ਼ਾਮ ਨੂੰ ਜਦੋਂ ਉਹ ਕੰਮ ਤੋਂ ਮੁੜਦੇ ਹਨ।

ਜੰਗਲੀ ਹਾਥੀ ਕਈ ਘੰਟੇ ਪਾਣੀ ਵਿਚ ਬੈਠੇ ਰਹਿੰਦੇ ਹਨ। ਘੜੀ ਮੁੜੀ ਉਹ ਸੁੰਡ ਪਾਣੀ ਨਾਲ ਭਰ ਕੇ ਆਪਣੇ ਸਰੀਰ ਉਤੇ ਸੁੱਟਦੇ ਰਹਿੰਦੇ ਹਨ। ਉਹ ਦਰਿਆ ਜਾ ਛੱਪੜ ਦੇ ਥੱਲੇ ਤੋ ਗਾਰ ਅਤੇ ਰੇਤਾ ਵੀ ਲਿਆਉਂਦੇ ਹਨ ਤੇ ਆਪਣੀ ਪਿੱਠ ਤੇ ਸੁੱਟਦੇ ਹਨ। ਗਾਰੇ ਦੀ ਇਹ ਤਹਿ ਉਨ੍ਹਾਂ ਦੀ ਪਿੱਠ ਨੂੰ ਲੰਮੇ ਸਮੇ ਲਈ ਠੰਢਾ ਰੱਖਦੀ ਹੈ। ਕਈ ਵਾਰ ਉਹ ਪਾਣੀ ਵਿਚ ਲੰਮੇ ਪੈ ਜਾਦੇ ਹਨ ਅਤੇ ਪਏ ਹੀ ਰਹਿੰਦੇ ਹਨ। ਇਸ ਵੇਲੇ ਸਾਹ ਲੈਣ ਲਈ ਉਹ ਕੇਵਲ ਸੁੰਡ ਦੀ ਨੋਕ ਹੀ ਨੰਗੀ ਰੱਖਦੇ ਹਨ।

ਹਾਥੀਆਂ ਦੇ ਬੱਚੇ ਵੀ ਪਾਣੀ ਵਿਚ ਬੜੇ ਚਾਅ ਨਾਲ ਜਾਦੇ ਹਨ। ਹਥਣੀਆਂ ਸੁੰਡ ਵਿਚ ਫੜ ਕੇ ਉਨ੍ਹਾ ਨੂੰ ਪਾਣੀ ਵਿਚ ਇਧਰ ਉਧਰ ਹਿਲਾਉਂਦੀਆਂ ਹਨ ਜਿਵੇਂ ਕੋਈ ਕੱਪੜੇ ਧੋ ਰਿਹਾ ਹੋਵੇ। ਇਕ ਵਾਰ ਮਈ ਦੇ ਗਰਮ ਮਹੀਨੇ ਵਿਚ ਮੈ ਵੇਖਿਆ ਕਿ ਜੰਗਲੀ ਹਾਥੀਆਂ ਦਾ ਇਕ ਟੋਲਾ ਪਾਣੀ ਵੱਲ ਜਾ ਰਿਹਾ ਹੈ। ਪਹਿਲਾਂ ਉਹ ਇਕ ਛੱਪੜੀ ਕੋਲ ਆਏ ਜਿਥੋਂ ਬੱਚੇ ਨੇ ਪਾਣੀ ਪੀਤਾ। ਉਹ ਹੁਣ ਹੋਰ ਅੱਗੇ ਵਧੇ ਅਤੇ ਇਕ ਵੱਡੇ ਛੱਪੜ 'ਤੇ ਆ ਗਏ। ਇਥੇ ਦੋਨੋਂ ਬੱਚੇ ਪਾਣੀ ਵਿਚ ਲੇਟ ਗਏ ਅਤੇ ਖ਼ੂਬ ਨਹਾਤੇ। ਵੱਡੇ ਹਾਥੀ ਨਾ ਨਹਾਤੇ ਕਿਉਂਕਿ ਪਾਣੀ ਉਨ੍ਹਾਂ ਦੇ ਢਿੱਡਾਂ ਤੱਕ ਹੀ ਆਉਂਦਾ ਸੀ। ਉਹ ਛੱਪੜ ਵਿਚੋਂ ਦੀ ਹੋ ਕੇ ਅੱਗੇ ਚੁੱਗਣ ਲਈ ਚਲੇ ਗਏ। ਇਕ ਹੋਰ ਛੱਪੜ ਵਿਚ, ਇਕ ਦਰਜਨ ਹਾਥੀਆਂ ਦਾ ਟੋਲਾ ਮਿੱਟੀ ਗਾਰੇ ਨਾਲ ਆਪਣੇ ਆਪ ਨੂੰ ਲਿੱਪਣ ਵਿਚ ਰੁਝਿਆ ਹੋਇਆ ਸੀ। ਇਹ ਜਾਨਵਰ ਪੂਰੇ ਦੋ ਘੰਟੇ ਛੱਪੜ ਵਿਚ ਰਹੇ। ਹਾਥੀ ਗਾਰੇ ਨਾਲ ਲਿਬੜਨ ਨੂੰ ਬਹੁਤ ਪਸੰਦ ਕਰਦੇ ਹਨ।

ਲੌਂਢੇ ਵੇਲੇ ਵੀ ਮੈਂ ਉਸੇ ਟੋਲੇ ਨੂੰ ਕਿਸੇ ਹੋਰ ਛੱਪੜ ਤੇ ਵੇਖਿਆ। ਉਹ ਸਭ ਪਾਣੀ ਵਿਚ ਸਨ ਅਤੇ ਸੁੰਡਾਂ ਨਾਲ ਇਸ ਨੂੰ ਰਿੜਕ ਰਹੇ ਸਨ। ਕਈ ਦੋ ਕੁ ਦਿਨ ਅਸੀ ਇਕ ਮਸਤੇ ਹਾਥੀ ਨੂੰ ਵੇਖਦੇ ਰਹੇ। ਉਹ ਹੁਣ ਸਾਲ੍ਹ ਦੇ ਜੰਗਲਾਂ ਵਿਚੋਂ ਬਾਹਰ ਆ ਗਿਆ ਸੀ। ਉਸਦੇ ਚਿਹਰੇ ਤੋਂ ਮਾਦਾ ਜਾਂ ਮਸਤ ਤਰਲ ਵਗ ਰਿਹਾ ਸੀ। ਹੋਰਨਾ ਹਾਥੀਆਂ ਲਾਲ ਉਹਦਾ ਵਤੀਰਾ ਜ਼ਰਾ ਵੱਖਰੀ ਤਰ੍ਹਾਂ ਦਾ ਸੀ। ਉਹ ਇਕੱਲਾ ਹੀ ਦਰਿਆ ਵੱਲ ਨੂੰ ਹੋ ਤੁਰਿਆ। ਦੂਜੇ ਹਾਥੀ ਅਜੇ ਜੰਗਲ ਵਿਚ ਹੀ ਸਨ ਕਿ ਉਹ ਪਾਣੀ ਵਿਚ ਵੀ ਜਾ ਵੜਿਆ। ਉਹ ਕੋਈ ਅੱਧਾ ਘੰਟਾ ਪਾਣੀ ਵਿਚ ਰਿਹਾ। ਜਦੋਂ ਉਹ ਬਾਹਰ ਆਇਆ ਤਾ ਉਹ ਸਾਤ, ਤਰੋਤਾਜ਼ਾ ਅਤੇ ਮਸਤ ਤਰਲ ਤੋਂ ਬਿਨਾ ਸੀ। ਫਿਰ ਉਸਨੇ ਸੁੰਡ ਨਾਲ ਰੇਤ ਚੁੱਕੀ ਅਤੇ ਆਪਣੀ ਪਿੱਠ ਉਤੇ ਸੁੱਟਣ ਲੱਗਾ। ਹੁਣ ਉਹ ਹੇਠਾਂ ਨੂੰ ਹੋ ਕੇ ਆਪਣੇ

ਦੰਦ ਰੇਤ ਵਿਚ ਗੱਡ ਰਿਹਾ ਸੀ। ਨਾਲ ਹੀ ਜੋਰ ਜੋਰ ਸਿਰ ਮਾਰ ਰਿਹਾ ਸੀ। ਜਦੋਂ ਉਹ ਸਿੱਧਾ ਹੋਇਆ ਮਸਤ ਤਰਲ ਫਿਰ ਉਸਦੇ ਚਿਹਰੇ ਤੋਂ ਹੇਠਾ ਵਲ ਚੋ ਰਿਹਾ ਸੀ।

ਏਸ਼ੀਆਈ ਅਤੇ ਅਫ਼ਰੀਕੀ ਦੋਵੇਂ ਤਰ੍ਹਾਂ ਦੇ ਹਾਥੀ ਬੜੇ ਚੰਗੇ ਤਾਰੂ ਹੁੰਦੇ ਹਨ। ਉਹ 1.6 ਕਿਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਤਰ ਸਕਦੇ ਹਨ। ਗੰਗਾ ਅਤੇ ਬ੍ਰਹਮਪੁੱਤਰ ਦੇ ਇਕੱਠੇ ਪਾਣੀਆ ਵਿਚ ਢਾਕੇ ਅਤੇ ਬਾਰਕਪੁਰ ਵਿਚਕਾਰ ਹਾਥੀਆ ਨੂੰ ਛੇ ਛੇ ਘੰਟੇ ਲਗਾਤਾਰ ਤਰਦੇ ਵੀ ਵੇਖਿਆ ਗਿਆ ਹੈ। ਇਥੇ ਪਾਣੀ ਡੂੰਘਾ ਹੈ ਅਤੇ ਹਾਥੀਆ ਦੇ ਪੈਰ ਨਹੀਂ ਲੱਗਦੇ। ਇਕ ਵਾਰ ਪਿਛਲੀਆਂ ਦੋਵੇਂ ਲੱਤਾ ਬੰਨ੍ਹ ਦੇ ਇਕ ਹਾਥੀ 300 ਮੀਟਰ ਚੌੜਾ ਦਰਿਆ ਵੀ ਪਾਰ ਕਰ ਗਿਆ। ਤਰਦੇ ਸਮੇਂ ਹਾਥੀ ਆਪਣੇ ਸਾਰੇ ਸਰੀਰ ਨੂੰ ਪਾਣੀ ਵਿਚ ਡੋਬ ਕੇ ਰੱਖਦੇ ਹਨ। ਕੇਵਲ ਸੁੰਡ ਦੀ ਨੋਕ ਹੀ ਪਾਣੀ ਤੋਂ ਉਤੇ ਦਿਸਦੀ ਹੈ। ਅਫਰੀਕਾ ਦੇ ਲੋਕਾਂ ਨੇ ਤਰਦੇ ਹੋਏ ਹਾਥੀਆ ਦਾ ਸ਼ਿਕਾਰ ਕਰਨ ਦਾ ਇਕ ਢੰਗ ਲੱਭਿਆ ਹੈ। ਹਾਥੀ ਦੀ ਸੁੰਡ ਵੇਖ ਕੇ ਉਹ ਕਿਸਤੀਆਂ ਨੇੜੇ ਲੈ ਜਾਦੇ ਹਨ ਅਤੇ ਬਰਛਿਆ ਨਾਲ ਹਾਥੀ 'ਤੇ ਹੱਲਾ ਕਰਦੇ ਹਨ। ਪਾਣੀ ਲਈ ਹਾਥੀ ਦੀ ਇੱਛਾ ਦਾ ਸਭ ਨੂੰ ਪਤਾ ਹੈ। ਇਸ ਕਰਕੇ ਹਾਥੀ ਤੇ ਚੜ੍ਹ ਕੇ ਦਰਿਆ ਪਾਰ ਕਰਨਾ ਖਤਰੇ ਤੋ ਖਾਲੀ ਨਹੀ ਹੁੰਦਾ। ਇਹ ਖਤਰਾ ਸਦਾ ਰਹਿੰਦਾ ਹੈ ਕਿ ਜਾਨਵਰ ਅੱਧ ਵਿਚਕਾਰ ਜਾ ਕੇ ਪਾਣੀ ਵਿਚ' ਲੰਮਾ ਪੈਣ ਦੀ ਨਾ ਸੋਚ ਲਵੇ। ਲਗਾਤਾਰ ਆਰ ਲਾਈ ਜਾਣਾ ਜਰੂਰੀ ਹੁੰਦਾ ਹੈ ਤਾਂ ਜੋ ਅਜਿਹੇ ਮੌਕੇ 'ਤੇ ਉਹ ਆਪਣੇ ਕਰਤਵ ਦੀ ਪਾਲਣਾ ਕਰਦਾ ਰਹੇ।

# 6

# ਕਾਬੂ ਕਰਨਾ ਅਤੇ ਸਿਧਾਉਂਣਾ

## ਹਾਥੀਆਂ ਨੂੰ ਕਾਬੂ ਕਰਨਾ

ਹਾਥੀਆਂ ਨੂੰ ਕਾਬੂ ਕਰਨ ਅਤੇ ਸਿਧਾਉਣ ਦੀ ਪਹਿਲੀ ਉਦਾਹਰਣ ਪੰਜਵੀਂ ਸਦੀ ਈਸਵੀ ਦੀ ਹੈ। ਮੈਗਸਥਨੀਜ਼ (200 ਬੀ ਸੀ), ਸਟਰਾਬੋ (130 ਈਸਵੀ), ਅਤੇ ਇੰਡੀਕੋ ਪਲਾਟਸ (600 ਈਸਵੀ) ਦੀਆਂ ਲਿਖਤਾ ਵਿਚ ਇਸਦਾ ਜ਼ਿਕਰ ਆਉਂਦਾ ਹੈ। ਸਤਾਰ੍ਹਵੀਂ ਸਦੀ ਈਸਵੀ ਵਿਚ ਹੈਦਰ ਅਲੀ ਨੇ ਭਾਰਤ ਵਿਚ ਇਸ ਕਿਰਿਆ



ਦਾ ਗਠਨ ਕੀਤਾ। ਉਹ ਚਾਹੁੰਦਾ ਸੀ ਕਿ ਉਸਦੀ ਫ਼ੌਜ ਨੂੰ ਹਾਥੀ ਸਕਤੀਸਾਲੀ ਬਣਾਉਣ। ਇਸ ਕਰਕੇ ਮੈਸੂਰ ਤੋਂ 24 ਕਿਲੋਮੀਟਰ ਕੱਕਣਕੋਟ ਦੇ ਜੰਗਲਾਂ ਵਿਚ ਉਸਨੇ ਹਾਥੀ ਫ਼ੜਨ ਦਾ ਪ੍ਰਬੰਧ ਕੀਤਾ। ਅਜੋਕੀ ਸਦੀ ਦੇ ਆਰੰਭ ਤੱਕ ਹਾਥੀ ਫ਼ੜਨਾ ਬੜੇ ਲਾਭ ਦਾ ਕੰਮ ਸੀ। ਫ਼ਿਰ ਇਸ ਵਿਚ ਮੰਦਾ ਆਉਣਾ ਸੁਰੂ ਹੋ ਗਿਆ।

ਆਸਾਮ, ਬੰਗਾਲ ਅਤੇ ਪੱਛਮੀ ਘਾਟਾਂ 'ਤੇ ਹਾਥੀ ਫ਼ੜਨ ਦਾ ਕੰਮ ਹਰ ਸਾਲ ਕੀਤਾ ਜਾਂਦਾ ਸੀ। ਇਹ ਕੰਮ ਵਰਖਾ ਰੁੱਤ ਦੇ ਖ਼ਾਤਮੇ 'ਤੇ ਹੁੰਦਾ ਸੀ। ਮੋਟੇ ਮੋਟੇ ਪ੍ਰਚਲਤ ਢੰਗ ਇਹ ਸਨ :

— ਹਾਥੀਆਂ ਨੂੰ ਫੜ੍ਹਨ ਲਈ ਪੁੱਟੇ ਗਏ ਟੋਇਆਂ ਵਿਚ ਸੁੱਟਣਾ।
— ਹਾਥੀਆਂ ਨੂੰ ਕਿਸੇ ਵਲਗਣ ਜਾ ਘੇਰਾਬੰਦੀ ਵਿਚ ਫ਼ਸਾ ਲੈਣਾ।
— ਕੁਣਕੀਆ (ਫਾਹੀਆਂ) ਨਾਲ ਪਿਛੋ ਦੀ ਹਾਥੀਆਂ ਨੂੰ ਫ਼ਾਹ ਲੈਣਾ।

ਟੋਇਆਂ ਵਿਚ ਡੇਗ ਕੇ ਹਾਥੀਆਂ ਨੂੰ ਫੜਨ 'ਤੇ ਕੋਈ ਹਿੰਗ ਫਟਕੜੀ ਨਹੀਂ ਸੀ ਲਗਦੀ ਅਤੇ ਇਸ ਕਰਕੇ ਇਹੀ ਢੰਗ ਆਮ ਪ੍ਰਚਲਤ ਸੀ। ਜਿਹੜੇ ਰਾਹਾਂ ਤੋਂ ਹਾਥੀ ਆਮ ਕਰਕੇ ਲੰਘਦੇ ਸਨ, ਉਨ੍ਹਾ ਵਿਚ ਇਹ ਟੋਏ ਪੁੱਟੇ ਜਾਂਦੇ ਸਨ। ਇਹ ਚਾਰ ਤੋਂ ਪੰਜ ਮੀਟਰ ਤੱਕ ਡੂੰਘੇ ਮੂੰਹ ਤੋਂ 4 ਮੀਟਰ ਲੰਬੇ ਅਤੇ ਏਨੇ ਹੀ ਚੌੜੇ ਅਤੇ ਥੱਲਾ ਤਿੰਨ ਮੀਟਰ ਵਰਗ ਹੁੰਦਾ ਸੀ। ਇਸ ਤਰ੍ਹਾ ਇਹ ਕੰਧਾਂ ਬਹੁਤੀਆਂ ਸਿੱਧੀਆਂ ਨਹੀਂ ਸਨ ਹੁੰਦੀਆ। ਡਿੱਗਣ ਸਮੇਂ ਹਾਥੀ ਜ਼ਖ਼ਮੀ ਹੋਣ ਤੋਂ ਬਚਾਉਣ ਲਈ, ਟੋਏ ਵਿਚ ਦੋ ਦੋ ਮੀਟਰ ਤੱਕ ਘਾਹ ਫੂਸ ਭਰਿਆ ਜਾਦਾ ਸੀ। ਤਾਂ ਵੀ ਆਮ ਕਰਕੇ ਹਾਥੀਆਂ ਨੂੰ ਇਸ ਕਿਰਿਆ ਵਿਚ ਜ਼ਖ਼ਮ ਹੋ ਜਾਦੇ ਸਨ। ਜਦੋਂ ਇਕ ਵਾਰ ਹਾਥੀ ਟੋਏ ਵਿਚ ਡਿੱਗ ਪਏ ਤਾਂ ਉਹ ਨਾ ਤੇ ਨਿਕਲ ਸਕਦਾ ਹੈ ਤੇ ਨਾ ਹੀ ਇਧਰ ਉਧਰ ਹਿੱਲ ਸਕਦਾ ਹੈ। ਟੋਇਆਂ ਨੂੰ ਲੁਕਾਉਣ ਵਾਸਤੇ ਇਹਨਾ ਨੂੰ ਬਾਂਸ ਦੀਆਂ ਸੋਟੀਆ, ਮਿੱਟੀ ਅਤੇ ਘਾਹ ਆਦਿ ਨਾਲ ਢੱਕਿਆ ਜਾਂਦਾ ਸੀ।

ਹਰ ਰੋਜ਼ ਟੋਏ ਵੇਖਣ ਲਈ ਬੰਦੇ ਜੰਗਲ ਵਿਚ ਜਾਂਦੇ। ਜਦੋਂ ਹਾਥੀ ਟੋਏ ਵਿਚ ਡਿੱਗ ਪਵੇ ਤਾਂ ਉਹ ਉੱਚੀ ਉੱਚੀ ਚਿੰਘਾੜਦਾ ਹੈ ਅਤੇ ਉਹਦੀ ਆਵਾਜ਼ ਇਕ ਕਿਲੋਮੀਟਰ ਤੇ ਸੁਣੀ ਜਾ ਸਕਦੀ ਹੈ। ਮਾਹਰ ਮਹਾਵਤ ਕਮੰਦਾ ਨਾਲ ਇਥੇ ਪੁੱਜ ਜਾਂਦੇ ਹਨ। ਉਹ ਹਾਥੀ ਦੇ ਸਿਰ ਅਤੇ ਪਿਛਲੀਆਂ ਲੱਤਾਂ ਉਤੇ ਰੱਸੇ ਪਾ ਲੈਂਦੇ ਹਨ। ਫ਼ਿਰ ਟੋਏ ਵਿਚ ਲੱਕੜ ਦੇ ਮੋਛੇ ਸੁੱਟੇ ਜਾਂਦੇ ਹਨ ਜਿਨ੍ਹਾ 'ਤੇ ਪੈਰ ਰੱਖ ਕੇ ਹਾਥੀ ਟੋਏ ਤੋਂ ਬਾਹਰ ਆਉਂਦਾ ਹੈ। ਕੁੰਡੀਆਂ ਜਾਂ ਕਮੰਦਾਂ ਉਸਨੂੰ ਟੋਏ ਤੋਂ ਬਾਹਰ ਖਿੱਚਦੀਆਂ ਹਨ। ਫ਼ਿਰ ਉਸਨੂੰ ਦਰਿਆ ਤੇ ਲੈ ਜਾਦੇ ਹਨ। ਅਤੇ ਉਸ ਪਿਛੋਂ ਸਿਧਾਉਣ ਵਾਲੀ ਥਾ ਕਰਾਲ ਲੈ ਜਾਦੇ ਹਨ ਜਿਥੇ ਇਸ ਦਾ ਸਿਧਾਉਣਾ ਸੁਰੂ ਹੋ ਜਾਂਦਾ ਹੈ। ਇਹ ਕਰਾਲ ਲੱਕੜ ਦੀ ਛੇ ਮੀਟਰ ਵਰਗ ਦੀ ਇਕ ਵਲਗਣ ਹੈ ਜਿਸਦਾ ਫ਼ਰਸ ਵਧੀਆ ਹੁੰਦਾ ਹੈ ਅਤੇ ਹੁਣ ਹਾਥੀ ਨੂੰ ਇਸ ਵਿਚ ਵਾੜ ਦਿੱਤਾ ਜਾਦਾ ਹੈ।

ਫੜੇ ਗਏ ਹਾਥੀ ਦੇ ਖਾਣੇ ਦਾਣੇ ਅਤੇ ਪਾਣੀ ਦਾ ਲਗਾਤਾਰ ਧਿਆਨ ਰੱਖਿਆ ਜਾਂਦਾ ਹੈ। ਸਹਿਜੇ ਸਹਿਜੇ ਜਾਨਵਰ ਆਪਣੀ ਇਸ ਕਿਸਮਤ ਨੂੰ ਪ੍ਰਵਾਨ ਕਰ ਲੈਂਦਾ ਹੈ।

ਪੁਰਾਣੇ ਸਮਿਆਂ ਵਿਚ ਹਾਥੀ ਨੂੰ ਭੁੱਖਾ ਰੱਖ ਕੇ ਉਸਦਾ ਹੌਂਸਲਾ ਢਾਹਿਆ ਜਾਂਦਾ ਸੀ। ਕਈ ਦਿਨ ਭੁੱਖਾ ਰਹਿਣ ਕਰਕੇ ਉਹ ਕਮਜ਼ੋਰ ਹੋ ਜਾਂਦਾ ਸੀ। ਪੰਜ ਸਾਲਾਂ ਤੋਂ ਛੋਟੇ ਬੱਚੇ ਨੂੰ ਦਸ ਦਿਨਾਂ ਵਿਚ ਹੀ ਮਹਾਵਤ ਖੁਆਣ ਪਿਆਣ ਲੱਗ ਜਾਂਦੇ ਹਨ। ਏਨੇ ਸਮੇਂ ਵਿਚ ਤਾਂ ਉਨ੍ਹਾ ਨੂੰ ਇਕ ਜਾਂ ਦੋ ਪਾਲਤੂ ਹਾਥੀਆ ਨਾਲ ਚਰਨ ਵੀ ਲਿਜਾਇਆ ਜਾਦਾ ਹੈ। ਅਠਾਰਾ ਤੋਂ ਵੀਹ ਸਾਲ ਦੀ ਉਮਰ ਵਾਲੇ ਹਾਥੀ ਪਾਲਤੂ ਬਣਨ ਲੱਗਿਆਂ ਇਕ ਮਹੀਨਾ ਭਰ ਲੈ ਲੈਂਦੇ ਹਨ। ਵੱਡੇ ਹਾਥੀਆਂ ਨੂੰ ਤਾਂ ਕੋਈ ਕੰਮ ਸੌਂਪੇ ਜਾਣ ਤੱਕ ਡੇਢ ਸਾਲ ਦਾ ਸਮਾਂ ਲੱਗ ਜਾਂਦਾ ਹੈ। ਹਾਥੀ ਦੀ ਸੁੰਡ ਬੜਾ ਹੀ ਸੂਖਮ ਅੰਗ ਹੈ। ਜੇ ਮਹਾਵਤ ਹਾਥੀ ਦੀ ਸੁੰਡ ਤੇ ਹੱਥ ਫ਼ੇਰੇ ਅਤੇ ਹਾਥੀ ਇਸਨੂੰ ਝੱਲ ਜਾਵੇ ਤਾ ਸਮਝੋ ਕਿ ਕਾਫ਼ੀ ਹੱਦ ਤੱਕ ਇਹ ਪਾਲਤੂ ਹੋ ਗਿਆ ਹੈ।

ਤਾਮਿਲਨਾਡੂ ਵਿਚ 50 ਸਾਲ ਤੋਂ ਵੱਧ ਦੀ ਉਮਰ ਵਾਲੇ ਹਾਥੀ ਫ਼ੜੇ ਹੀ ਨਹੀ ਜਾਂਦੇ। ਜੇ ਕੋਈ ਇਹੋ ਜਿਹਾ ਹਾਥੀ ਫ਼ਸ ਵੀ ਜਾਵੇ ਤਾਂ ਉਸਨੂੰ ਉਸੇ ਵੇਲੇ ਛੱਡ ਦਿੱਤਾ ਜਾਂਦਾ ਹੈ। ਇਵੇਂ ਹੀ ਬਹੁਤ ਛੋਟੇ ਬੱਚਿਆਂ ਨੂੰ ਵਧੇਰੇ ਕਰਕੇ ਪਸੰਦ ਨਹੀਂ ਕੀਤਾ ਜਾਦਾ। ਇਸਦਾ ਕਾਰਣ ਆਰਥਿਕ ਹੈ ਕਿਉਂਕਿ 15 ਸਾਲ ਦੀ ਉਮਰ ਤੋ ਪਹਿਲਾਂ ਤਾਂ ਉਹ ਕੋਈ ਲਾਭਦਾਇਕ ਕੰਮ ਕਰਨਗੇ ਹੀ ਨਹੀਂ। ਓਨੀ ਦੇਰ ਤੱਕ ਉਨ੍ਹਾਂ ਦੀ ਟਹਿਲ ਸੇਵਾ ਕਰਨੀ ਪਏਗੀ। ਹਾਥੀ ਦੇ ਕਾਬੂ ਕਰਨ ਦੀ ਸਭ ਤੋਂ ਵਧੀਆ ਉਮਰ 18 ਤੋਂ 25 ਸਾਲ ਸਮਝੀ ਜਾਂਦੀ ਹੈ।

ਰਾਮਾਇਣ ਵਿਚ ਵੀ ਟੋਇਆ ਰਾਹੀਂ ਹਾਥੀ ਫ਼ੜਨ ਦੀਆਂ ਉਦਾਹਰਣਾ ਹਨ। ਵਾਲਮੀਕ ਨੇ ਲਿਖਿਆ ਹੈ ਕਿ ਲੋਕ ਮਸਾਲਾਂ ਬਾਲ ਕੇ ਜਾਂਦੇ, ਹਾਥੀਆ ਨੂੰ ਘੇਰਦੇ ਅਤੇ ਪਹਿਲਾਂ ਪੁੱਟੇ ਅਤੇ ਘਾਹ ਆਦਿ ਨਾਲ ਢੱਕੇ ਟੋਇਆਂ ਵਿਚ ਲੈ ਜਾਣ ਲਈ ਯਤਨ ਕਰਦੇ।

## ਘੇਰਾ ਪਾਉਣਾ

ਜੰਗਲੀ ਹਾਥੀਆਂ ਨੂੰ ਫੜਨ ਦਾ ਸਭ ਤੋਂ ਵੱਧ ਜਾਣਿਆ ਜਾਂਦਾ ਢੰਗ ਘੇਰਾ ਪਾਉਣ ਦਾ ਢੰਗ ਹੈ। ਹਾਥੀਆਂ ਨੂੰ ਇਕ ਵਲਗਣ ਅੰਦਰ ਲਿਜਾਇਆ ਜਾਂਦਾ ਹੈ ਅਤੇ ਉਥੋਂ ਕਾਬੂ ਕਰ ਲਿਆ ਜਾਂਦਾ ਹੈ। ਇਥੇ ਘੇਰੇ ਦਾ ਅਰਥ ਹੈ ਵਲ ਕੇ ਲਿਜਾਣਾ। ਇਹ ਉਂਜ ਸਿਕਾਰ ਕਰਨ ਦਾ ਹੀ ਇਕ ਢੰਗ ਹੈ—ਸ਼ਿਕਾਰ ਜੋ ਬੜੇ ਵੱਡੇ ਪੈਮਾਨੇ 'ਤੇ ਖੇਡਿਆ ਜਾਵੇ ਅਤੇ ਉਹ ਵੀ ਕਾਫ਼ੀ ਖ਼ਰਚ ਕਰਕੇ। ਮੈਸੂਰ ਵਿਚ ਤਾਂ ਇਸ ਤੇ ਲੱਖਾਂ ਰੁਪਏ ਖ਼ਰਚ ਹੋ ਜਾਦੇ ਹਨ ਜਦ ਕਿ ਕਾਬੂ ਕੀਤੇ ਹਾਥੀਆਂ ਦੀ ਗਿਣਤੀ ਕਦੇ ਵੀ ਸੌ ਤੋਂ ਵੱਧ ਨਹੀਂ ਹੋਈ।

ਮੈਗਸਥਨੀਜ਼ (200 ਬੀ.ਸੀ) ਪਹਿਲਾ ਬੰਦਾ ਸੀ ਜਿਸਨੇ ਉਤਰੀ ਭਾਰਤ ਵਿਚ ਘੇਰੇ ਪਾਉਣ ਦਾ ਜ਼ਿਕਰ ਕੀਤਾ ਹੈ।

ਉੜੀਸਾ ਦਾ ਇਕ ਰਾਜਾ ਨਰਸਿੰਘਦਿਓ, ਤੇਰ੍ਹਵੀਂ ਸਦੀ ਵਿਚ ਘੇਰਾ ਪਾਉਣ ਦਾ ਢੰਗ ਵਰਤਿਆ ਕਰਦਾ ਸੀ। ਕੋਨਾਰਕ ਮੰਦਰ ਦੇ ਕੰਧ ਚਿੱਤਰਾਂ ਤੇ ਘੇਰੇ ਦੀ ਕਿਰਿਆ ਭਲੀ ਭਾਤ ਉੱਕਰੀ ਹੋਈ ਮਿਲਦੀ ਹੈ।

ਘੋੜੇ ਅਤੇ ਪਾਲਤੂ ਹਾਥੀਆਂ 'ਤੇ ਸਵਾਰ ਅਤੇ ਪੈਦਲ ਤੁਰੇ ਜਾਂਦੇ ਬੰਦੇ ਢੋਲ ਵਜਾ ਵਜਾ ਕੇ, ਸੰਖ ਪੂਰ ਕੇ ਅਤੇ ਰੌਲਾ ਪਾ ਕੇ ਜੰਗਲੀ ਹਾਥੀਆ ਨੂੰ ਇਕ ਪਾਸੇ ਨੂੰ ਲਿਜਾ ਰਹੇ ਹਨ। ਝੁੰਡ ਵਿਚ ਬਹੁਤਾ ਕਰਕੇ ਹਥਣੀਆ ਅਤੇ ਬੱਚੇ ਹੀ ਹਨ। ਝੁੰਡ ਨੂੰ ਇਕ ਵੱਡੀ ਸਾਰੀ ਵਲਗਣ ਵਿਚ ਲਿਜਾਇਆ ਜਾ ਰਿਹਾ ਵਿਖਾਇਆ ਗਿਆ ਹੈ।

ਜਿਵੇਂ ਦੱਸਿਆ ਗਿਆ ਹੈ, ਇਸ ਢੰਗ ਨਾਲ ਹੈਦਰ ਅਲੀ ਹਾਥੀਆਂ ਨੂੰ ਫ਼ੜਿਆ ਕਰਦਾ ਸੀ। ਬਰਤਾਨਵੀ ਰਾਜ ਸਮੇਂ, ਉੱਨ੍ਹੀਵੀਂ ਸਦੀ ਦੇ ਮਧ ਵਿਚ ਕਰਨਲ ਪੀਅਰਸਨ ਨੇ ਇਸ ਤਰ੍ਹਾਂ ਦੀ ਇਕ ਕੋਸ਼ਿਸ਼ ਕੀਤੀ ਸੀ। ਪਰ ਸਫਲਤਾ ਨਾ ਮਿਲੀ। ਪਹਿਲਾ ਸਫਲ ਘੇਰਾ 1873 ਵਿਚ ਜੀ. ਪੀ. ਸੈਂਡਰਸਨ ਦੁਆਰਾ ਪਾਇਆ ਗਿਆ ਸੀ। ਕੁਲ 53 ਹਾਥੀ ਕਾਬੂ ਕੀਤੇ ਗਏ ਸਨ। ਇਸ ਨਾਲ ਮੈਸੂਰ ਵਿਚ ਪਾਏ ਜਾਣ ਵਾਲੇ ਹੋਰ ਘੇਰਿਆਂ ਦਾ ਰਾਹ ਸਾਫ਼ ਹੋ ਗਿਆ। ਮੈਸੂਰ ਦੇ ਜੰਗਲਾਤ ਮਹਿਕਮੇ ਨੂੰ 1950 ਵਾਲੇ ਘੇਰੇ ਵਿਚ ਢਾਈ ਲੱਖ ਰੁਪਏ ਖਰਚ ਕਰਨੇ ਪਏ ਸਨ। ਕੁਲ 70 ਹਾਥੀ ਫ਼ੜੇ ਗਏ ਸਨ। ਇਕ ਹਾਥੀ ਨੂੰ ਫ਼ੜਨ ਦਾ ਔਸਤ ਖਰਚ ਇੰਜ 3000 ਰੁਪਏ ਬਣਦਾ ਹੈ।

ਹਰਿਦੁਆਰ ਦੇ ਜੰਗਲਾ ਵਿਚੋਂ ਹਾਥੀ ਫ਼ੜਨ ਲਈ ਬੜੇ ਹੀ ਘੱਟ ਯਤਨ ਹੋਏ ਹਨ। ਕੁਝ ਕੁਦਰਤੀ ਔਕੜਾਂ ਕਰਕੇ ਸਿੱਟੇ ਵੀ ਵਧੀਆ ਨਹੀਂ ਰਹੇ। 1899-1900 ਸਾਲ ਦੀਆਂ ਸਰਦੀਆ ਵਿਚ ਪਾਏ ਘੇਰੇ ਵਿਚ ਕੇਵਲ ਸੱਤ ਹਾਥੀ ਹੀ ਫ਼ੜੇ ਗਏ ਸਨ। ਜਵਾਲਾਪੁਰ ਦੇ ਰੰਘੜਾਂ (ਮੁਸਲਿਮ ਰਾਜਪੂਤ) ਨੇ ਇਕ ਵਾਰ ਮੈਨੂੰ ਦੱਸਿਆ ਸੀ ਕਿ ਇਹਨਾਂ ਜੰਗਲਾ 'ਤੇ ਜਦੋਂ ਉਹਨਾਂ ਦੇ ਪੁਰਖਿਆ ਦਾ ਕਬਜ਼ਾ ਹੁੰਦਾ ਸੀ ਉਦੋਂ ਉਹ ਹਾਥੀ ਫ਼ੜ ਕੇ ਵੇਚਿਆ ਕਰਦੇ ਸਨ। ਹਰਿਦੁਆਰ ਦੇ ਪਾਂਡਿਆ ਦੀਆ ਕਿਤਾਬਾ ਵਿਚ ਇਹ ਗੱਲ ਵੀ ਮਿਲਦੀ ਹੈ ਕਿ ਮੈਦਾਨਾਂ ਦੇ ਰਾਜੇ ਇਥੇ ਹਾਥੀ ਖਰੀਦਣ ਆਇਆ ਕਰਦੇ ਸਨ। ਕਿਸੇ ਚੰਗੇ ਮੌਕੇ ਤੇ ਹਾਥੀ ਦਾ ਤੋਹਫ਼ਾ ਦੇਣਾ ਤਾਂ 1876 ਤੱਕ ਹੁੰਦਾ ਰਿਹਾ ਹੈ। ਸਰਵਣਨਾਥ ਮੱਠ ਦੇ ਇਕ ਪੱਥਰ ਤੇ ਇਹ ਵੀ ਲਿਖਿਆ ਮਿਲਦਾ ਹੈ ਕਿ ਜਦੋਂ ਮੱਠ ਦੇ ਬਾਨੀ ਨੇ ਸ਼ਿਵ ਅਤੇ ਗੰਗਾ ਦੇ ਮੰਦਰ ਬਣਾਏ ਤਾ ਬ੍ਰਾਹਮਣਾ ਨੂੰ ਪੰਜ ਹਾਥੀ ਵੀ ਉਸਨੇ ਦਾਨ ਕੀਤੇ।

ਕਿਸੇ ਵੇਲੇ ਹਾਥੀ ਨੂੰ ਫ਼ੜਨਾ ਅਤੇ ਵੇਚਣਾ ਬੜਾ ਹੀ ਕਮਾਈ ਵਾਲਾ ਧੰਦਾ ਹੁੰਦਾ ਸੀ। 1948 ਵਿਚ ਜਦੋਂ ਇਕ ਘੇਰੇ ਵਿਚ 35 ਹਾਥੀ ਫ਼ੜੇ ਗਏ ਤਾਂ ਇਹਨਾਂ ਤੋਂ 66,000 ਰੁਪਏ ਵੱਟੇ ਗਏ। ਅਗਲੇ ਸਾਲ 1949 ਵਿਚ ਏਨੇ ਹੀ ਹਾਥੀਆਂ ਤੋਂ 1,47,377 ਰੁਪਏ ਵੱਟੇ ਗਏ ਜੋ ਕਿ ਹੁਣ ਤੱਕ ਦਾ ਸਭ ਤੋ ਵੱਧ ਮੁੱਲ ਹੈ। ਫਿਰ 1954 ਵਿਚ ਕੀਮਤਾਂ ਏਨੀਆਂ ਘਟ ਗਈਆਂ ਕਿ ਇਕ ਘੇਰੇ ਵਿਚ ਫ਼ੜੇ 68 ਹਾਥੀ ਬਸ ਮੁਫਤ ਹੀ ਦੇਣੇ ਪੈ ਗਏ। ਸਭ ਤੋਂ ਵਧੀਆ ਹਾਥੀ ਵੀ ਉਸ ਵੇਲੇ 500 ਰੁਪਏ ਦਾ ਹੀ ਵਿਕਿਆ। ਮੈਸੂਰ ਵਿਚ ਹੁਣ ਇਹ ਘੇਰਾ

ਪਾਉਣਾ ਬੰਦ ਹੀ ਕਰਨਾ ਪਿਆ।

ਮੈਸੂਰ ਵਿਚ ਹੁਣ ਤੱਕ ਕੁੱਲ 34 ਵਾਰ ਇਹ ਘੇਰੇ ਪਾਏ ਗਏ ਹਨ ਜਿਨ੍ਹਾ ਵਿਚ 1873 ਜੰਗਲੀ ਹਾਥੀ ਕਾਬੂ ਕੀਤੇ ਗਏ ਹਨ। ਸਾਲ 1960 ਪਿਛੋ ਅੰਤਿਮ ਘੇਰਾ 1970 ਵਿਚ ਹੀ ਪਾਇਆ ਗਿਆ ਸੀ। ਘੇਰਾ ਉਥੇ ਹੀ ਪਾਇਆ ਜਾਂਦਾ ਹੈ ਜਿਥੇ ਬਹੁਤ ਹਾਥੀ ਰਹਿੰਦੇ ਹੋਣ। ਘੇਰੇ ਵਾਲੇ ਢੰਗ ਤੋਂ ਪਹਿਲਾਂ ਮੈਸੂਰ ਵਿਚ ਹਾਥੀਆਂ ਨੂੰ ਡੇਗ ਕੇ ਫੜਨ ਦਾ ਢੰਗ ਵੀ ਵਰਤਿਆ ਜਾਂਦਾ ਸੀ। ਭਾਰਤ ਦੇ ਕੁਝ ਹਿੱਸਿਆ ਵਿਚ ਇਹ ਢੰਗ ਅਜੇ ਵੀ ਪ੍ਰਚੱਲਤ ਹੈ। ਢੰਗ ਜ਼ਾਲਮਾਨਾ ਹੋਣ ਕਰਕੇ ਮੈਸੂਰ ਵਿਚ ਇਸ ਨੂੰ ਤਿਆਗ ਦਿੱਤਾ ਗਿਆ ਹੈ। ਆਸਾਮ ਅਤੇ ਬੰਗਾਲ ਵਿਚ ਘੇਰੇ ਵਾਲਾ ਤਰੀਕਾ ਸਦੀਆਂ ਤੋਂ ਚਲਿਆ ਆ ਰਿਹਾ ਹੈ। ਪਰ ਦੋਹਾਂ ਦੇ ਘੇਰੇ ਵਿਚ ਵੀ ਅੰਤਰ ਹੈ। ਉਦਾਹਰਣ ਦੇ ਤੌਰ ਤੇ ਬੰਗਾਲ ਵਿਚ ਪਹਿਲਾ ਹਾਕੀਆਂ ਦੀ ਭਾਲ ਕੀਤੀ ਜਾਂਦੀ ਹੈ। ਨੇੜੇ ਹੀ ਇਕ ਵਲਗਣ ਬਣਾ ਲਈ ਜਾਂਦੀ ਹੈ ਅਤੇ ਫਿਰ ਹਾਥੀਆਂ ਨੂੰ ਡਰਾ ਕੇ ਅੰਦਰ ਵਾੜ ਲਿਆ ਜਾਦਾ ਹੈ। ਇਹ ਵਲਗਣਾਂ ਪੱਕੀਆ ਨਹੀ ਹੁੰਦੀਆ ਸਗੋਂ ਇਕ ਥਾਂ ਤੋਂ ਦੂਜੀ ਥਾਂ ਪੁੱਟ ਕੇ ਲਿਜਾਈਆਂ ਜਾਦੀਆਂ ਹਨ। ਮੈਸੂਰ ਵਿਚ ਇਹ ਵਲਗਣਾ ਪੱਕੀਆ ਹੁੰਦੀਆ ਹਨ ਅਤੇ ਇਸ ਤਰ੍ਹਾ ਹੁੰਦੀਆ ਹਨ ਕਿ ਇਸ ਵਿਚ ਹੋਣ ਵਾਲਾ ਸਾਰਾ ਕੰਮ ਦੂਰੋਂ ਵੇਖਿਆ ਜਾਂ ਸਕਦਾ ਹੈ।

ਘੇਰਾ ਪਾਉਣ ਦਾ ਸਭ ਤੋਂ ਚੰਗਾ ਸਮਾ ਸਰਦੀਆ ਦਾ ਸਮਾ ਹੈ। ਜਨਵਰੀ ਫ਼ਰਵਰੀ ਦੇ ਮਹੀਨੇ ਤਾਂ ਇਹਦੇ ਵਾਸਤੇ ਹੋਰ ਵੀ ਢੁਕਵੇਂ ਹਨ। ਇਸ ਵੇਲੇ ਜੰਗਲ ਵਿਚ ਬਹੁਤੀ ਸਿਲ੍ਹ ਨਹੀਂ ਹੁੰਦੀ ਪਰ ਲੋੜ ਜੋਗਾ ਪਾਣੀ ਜ਼ਰੂਰ ਹੁੰਦਾ ਹੈ। ਜੰਗਲਾਂ ਵਿਚ ਲੱਗਣ ਵਾਲੀ ਅੱਗ ਦਾ ਵੀ ਇਨ੍ਹੀ ਦਿਨੀਂ ਖਤਰਾ ਨਹੀਂ ਹੁੰਦਾ।

ਮੈਸੂਰ ਵਿਚ ਤਾ ਇਹ ਘੇਰਾ ਦੋ ਥਾਂਵਾ ਤੇ ਹੀ ਹੁੰਦਾ ਹੈ—ਚਮਰਾਜਨਗਰ ਇਲਾਕੇ ਵਿਚ ਬੁੱਧੀਪਡਗਾ ਅਤੇ ਹੈਗੜਾ ਦੀਵਾਨਕੋਟ ਇਲਾਕੇ ਵਿਚ ਕਾਕਨਕੋਟ ਵਿਖੇ। ਦੋਹਾ ਪਿਛੋਂ ਕਾਕਨਕੋਟ ਵਾਲਾ ਵੇਖਣ ਵਾਲਿਆਂ ਲਈ ਬਿਹਤਰ ਹੁੰਦਾ ਹੈ ਕਿਉਂਕਿ ਇਹ ਦਰਿਆ ਦੇ ਕੰਢੇ ਤੇ ਪਾਇਆ ਜਾਂਦਾ ਹੈ ਅਤੇ ਹਾਥੀਆ ਨੂੰ ਦਰਿਆ ਵਿਚੋਂ ਦੀ ਲੰਘਾਇਆ ਜਾਂਦਾ ਹੈ। ਦਰਸ਼ਕ ਦਰਿਆ ਦੇ ਕੰਢੇ ਤੇ ਬੈਠ ਕੇ ਵੇਖ ਸਕਦੇ ਹਨ।

ਜਦੋਂ ਕੋਈ ਝੁੰਡ ਵੇਖ ਲਿਆ ਜਾਂਦਾ ਹੈ ਤਾ ਚੁੱਪਚਾਪ ਉਸ ਦਾ ਪਿੱਛਾ ਕੀਤਾ ਜਾਦਾ ਹੈ ਤਾ ਜੋ ਹਾਥੀਆਂ ਨੂੰ ਆਦਮੀ ਦੀ ਹੋਂਦ ਦਾ ਪਤਾ ਨਾ ਲੱਗੇ। ਇਹ ਝੁੰਡ ਇਸ ਵਲਗਣ ਤੋਂ 12 ਕਿਲੋਮੀਟਰ ਦੀ ਦੂਰੀ ਤੱਕ ਵੀ ਹੋ ਸਕਦਾ ਹੈ। ਫ਼ਿਰ ਹਾਥੀਆਂ ਦੇ ਰਾਹ ਤੇ ਦੋਵੇਂ ਪਾਸੇ ਬੰਦੇ ਲਾ ਦਿੱਤੇ ਜਾਂਦੇ ਹਨ। ਇਹ ਵਲਗਣ ਵਲ ਨੂੰ 20, 20 ਮੀਟਰ ਦੀ ਦੂਰੀ ਤੇ ਖਲੋ ਜਾਂਦੇ ਹਨ। ਦਿਨ ਰਾਤ ਉਹ ਅੱਗ ਬਾਲੀ ਰੱਖਦੇ ਹਨ। ਉਹਨਾਂ ਪਾਸ ਪਾਟੇ ਹੋਏ ਬਾਂਸ ਹੁੰਦੇ ਹਨ ਜੋ ਜ਼ਮੀਨ ਤੇ ਮਾਰਨ ਨਾਲ ਪਟਾਕਿਆਂ ਵਰਗੀ ਆਵਾਜ਼ ਪੈਦਾ ਕਰਦੇ ਹਨ। ਜੇ ਕੁਝ ਹਾਥੀ ਇਸ ਘੇਰੇ ਤੋਂ ਬਾਹਰ ਰਹਿ ਜਾਣ ਤਾਂ ਉਹਨਾਂ ਨੂੰ ਛੱਡ ਦਿੱਤਾ ਜਾਦਾ ਹੈ। ਸਹਿਜੇ ਸਹਿਜੇ ਇਹ ਘੇਰਾ ਸੁੰਗੜਦਾ ਜਾਂਦਾ ਹੈ। ਆਖ਼ਰੀ ਦਿਨ ਦਰਸਕ

ਆਪਣੀਆਂ ਆਪਣੀਆਂ ਥਾਂਵਾ ਮੱਲ ਬੈਠਦੇ ਹਨ। ਪਾਲਤੂ ਹਾਥੀਆਂ ਤੇ ਬੈਠੇ ਹਥਿਆਰਾਂ ਨਾਲ ਲੈਸ ਸਵਾਰ ਢੋਲਾਂ ਆਦਿ ਨਾਲ ਇਹਨਾ ਹਾਥੀਆ ਦੇ ਪਿਛੇ ਲੱਗੇ ਹੁੰਦੇ ਹਨ। ਉਹ ਲਗਾਤਾਰ ਰੌਲੀ ਪਾਉਂਦੇ, ਢੋਲ ਵਜਾਉਂਦੇ ਅਤੇ ਪਟਾਕੇ ਚਲਾਉਂਦੇ ਹਨ ਤਾਂ ਜੋ ਇਹ ਜੰਗਲੀ ਹਾਥੀ ਵਲਗਣ ਅੰਦਰ ਆ ਜਾਣ। ਕੁਝ ਬੰਦੇ ਝੁੰਡ ਦੀਆਂ ਹਰਕਤਾਂ ਦਾ ਧਿਆਨ ਰੱਖਦੇ ਹਨ। ਉਹ ਦਰਖ਼ਤਾ ਤੇ ਚੜ੍ਹਕੇ ਲੁਕ ਕੇ ਹਰਕਤਾਂ ਵੇਖਦੇ ਅਤੇ ਇਸ਼ਾਰਿਆਂ ਨਾਲ ਇਨ੍ਹਾਂ ਬਾਰੇ ਦੱਸਦੇ ਰਹਿੰਦੇ ਹਨ।

ਪੁਰਾਤਨ ਸਮਿਆਂ ਵਿਚ ਆਰੀਆ ਲੋਕ ਇਕ ਵੱਡੀ ਸਾਰੀ ਗੋਲ ਵਲਗਣ ਬਣਾਉਂਦੇ ਸਨ ਜਿਸਦੇ ਦੁਆਲੇ ਇਕ ਖਾਈ ਪੁੱਟੀ ਜਾਂਦੀ ਸੀ। ਇਸ ਖਾਈ 'ਤੇ ਇਕੋ ਪੁਲ ਹੁੰਦਾ ਸੀ ਜਿਸ ਤੋਂ ਹਾਥੀ ਲੰਘਾਏ ਜਾਣੇ ਹੁੰਦੇ ਸਨ। ਪਾਲਤੂ ਹਥਣੀ ਝੁੰਡ ਦੇ ਆਗੂ ਨੂੰ ਆਪਣੇ ਪਿੱਛੇ ਲਾ ਲੈਂਦੀ ਅਤੇ ਸਾਰਾ ਝੁੰਡ ਹੀ ਆਗੂ ਪਿੱਛੇ ਹੋ ਤੁਰਦਾ। ਜਦੋਂ ਹਾਥੀ ਵਲਗਣ ਅੰਦਰ ਆ ਜਾਂਦੇ, ਪੁਲ ਢਾਹ ਦਿੱਤਾ ਜਾਂਦਾ। ਕਾਬੂ ਕੀਤੇ ਹਾਥੀ ਖਾਣ ਪੀਣ ਤੋਂ ਬਿਨਾ ਕੁਝ ਦਿਨ ਭੁੱਖੇ ਰੱਖੇ ਜਾਂਦੇ। ਫਿਰ ਕੋਈ ਪਾਲਤੂ ਅੰਦਰ ਭੇਜ ਦਿੱਤਾ ਜਾਂਦਾ ਜੋ ਝੁੰਡ ਨੂੰ ਹੋਰ ਠੰਢਾ ਕਰਦਾ। ਕਈ ਵਾਰ ਇਸ ਪਾਲਤੂ ਹਾਥੀ ਅਤੇ ਝੁੰਡ ਦੇ ਹਾਥੀਆਂ ਵਿਚਕਾਰ ਭਿਆਨਕ ਲੜਾਈ ਵੀ ਹੋ ਜਾਂਦੀ। ਫਿਰ ਇਕ ਇਕ ਕਰਕੇ ਜੰਗਲੀ ਹਾਥੀਆਂ ਨੂੰ ਵੱਖ ਕਰ ਲਿਆ ਜਾਂਦਾ। ਪਾਲਤੂ ਹਾਥੀ ਤੇ ਬੈਠ ਕੇ ਇਹਨਾ ਦੀਆਂ ਧੌਣਾਂ ਦੁਆਲੇ ਰੱਸੇ ਸੁੱਟ ਕੇ ਇਹਨਾਂ ਨੂੰ ਕਾਬੂ ਕਰ ਲਿਆ ਜਾਂਦਾ। ਬੁੱਢੇ, ਨਕਾਰਾ ਅਤੇ ਬੱਚੇ ਹਾਥੀਆਂ ਨੂੰ ਛੱਡ ਦਿੱਤਾ ਜਾਂਦਾ। ਕਾਬੂ ਕੀਤੇ ਹਾਥੀਆਂ ਨੂੰ ਦਰਖ਼ਤਾਂ ਨਾਲ ਬੰਨ੍ਹ ਦਿੱਤਾ ਜਾਦਾ। ਜਦੋਂ ਚੰਗੀ ਤਰ੍ਹਾਂ ਕਾਬੂ ਆ ਜਾਵੇ ਤਾਂ ਜਾਨਵਰ ਬੇਬੱਸ ਜਿਹਾ ਹੋ ਜਾਂਦਾ ਤੇ ਮਾਲਕਾਂ ਦਾ ਹੁਕਮ ਮੰਨਣ ਬਿਨਾਂ ਉਸ ਪਾਸ ਕੋਈ ਚਾਰਾ ਨਾ ਰਹਿ ਜਾਂਦਾ। ਸਮੇਂ ਨਾਲ ਉਹ ਘੋੜਿਆਂ ਜਾਂ ਗਾਵਾਂ ਵਰਗੇ ਹੀ ਨਮਾਣੇ ਪਾਲਤੂ ਹੋ ਜਾਂਦੇ ਹਨ। ਕਿਤੇ ਇਕਾ ਦੁੱਕਾ ਵਾਰੀ ਇਹ ਵੀ ਹੋਇਆ ਹੈ ਕਿ ਏਨੀ ਬੇਇਜ਼ਤੀ ਸਹਿਣ ਨਾਲੋਂ ਹਾਥੀ ਨੇ ਮਰ ਜਾਣ ਨੂੰ ਚੰਗਾ ਸਮਝਿਆ। ਉਸਨੇ ਖਾਣ ਪੀਣ ਛੱਡਿਆ, ਹੌਲੀ ਹੌਲੀ ਕਮਜ਼ੋਰ ਹੋ ਕੇ ਪ੍ਰਾਣ ਤਿਆਗ ਗਿਆ।

ਤਜਰਬੇ ਨਾਲ ਹਾਥੀ ਫੜਨ ਦੇ ਕੰਮ ਵਿਚ ਵੀ ਸੁਧਾਰ ਆਉਂਦਾ ਗਿਆ। ਵਲਗਣ ਦੁਆਲੇ ਇਕ ਮੀਟਰ ਉੱਚੀ ਹੋਰ ਵਲਗਣ ਬਣਾਈ ਜਾਂਦੀ ਹੈ। ਕਈ ਵਾਰ ਇਸ ਵਲਗਣ ਅੰਦਰ ਕੰਧਾਂ ਨੇੜੇ 2 ਮੀਟਰ ਚੌੜੀ ਅਤੇ 1.3 ਮੀਟਰ ਡੂੰਘੀ ਖਾਈ ਵੀ ਪੁੱਟੀ ਜਾਂਦੀ ਹੈ। ਅੰਦਰ ਜਾਣ ਵਾਸਤੇ ਇਕ ਮੀਟਰ ਚੌੜਾ ਰਸਤਾ ਛੱਡਿਆ ਜਾਂਦਾ ਹੈ। ਜਦੋਂ ਹੀ ਹਾਥੀ ਅੰਦਰ ਆ ਜਾਂਦੇ ਹਨ, ਦਰਵਾਜ਼ਾ ਬੰਦ ਕਰ ਦਿੱਤਾ ਜਾਂਦਾ ਹੈ। ਜੰਗਲੀ ਝੁੰਡ ਨੂੰ ਅੰਦਰ ਲਿਆਉਣ ਲਈ ਸਿਧਾਏ ਹੋਏ ਹਾਥੀਆਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

## ਦਰਿਆ ਕੰਢੇ ਦਾ ਘੇਰਾ

ਇਸ ਕੰਮ ਵਿਚ ਬਹਾਦਰੀ ਅਤੇ ਮਹਾਰਤ ਦੀ ਲੋੜ ਹੁੰਦੀ ਹੈ। ਪਹਿਲਾਂ ਹਾਥੀਆਂ ਦਾ ਟਿਕਾਣਾ ਲੱਭਿਆ ਜਾਂਦਾ ਹੈ। ਫਿਰ ਕੋਈ 2000 ਬੰਦਾ ਖ਼ਾਸ ਖ਼ਾਸ ਥਾਂਵਾ ਤੇ

ਬਿਠਾਇਆ ਜਾਂਦਾ ਹੈ। ਇਹ ਬੰਦੇ ਹਾਥੀ ਫ਼ੜਨ ਲਈ ਸਿਖਿਅਤ ਹੁੰਦੇ ਹਨ ਅਤੇ ਹਾਥੀਆ ਦੀਆਂ ਆਦਤਾਂ ਬਾਰੇ ਜਾਣਦੇ ਹੁੰਦੇ ਹਨ। ਰੋਜ਼ਾਨਾ ਕਿਰਿਆ ਲਈ ਹਾਥੀ ਕਦੋਂ ਦਰਿਆ ਤੇ ਜਾਂਦੇ ਹਨ, ਇਸ ਗੱਲ ਦਾ ਵੀ ਇਨ੍ਹਾਂ ਬੰਦਿਆਂ ਨੂੰ ਪਤਾ ਹੁੰਦਾ ਹੈ ਅਤੇ ਉਹ ਇਸਦਾ ਧਿਆਨ ਵੀ ਰੱਖਦੇ ਹਨ। ਜਿਉਂ ਹੀ ਹਾਥੀ ਪਾਣੀ ਨੇੜੇ ਪੁੱਜਦੇ ਹਨ, ਇਹ ਬੰਦੇ ਤਿੰਨਾਂ ਪਾਸਿਆਂ ਤੋਂ ਉਨ੍ਹਾ ਨੂੰ ਘੇਰ ਲੈਂਦੇ ਹਨ। ਇਕ ਵਿਸ਼ੇਸ਼ ਸਮੇਂ ਹਵਾ ਵਿਚ ਗੋਲੀਆਂ ਚਲਾਈਆਂ ਜਾਂਦੀਆਂ ਹਨ। ਨਾਲ ਹੀ ਢੋਲ ਵਜਾ ਕੇ, ਪੀਪੇ ਵਜਾ ਕੇ ਇਕ ਹੱਲਾ ਜਿਹਾ ਬੋਲਣ ਵਰਗਾ ਕੰਮ ਕਰ ਲਿਆ ਜਾਦਾ ਹੈ। ਮਸ਼ਾਲਾਂ ਵੀ ਬਾਲੀਆ ਜਾਂਦੀਆਂ ਹਨ। ਇਸ ਸਭ ਕਾਸੇ ਨਾਲ ਹਾਥੀ ਡਰ ਜਾਂਦੇ ਹਨ ਅਤੇ ਉਨ੍ਹਾ ਨੂੰ ਇਛਿੱਤ ਰਾਹੇ ਤੋਰ ਲਿਆ ਜਾਂਦਾ ਹੈ।

ਕਾਕਨਕੋਟ ਵਿਚ ਹਾਥੀਆਂ ਦਾ ਦਰਿਆ ਵਿਚ ਤੁਰਨਾ ਇਕ ਮਨਮੋਹਕ ਨਜ਼ਾਰਾ ਹੁੰਦਾ ਹੈ। ਛੋਟੇ ਵੱਡੇ ਸਭ ਹਾਥੀ ਉੱਚੀ ਉੱਚੀ ਚਿੰਘਾੜਦੇ ਪਾਣੀ ਵਿਚ ਘੜਮੱਸ ਪਾਉਂਦੇ ਹਨ। ਬਚਣ ਦੇ ਯਤਨ ਕਰਦੇ ਕੁਝ ਇਕ ਦਰਿਆ ਵੀ ਤਰ ਜਾਂਦੇ ਹਨ। ਇਹਨਾ ਨੂੰ ਦਰਿਆਓਂ ਪਾਰ ਦੀ ਵਲਗਣ ਵਿਚ ਵਾਪਸ ਲਿਆਉਣਾ ਵੱਡੀ ਸਮੱਸਿਆ ਬਣ ਜਾਂਦੀ ਹੈ। ਕੁਝ ਮਾਵਾਂ ਅਪਣੇ ਬੱਚਿਆਂ ਨੂੰ ਸੁੰਡ ਵਿਚ ਚੁੱਕ ਲੈਂਦੀਆਂ ਹਲ। ਵਲਗਣ ਦੀਆਂ ਕੰਧਾ ਟਾਹਣੀਆਂ ਅਤੇ ਘਾਹ ਨਾਲ ਢੱਕੀਆਂ ਦਰਖ਼ਤਾਂ ਵਰਗੀਆ ਹੀ ਲੱਗਦੀਆਂ ਹਨ। ਜੇ ਝੁੰਡ ਦਾ ਆਗੂ ਅੰਦਰ ਆ ਜਾਵੇ ਤਾਂ ਬਾਕੀ ਸਾਰੇ ਬਿਨਾ ਕਿਸੇ ਰੋਕ ਟੋਕ ਉਸ ਪਿਛੇ ਆ ਜਾਂਦੇ ਹਨ। ਜਦ ਆਖ਼ਰੀ ਹਾਥੀ ਅੰਦਰ ਆ ਜਾਵੇ ਤਾਂ ਦਰਵਾਜ਼ਾ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਹਾਥੀ ਅੰਦਰ ਕੈਦ ਹੋ ਜਾਂਦੇ ਹਨ। ਸਾਰਾ ਕੁਝ ਨੇੜੇ ਦੀਆ ਮਚਾਣਾਂ ਤੇ ਬੈਠ ਕੇ ਵੇਖਿਆ ਜਾ ਸਕਦਾ ਹੈ। ਕੇਵਲ ਮੈਸੂਰ ਵਿਚ, ਵੱਡੀ ਸਾਰੀ ਵਲਗਣ ਹੁੰਦੀ ਹੈ ਅਤੇ ਦਿਨ ਵੇਲੇ ਵੀ ਹਾਥੀਆਂ ਨੂੰ ਇਧਰ ਲਿਆਂਦਾ ਜਾਂਦਾ ਹੈ ਨਹੀਂ ਤਾਂ ਉਤਰ-ਪੂਰਬੀ ਭਾਰਤ ਵਿਚ ਹਰ ਥਾਂ ਇਹ ਕੰਮ ਰਾਤ ਵੇਲੇ ਕੀਤਾ ਜਾਂਦਾ ਹੈ ਅਤੇ ਵਲਗਣ ਵੀ ਛੋਟੀ ਹੁੰਦੀ ਹੈ। ਇਹ ਵਲਗਣਾ ਹਾਥੀਆਂ ਦੇ ਸੰਭਾਵੀ ਰਾਹਾਂ ਨੇੜੇ ਜਾਂ ਲੂਣੀਆ ਸਿਲਾਂ ਨੇੜੇ ਬਣਾਈਆ ਜਾਦੀਆਂ ਹਨ। ਬੂਟਿਆਂ ਤੇ ਪਲਣ ਵਾਲੇ ਸਾਰੇ ਹੋਰ ਜਾਨਵਰਾ ਵਾਂਗ ਹਾਥੀ ਵੀ ਲੂਣੀ ਸਿਲ ਚੱਟਣਾ ਪਸੰਦ ਕਰਦੇ ਹਨ। ਉਹ ਅਜਿਹੀ ਲੂਣੀ ਮਿੱਟੀ ਵੀ ਸੁਆਦ ਨਾਲ ਖਾਂਦੇ ਹਨ। ਜੰਗਲ ਵਿਚ ਇਹ ਸਿੱਲਾਂ ਜਾ ਮਿੱਟੀ ਵਿਸ਼ੇਸ਼ ਥਾਂਵਾਂ ਤੇ ਹੀ ਹੁੰਦੀ ਹੈ। ਰਘੂਵੰਸ਼ ਵਿਚ ਇਹਨਾਂ ਥਾਂਵਾਂ ਨੂੰ ਲੂਣੀਆਂ ਚਟਾਨਾਂ ਦੱਸਿਆ ਗਿਆ ਹੈ। ਇਹਨਾਂ ਤੇ ਹਾਥੀ ਫੜਨ ਦਾ ਢੰਗ ਇਹ ਹੈ ਕਿ ਉਹ ਸਿੱਲਾਂ ਵੇਖੀਆ ਜਾਣ ਜਿਥੇ ਹਾਥੀ ਅਕਸਰ ਹੀ ਆਉਂਦੇ ਹੋਣ। ਫਿਰ ਇਹਨਾਂ ਨੇੜੇ ਵਲਗਣਾਂ ਬਣਾ ਲਈਆ ਜਾਂਦੀਆ ਹਲ। ਜਦੋਂ ਹਾਥੀ ਏਥੇ ਆਉਂਦੇ ਨੇ ਤਾਂ ਉਹਨਾਂ ਨੂੰ ਚੁੱਪਚਾਪ ਘੇਰਾ ਪਾ ਕੇ ਵਲਗਣ ਅੰਦਰ ਵਾੜ ਲਿਆ ਜਾਦਾ ਹੈ।

## ਮੇਲਾ ਸ਼ਿਕਾਰ

ਇਹ ਤਾਂ ਇਕ ਖੇਡ ਹੀ ਹੈ। ਪਾਲਤੂ ਹਾਥੀਆ 'ਤੇ ਸਵਾਰ ਮਾਹਰ ਜੰਗਲੀ ਝੁੰਡ ਦਾ ਪਿੱਛਾ ਕਰਕੇ ਇਕ ਹਾਥੀ ਨੂੰ ਵੱਖਰਾ ਕਰ ਲੈਂਦੇ ਹਨ। ਇਹ ਢੰਗ ਘੇਰੇ ਤੋਂ ਉਲਟਾਂ ਹੈ। ਇਹ ਚੁੱਪਚਾਪ ਅਤੇ ਸਹਿਜੇ ਸਹਿਜੇ ਕੀਤਾ ਜਾਂਦਾ ਹੈ। ਝੁੰਡ ਨਾਲ ਕੋਈ ਛੇੜ ਛਾੜ ਨਹੀਂ ਹੁੰਦੀ। ਇਸ ਵਿਚ ਬੱਚਿਆਂ ਨੂੰ ਅਤੇ ਵੱਡਿਆ ਨੂੰ ਖ਼ਤਰਾ ਹੋ ਸਕਦਾ ਹੈ। ਬੱਚੇ ਆਮ ਕਰਕੇ ਬਹੁਤ ਤਿੱਖੇ ਨਹੀਂ ਹੁੰਦੇ ਅਤੇ ਛੇਤੀ ਹੀ ਫੜੇ ਜਾਂਦੇ ਹਨ।

## ਸਿਧਾਉਣਾ

ਹਾਥੀ ਨੂੰ ਸਿਧਾਉਣ ਲਈ ਨਿਮਰਤਾ, ਦ੍ਰਿੜਤਾ ਅਤੇ ਸਬਰ ਦੀ ਲੋੜ ਹੁੰਦੀ ਹੈ। ਮਹਾਵਤ ਨੂੰ ਪਤਾ ਹੈ ਕਿ ਉਸਦਾ ਸਗਿਰਦ ਬੜਾ ਅੱਖੜ ਹੈ, ਤੱਕੜਾ ਵੀ ਏਨਾ ਕਿ ਉਸਨੂੰ ਆਸਾਨੀ ਨਾਲ ਮਾਰ ਸਕਦਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਹਾਥੀ ਆਪਣੀ ਜ਼ਿਦ ਛੱਡਣ ਲੱਗਾ ਬਹੁਤੀ ਦੇਰ ਵੀ ਨਹੀ ਲਾਉਂਦਾ। ਸੁਰੂ ਸ਼ੁਰੂ ਵਿਚ ਜ਼ਰੂਰੀ ਹੈ ਕਿ ਮਹਾਵਤ ਪਰਾਣੀ ਜਾ ਆਰ ਆਪਣੇ ਪਾਸ ਰੱਖੇ ਅਤੇ ਇਸਦੀ ਵਰਤੋਂ ਵੀ ਕਰੇ ਜਿਵੇਂ ਕਿ ਆਮ ਕੀਤੀ ਜਾਦੀ ਹੈ। ਹਾਥੀ ਨੂੰ ਸਿਧਾਉਣ ਸਮੇ ਗਾਣੇ ਸੁਣਾਉਣੇ, ਖ਼ਰਖ਼ਰਾ ਕਰਨਾ ਜਾਂ ਖਾਣ ਵੇਲੇ ਚੁਟਕਲੇ ਸੁਣਾਉਣੇ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।

ਸਬਦ ਅਤੇ ਘਟਨਾਵਾਂ ਯਾਦ ਰੱਖਣ ਵਿਚ ਹਾਥੀ ਦਾ ਜਵਾਬ ਨਹੀਂ। ਬੜੇ ਘੱਟ ਜਾਨਵਰ ਨੇ ਜਿਨ੍ਹਾਂ ਦਾ ਇਸ ਪੱਖੋਂ ਹਾਥੀ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੋਵੇ। ਸਿਧਾਈ ਵੇਲੇ ਹਾਥੀ ਨੂੰ 27 ਹੁਕਮੀ ਸ਼ਬਦ ਯਾਦ ਰੱਖਣੇ ਪੈਦੇ ਹਨ। ਇਹਨਾਂ ਨਾਲ ਇਸਨੂੰ ਮੁੜਨ, ਬੈਠਣ, ਖੜੇ ਹੋਣ, ਸੁੰਡ ਚੁੱਕਣ, ਪੈਰ ਮਾਰਨ, ਤੁਰਨ ਆਦਿ ਕਈ ਹੁਕਮ ਦਿੱਤੇ ਜਾਂਦੇ ਹਨ। ਪਰ ਇਹਨਾਂ ਨੂੰ ਪੂਰੀ ਤਰ੍ਹਾਂ ਸਮਝਣ ਲਈ ਕੁਝ ਮਿਹਨਤ ਕਰਨੀ ਪੈਂਦੀ ਹੈ। ਜਦੋਂ ਉਹ ਇਛਿੱਤ ਕੰਮ ਕਰ ਦੇਵੇ ਜਾ ਇਨਾਮ ਵਜੋ ਉਸਨੂੰ ਕੁਝ ਖਾਣ ਲਈ ਦਿੱਤਾ ਜਾਂਦਾ ਹੈ। ਸਹਿਜੇ ਸਹਿਜੇ ਉਹ ਕੁਝ ਸਬਦਾ ਅਤੇ ਹਰਕਤਾਂ ਦਾ ਤਾਲਮੇਲ ਬਣਾ ਲੈਂਦਾ ਹੈ ਅਤੇ ਵੇਲੇ ਸਿਰ ਸਾਰਾ ਕੰਮ ਕਰੀ ਜਾਂਦਾ ਹੈ। ਇੰਜ, ਸਰਕਸ ਵਾਂਗ ਕੁਝ ਮਹਾਵਤ ਇਨ੍ਹਾ ਤੋਂ ਖੇਡਾਂ ਵੀ ਕਰਵਾਂਦੇ ਹਨ। ਆਮ ਕਰਕੇ ਇਕ ਦਰਜਨ ਸ਼ਬਦ ਸਮਝਣ ਵਾਸਤੇ ਹਾਥੀ ਨੂੰ ਤਿੰਨ ਮਹੀਨੇ ਲਗਦੇ ਹਨ। ਦੱਖਣੀ ਭਾਰਤ ਵਿਚ ਲੱਕੜ ਦੇ ਕੰਮ ਤੇ ਲਾਏ ਹਾਥੀ ਚਾਲੀ ਹੁਕਮੀ ਸਬਦਾਂ ਨੂੰ ਸਮਝਦੇ ਹਨ।

## ਖਾਧ ਖ਼ੁਰਾਕ

ਹਾਥੀ ਨੂੰ ਭੁੱਖ ਬਹੁਤ ਲੱਗਦੀ ਹੈ। ਜੰਗਲ ਵਿਚ ਤਾਂ ਉਹ 24 ਘੰਟੇ ਹੀ ਕੁਝ ਨਾ ਕੁਝ ਖਾਂਦਾ ਰਹਿੰਦਾ ਹੈ। ਖਾਣ ਵਾਲੀਆਂ ਵਸਤਾਂ ਵਿਚ ਘਾਹ, ਛੋਟੀਆਂ ਟਾਹਣੀਆਂ, ਵੇਲਾਂ, ਫ਼ਲ ਅਤੇ ਹੋਰ ਹਰ ਖਾਣ ਵਾਲੀ ਬੂਟੀ ਸ਼ਾਮਲ ਹੁੰਦੇ ਹਲ। ਦੁਪਹਿਰ ਨੂੰ

ਸੌਣ ਵੇਲੇ ਹੀ ਉਹ ਚਰਨਾ ਬੰਦ ਕਰਦਾ ਹੈ, ਉਸ ਪਿਛੋਂ ਫਿਰ ਸ਼ੁਰੂ ਹੋ ਜਾਂਦਾ ਹੈ। ਰਾਤ ਨੂੰ ਵੀ ਉਹ ਥੋੜ੍ਹਾ ਸੌਂ ਸਕਦਾ ਹੈ। ਪਾਲਤੂ ਹਾਥੀਆਂ ਨੂੰ ਬਹੁਤ ਸਾਰਾ ਚਾਰਾ ਅਤੇ ਸੰਘਣੇ ਘੋਲ ਖਾਣ ਨੂੰ ਦਿੱਤੇ ਜਾਦੇ ਹਨ। ਸਿਧਾਈ ਵੇਲੇ ਤਾਂ ਉਨ੍ਹਾਂ ਨੂੰ ਪਕਾਏ ਹੋਏ ਸਵਾਦੀ ਭੋਜਨ ਵੀ ਖਵਾਏ ਜਾਂਦੇ ਹਨ।

ਪਾਲਤੂ ਹਾਥੀਆਂ ਨੂੰ ਪਿੱਪਲ, ਕੇਲੇ, ਹੋਰ ਰੁੱਖ, ਬਾਂਸ, ਖਜੂਰਾਂ ਦੀ ਟਾਹਣੀਆਂ, ਡੋਡੀਆਂ, ਚੌਲਾਂ ਦੀ ਫੱਕ, ਬਾਜਰੇ ਦੀ ਫ਼ੱਕ, ਮੱਕੀ ਦੇ ਟਾਂਡੇ, ਕਈ ਤਰ੍ਹਾਂ ਦੇ ਘਾਹ, ਅਨਾਜ, ਕੇਲੇ ਦੇ ਪੱਤੇ, ਨਾਰੀਅਲ ਅਤੇ ਹਰ ਤਰ੍ਹਾਂ ਦੇ ਫ਼ਲ ਆਦਿ ਖਾਣ ਲਈ ਦਿੱਤੇ ਜਾਦੇ ਹਨ। ਦਸਵੀਂ ਸਦੀ ਈਸਵੀ ਵਿਚ ਇਸ ਖ਼ੁਰਾਕ ਵਿਚ ਜੌਂ, ਕਣਕ, ਮਟਰ, ਛੋਲੇ ਆਦਿ ਦਾ ਜ਼ਿਕਰ ਵੀ ਆਉਂਦਾ ਹੈ[1]।

ਕਾਰਬੈਟ ਨੈਸ਼ਨਲ ਪਾਰਕ ਵਿਚ ਜੰਗਲੀ ਹਾਥੀ, ਘਾਹ, ਬਾਂਸ, ਬਰਸੀਮ, ਉਲਾ, ਨਾਰਕੁਲ, ਪਾਤੇਰਾ ਦੀਆ ਟਾਹਣੀਆਂ, ਰੋਹਿਨੀ ਦੀਆ ਡੋਡੀਆਂ, ਬਹੇੜਾ, ਹਰੜ, ਖ਼ੈੜ, ਬੈਂਤ, ਪਿੱਪਲ, ਬੋਹੜ, ਖਬੜ, ਸੰਡਨ, ਕਚਨਾਰ ਆਦਿ ਦੀਆਂ ਡੋਡੀਆ, ਟਾਹਲੀ, ਬੋਹੜ, ਰੋਹਿਨੀ, ਸੀਮਲ, ਸਾਲ, ਕਚਨਾਰ, ਸੰਡਨ ਆਦਿ ਦੀਆਂ ਟਾਹਣੀਆਂ ਆਦਿ ਖਾਦੇ ਵੇਖੇ ਗਏ ਹਨ। ਹਾਥੀ ਸੁੰਡ ਨਾਲ ਦਰਖਤ ਨੂੰ ਛੇੜਦੇ ਅਤੇ ਟਾਹਣੀ ਤੋੜ ਲੈਂਦੇ ਹਨ। ਕੁਝ ਦਰਖ਼ਤਾ ਦੀਆ ਟਾਹਣੀਆਂ ਹੋਰਨਾ ਨਾਲੋ ਸੁਆਦੀ ਹੁੰਦੀਆਂ ਹਨ। ਮੈਂ ਵੀਹ ਮਈ 1968 ਨੂੰ 8 ਜਾਂ 10 ਹਾਥੀਆ ਦਾ ਟੋਲਾ ਸਾਲ੍ਹ ਦੀਆਂ ਟਾਹਣੀਆਂ ਤੋਂ ਲੜਦਾ ਵੇਖਿਆ। ਇਸ ਪਾਰਕ ਵਿਚ ਰੋਹਿਨੀ ਦੇ ਬੂਟਿਆ ਤੋਂ ਹੀ ਬਹੁਤੀ ਖ਼ੁਰਾਕ ਪ੍ਰਾਪਤ ਹੁੰਦੀ ਹੈ। ਹਾਥੀ ਇਸ ਦਰਖ਼ਤ ਨੂੰ ਡੇਗ ਲੈਂਦੇ ਹਨ ਅਤੇ ਚੱਬ ਕੇ ਅੱਗੇ ਤੁਰ ਜਾਦੇ ਹਨ। ਇਕ ਵਾਰ ਮੈਂ ਵੇਖਿਆ ਕਿ ਇਕ ਰੋਹਿਨੀ ਦੇ ਡਿੱਗੇ ਹੋਏ ਰੁੱਖ ਤੇ ਕੋਈ ਵੀਹ ਹਾਥੀ ਇਕ ਦੂਜੇ ਨੂੰ ਘੂਰ ਰਹੇ ਸਨ। ਉਹ ਕੋਈ ਅੱਧਾ ਘੰਟਾ ਲੱਗੇ ਰਹੇ।

ਪਾਰਕ ਵਿਚ ਉੱਗਣ ਵਾਲੇ ਘਾਹਾਂ ਵਿਚ ਵਧੇਰੇ ਪਸੰਦ ਕੀਤੇ ਜਾਣ ਵਾਲੇ ਸਰਕੰਡਾ ਅਤੇ ਕਲਮ ਘਾਹ ਹਨ। ਇਨ੍ਹਾਂ ਦੀਆਂ ਜੜ੍ਹਾ ਹਾਥੀਆਂ ਨੂੰ ਸਵਾਦੀ ਲੱਗਦੀਆਂ ਹਨ ਅਤੇ ਪੌਸ਼ਟਿਕ ਵੀ ਹੁੰਦੀਆ ਹਨ। ਇਹਨਾਂ ਨੂੰ ਪੁੱਟਣਾ ਪੈਦਾ ਹੈ ਅਤੇ ਇਸ ਤੇ ਸਮਾ ਲੱਗਦਾ ਹੈ। ਪੁੱਟਣ ਲਈ ਉਹ ਸੁੰਡ ਦਾ ਵਲੇਵਾਂ ਮਾਰਦੇ ਅਤੇ ਇਸਨੂੰ ਬਾਹਰ ਖਿੱਚ ਲੈਂਦੇ ਹਨ। ਫ਼ਿਰ ਉਹ ਇਸਨੂੰ ਜ਼ਮੀਨ ਤੇ ਮਾਰ ਕੇ ਮਿੱਟੀ ਝਾੜਦੇ ਹਨ। ਗਰਮੀਆਂ ਵਿਚ ਹਾਥੀਆਂ ਦਾ ਪਿੱਛਾ ਕਰਨਾ ਸੰਭਵ ਹੈ। ਜਿਥੇ ਜਿਥੇ ਇਹ ਘਾਹ ਉੱਗਦਾ ਹੈ ਇਹ ਥੋੜ੍ਹਾ ਸੁੱਕਾ ਜਾਂਦਾ ਹੈ। ਜਿਸ ਕਾਰਣ ਹਾਥੀ ਪੈਰਾਂ ਨਾਲ ਇਸ ਨੂੰ ਪੁੱਟਦੇ ਹਨ ਅਤੇ ਪੈਰਾਂ ਦੇ ਨਿਸ਼ਾਨ ਪੈ ਜਾਂਦੇ ਹਨ।

ਆਸਾਮ ਵਿਚ ਹਾਥੀਆ ਦੀ ਰੇਸ਼ੇਦਾਰ ਖ਼ੁਰਾਕ ਅਲਮੀਨੀਆਂ ਜਾਂ ਤਾਰਾ ਘਾਹ ਹੈ। ਉਹਨਾ ਨੂੰ ਝੋਨਾ ਵੀ ਸਾਲ੍ਹ ਨਾਲ ਦਿੱਤਾ ਜਾਂਦਾ ਹੈ—ਕੰਮ ਵਾਲੇ ਦਿਨ 9 ਕਿਲੋਗ੍ਰਾਮ ਅਤੇ ਛੁੱਟੀ ਵਾਲੇ ਦਿਨ 5 ਕਿਲੋਗ੍ਰਾਮ ਦੇ ਹਿਸਾਬ। ਉੱਤਰ ਵਿਚ ਉਹਨਾਂ ਨੂੰ ਕਣਕ ਅਤੇ ਚੌਲਾਂ ਦੇ ਆਟੇ ਤੋਂ ਪੱਕੀਆਂ 10 ਤੋਂ 14 ਕਿਲੋ ਰੋਟੀਆਂ ਦਿੱਤੀਆਂ ਜਾਂਦੀਆਂ

1. Hastyayurveda Anandashram Mudranalaya, 1994, P 646, Sloka 56.

ਹਨ। ਮੈਸੂਰ ਵਿਚ, ਬੱਚੇ ਵਾਲੀ ਹਥਣੀ ਨੂੰ ਰੋਜ 10 ਨਾਰੀਅਲ ਅਤੇ 3 ਕਿਲੋ ਚੌਲ ਦਿੱਤੇ ਜਾਂਦੇ ਹਨ। ਤਾਮਿਲਨਾਡੂ ਵਿਚ ਰਾਂਗੀ ਨੂੰ ਰਿੰਨ੍ਹ ਕੇ ਹਾਥੀਆ ਨੂੰ ਖੁਆਇਆ ਜਾਂਦਾ ਹੈ। ਮਾਊਂਟ ਸਟੂਅਰਟ ਅਤੇ ਕਾਰਗੁੜੀ ਦੇ ਜੰਗਲਾਂ ਵਿਚ ਹਾਥੀਆਂ ਨੂੰ ਦਿੱਤੀ ਜਾਂਦੀ ਰੋਜ਼ਾਨਾ ਖ਼ੁਰਾਕ ਦਾ ਵੇਰਵਾ ਇੰਜ ਹੈ :

| | ਸੰਘਣੇ ਪਦਾਰਥ (ਕਿ.ਗ੍ਰਾ.) | ਸੁੱਕਾ ਚਾਰਾ (ਕਿ.ਗ੍ਰਾ.) | ਹਰੇ ਛਿਲਕੇ (ਕਿ ਗ੍ਰਾ) | ਲੂਣ (ਗ੍ਰਾਮ) | ਤੇਲ (ਗ੍ਰਾਮ) |
|---|---|---|---|---|---|
| ਵੱਡੇ ਹਾਥੀ | 7 | 90 | 216 | 56 | 28 |
| ਦਰਮਿਆਨੇ ਹਾਥੀ | 7 | 79 | 180 | 56 | 28 |
| ਛੋਟੇ ਹਾਥੀ | 7 | 68 | 145 | 56 | 28 |

ਇਕ ਮਰੀ ਹੋਈ ਹਥਣੀ ਦੀ ਪਾਚਨ ਨਾਲੀ ਦੀ ਪੜਤਾਲ ਕਰਨ ਤੋਂ ਪਤਾ ਲੱਗਾ ਕਿ ਕੁੱਲ 568 ਕਿਲੋ ਖਾਧ-ਪਦਾਰਥ ਵੱਖ ਵੱਖ ਪਾਚਨ ਅਵਸਥਾ ਵਿਚ ਸਨ ਅਤੇ 68 ਕਿਲੋ ਅਣਪਚਿਆ ਮਾਲ ਬਾਕੀ ਪਿਆ ਸੀ। ਇਸ ਹਥਣੀ ਦਾ ਭਾਰ 3150 ਕਿਲੋ ਤੋਂ ਵੀ ਵੱਧ ਸੀ। ਉਸਦੀ ਕੁੱਖ ਵਿਚ ਪੂਰਾ ਬੱਚਾ ਵੀ ਬਣਿਆ ਪਿਆ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਹਾਥੀ ਦੀ ਖਾਧੀ ਖ਼ੁਰਾਕ ਉਸਦੇ ਭਾਰ ਦੇ ਪੰਜਵੇਂ ਹਿੱਸੇ ਤੋਂ ਵੀ ਵੱਧ ਹੋ ਸਕਦੀ ਹੈ।

ਇਕ ਵਾਰੀ ਵਿਚ ਹਾਥੀ 55 ਤੋ 81 ਲਿਟਰ ਤੱਕ ਪਾਣੀ ਪੀ ਜਾਂਦਾ ਹੈ। ਇਕ ਦਿਨ ਵਿਚ ਉਹ ਕੁੱਲ 225 ਲਿਟਰ ਪਾਣੀ ਪੀਂਦਾ ਹੈ। ਹਾਥੀਆਂ ਨੂੰ ਦਿਨ ਵਿਚ ਦੋ ਜਾ ਤਿੰਨ ਵਾਰ ਪਾਣੀ ਪਿਆਇਆ ਜਾਦਾ ਹੈ।

## ਹਾਥੀ ਜੋ ਕਾਬੂ ਹੀ ਰਹਿਣਾ ਚਾਹੁੰਦੇ ਹਨ

ਹਾਥੀਆਂ ਦੇ ਦੌੜ ਜਾਣ ਅਤੇ ਫ਼ਿਰ ਆਪੇ ਹੀ ਵਾਪਸ ਕਾਬੂ ਵਾਲੇ ਟਿਕਾਣੇ ਆ ਜਾਣ ਦੀਆਂ ਬਹੁਤ ਕਹਾਣੀਆ ਹਨ। 1934 ਵਿਚ ਭੋਲੋਭੱਦਰ ਸੈਕੀਆ ਨੇ ਇਕ ਤਾਜ਼ਾ ਫੜਿਆ ਹਾਥੀ ਖਰੀਦਿਆ ਜੋ ਉਸ ਵੇਲੇ 2 ਮੀਟਰ ਉੱਚਾ ਸੀ। ਕੁਝ ਸਾਲਾ ਵਿਚ ਉਹ ਵੱਡਾ ਵੀ ਹੋ ਗਿਆ ਅਤੇ ਪੂਰੀ ਤਰ੍ਹਾਂ ਸਿਧਾਇਆ ਵੀ ਗਿਆ। ਇਕ ਹਥਣੀ ਨਾਲ ਉਸਨੂੰ ਜੰਗਲੀ ਹਾਥੀ ਫੜਨ ਦੇ ਕੰਮ 'ਤੇ ਲਾਇਆ ਗਿਆ। ਉਸਦੇ ਸਿਰ 'ਤੇ ਸੰਘਣੇ ਵਾਲ ਸਨ ਅਤੇ ਸੁੰਡ ਤੇ ਇਕ ਡੂੰਘ ਸੀ। ਇਹ ਡੂੰਘ ਇੰਨ੍ਹਾ ਅੰਦਰ ਤੱਕ ਸੀ ਕਿ ਜਦੋਂ ਉਹ ਪਾਣੀ ਪੀਂਦਾ ਤਾਂ ਇਸ ਵਿਚੋਂ ਕੁਝ ਪਾਣੀ ਬਾਹਰ ਨੂੰ ਆ ਜਾਂਦਾ। ਇਕ ਸਵੇਰ, ਘਰੋਂ ਕੋਈ 120 ਕਿਲੋਮੀਟਰ ਦੂਰ ਜਦੋਂ ਦੋਵੇਂ ਮੇਲਾ ਸ਼ਿਕਾਰ ਤੇ ਸਨ, ਸਵਾਰ ਨੇ ਇਕ ਤਕੜੇ ਹਾਥੀ ਦੇ ਸਿਰ ਵੱਲ ਫੰਦਾ ਸੁੱਟਿਆ। ਉਸ ਹਾਥੀ ਨੇ ਬੜਾ ਵਿਰੋਧ ਕੀਤਾ ਅਤੇ ਲੜਾਈ ਦੇ ਸਿੱਟੇ ਵਜੋਂ ਮਹਾਵਤ ਅਤੇ ਸਵਾਰ ਦੋਵੇਂ ਹੀ ਹੇਠਾਂ ਡਿੱਗ ਪਏ। ਜੰਗਲੀ ਹਾਥੀ ਫੰਦੇ ਸਮੇਤ ਦੌੜ ਪਿਆ, ਪਰ ਇਹ

ਫੰਦਾ ਦੂਜੇ ਹਾਥੀ ਨਾਲ ਵੀ ਬੱਝਾ ਹੋਇਆ ਸੀ। ਉਹਨਾਂ ਨੂੰ ਰੋਕਿਆ ਨਹੀਂ ਸੀ ਜਾ ਸਕਦਾ। ਪਾਲਤੂ ਹਾਥੀ ਗੁਆਚ ਗਿਆ।

ਪਰ ਉਹ ਬਿਲਕੁਲ ਹੀ ਨਹੀਂ ਸੀ ਗੁਆਚਾ। ਕੋਈ ਨੌਂ ਮਹੀਨੇ ਪਿਛੋਂ ਹੀ ਸਭ ਨੂੰ ਹੈਰਾਨ ਕਰਦਾ ਉਹ ਵਾਪਸ ਆ ਗਿਆ। ਰੱਸਾ ਅਜੇ ਵੀ ਉਸ ਦੁਆਲੇ ਬੱਝਾ ਹੋਇਆ ਸੀ ਅਤੇ ਇਸ ਨਾਲ ਕਾਫ਼ੀ ਡੂੰਘਾ ਜ਼ਖ਼ਮ ਵੀ ਹੋ ਚੁੱਕਾ ਸੀ। ਇਹ ਜ਼ਖ਼ਮ ਤਾਂ ਹੁਣ ਬਹੁਤ ਹੀ ਦੁਖਦਾ ਪਿਆ ਸੀ। ਜੋ ਹੋਇਆ ਉਹ ਇਹ ਸੀ ਕਿ ਜਦੋ ਤੱਕ ਰੱਸੇ ਟੁਟੇ ਨਹੀਂ ਦੋਵੇਂ ਹਾਥੀ ਇਕੱਠੇ ਰਹੇ। ਜਦੋਂ ਰੱਸੇ ਟੁੱਟੇ, ਜਿਸ ਪਾਲਤੂ ਹਾਥੀ ਨੇ ਵਾਪਸ ਗ਼ੁਲਾਮੀ ਵਿਚ ਆਉਣਾ ਠੀਕ ਸਮਝਿਆ ਅਤੇ ਉਹ ਪਿੰਡਾਂ ਅਤੇ ਫ਼ਸਲਾਂ ਵਿਚੋਂ ਲੰਘਦਾ 128 ਕਿਲੋਮੀਟਰ ਪੈਂਡਾ ਤੈਅ ਕਰਕੇ ਵਾਪਸ ਪੁੱਜ ਗਿਆ। ਸ਼ਾਇਦ ਉਹ ਉਸ ਰੱਸੇ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ ਜੋ ਉਸਨੂੰ ਤੰਗ ਕਰ ਰਿਹਾ ਸੀ। ਉਸਨੂੰ ਇਹ ਵੀ ਪਤਾ ਸੀ ਕਿ ਉਸਦੇ ਪਾਲਕ ਹੀ ਇਸ ਤੋਂ ਛੁਟਕਾਰਾ ਦਿਵਾ ਸਕਦੇ ਸਨ। ਜਾਂ ਇਹ ਹੋ ਸਕਦਾ ਹੇ ਕਿ ਉਹ ਉਸ ਥਾਂ ਨੂੰ ਨਹੀਂ ਸੀ ਛੱਡਣਾ ਚਾਹੁੰਦਾ ਜਿਥੇ ਉਹ ਪਿਛਲੇ ਪੰਦਰਾਂ ਸਾਲ ਰਹਿੰਦਾ ਰਿਹਾ ਸੀ।

ਗੌਰੀਪੁਰ ਦੇ ਕੁਮਾਰ ਦਾ ਇਕ ਹਾਥੀ ਪੰਜ ਸਾਲ ਗੁਆਚਾ ਰਹਿਣ ਪਿਛੋਂ ਆਪਣੇ ਆਪ ਹੀ ਵਾਪਸ ਆਣ ਪੁੱਜਾ। ਜਦੋ 1952 ਵਿਚ ਉਸਨੂੰ ਫੜਿਆ ਗਿਆ ਸੀ ਤਾਂ ਉਦੋਂ ਉਹ 15 ਸਾਲ ਦਾ ਸੀ। 1942 ਵਿਚ ਜਦੋਂ ਉਸਨੂੰ ਜੰਗਲੀ ਹਾਥੀ ਫੜਨ ਦੇ ਕੰਮ ਤੇ ਲਾਇਆ ਗਿਆ ਤਾਂ ਉਹ ਦੌੜ ਗਿਆ ਸੀ। ਉਸਨੂੰ ਗੁਆਚਾ ਸਮਝ ਲਿਆ ਗਿਆ ਸੀ। ਇਸ ਕਰਕੇ ਉਸਦੇ ਲਾਲਚੀ ਮਾਲਕ ਲਈ ਉਸਦਾ ਵਾਪਸ ਆਉਣਾ ਹੈਰਾਨੀ ਭਰੀ ਖ਼ੁਸ਼ੀ ਵਾਲਾ ਸੀ। ਉਹ ਵੀ ਪੰਜ ਸਾਲ ਪਿਛੋਂ। ਵਾਪਸ ਆਉਣ ਲਈ ਉਸਨੂੰ ਖੇਤਾ ਅਤੇ ਖੁਲ੍ਹੇ ਮੈਦਾਨਾਂ ਵਿਚ 25 ਕਿਲੋਮੀਟਰ ਤੁਰਨਾ ਪਿਆ ਸੀ। ਉਸਦੇ ਦੰਦ ਬਹੁਤ ਲੰਮੇ ਹੋ ਚੁੱਕੇ ਸਨ। ਉਸੇ ਵੇਲੇ ਹੀ ਉਸਨੂੰ ਹਾਥੀਆਂ ਦੇ ਸਿਧਾਉਣ ਦੇ ਕੰਮ ਤੇ ਲਾ ਦਿੱਤਾ ਗਿਆ। ਬਹੁਤ ਛੇਤੀ ਇਸ ਗੱਲ ਦਾ ਵੀ ਪਤਾ ਲੱਗ ਗਿਆ ਕਿ ਉਸਨੂੰ ਕੁਝ ਵੀ ਭੁੱਲਿਆ ਨਹੀਂ ਸੀ।

ਆਸਾਮ ਦੇ ਜੰਗਲਾਤ ਵਿਭਾਗ ਦੇ ਭਗੌੜੇ ਹਾਥੀਆ ਦੇ ਆਪਣੇ ਆਪ ਵਾਪਸ ਪਰਤਣ ਦੀਆਂ ਦੇ ਉਦਾਹਰਣਾਂ ਹਨ। ਉਨ੍ਹਾਂ ਵਿਚੋਂ ਇਕ ਵਣ-ਪਾਲ ਕੋਲ ਸੀ ਜੋ ਉੱਤਰੀ-ਮੰਡਲ ਦਾ ਸਰਦੀਆਂ ਦਾ ਦੌਰਾ ਕਰ ਰਿਹਾ ਸੀ। ਇਕ ਦਿਨ ਹਾਥੀ ਦੇ ਪਿੰਡੇ ਤੇ ਸੋਢੇ ਦੀਆਂ ਬੋਤਲਾਂ ਦਾ ਇਕ ਡਾਲਾ ਫ਼ੱਟ ਗਿਆ। ਇਸ ਨਾਲ ਹਾਥੀ ਇੰਨਾ ਤ੍ਰਹਿ ਗਿਆ ਕਿ ਉਹ ਮਹਾਵਤ ਨੂੰ ਸੁੱਟ ਕੇ ਜੰਗਲ ਵੱਲ ਭੱਜ ਗਿਆ। ਉਸ ਵੇਲੇ ਉਸ ਉਤੇ ਇਕ ਤਾਜ਼ਾ ਮਾਰਿਆ ਹਿਰਨ ਅਤੇ ਦਿਨ ਦੀ ਰੋਟੀ ਵੀ ਲੱਦੀ ਹੋਈ ਸੀ। ਤੁਸੀਂ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਕਈ ਮਹੀਨੇ ਪਿਛੋਂ, ਇਕ ਸਵੇਰ ਨੂੰ ਉਹ ਆਪਣੇ ਕਿੱਲੇ ਤੇ ਖੜ੍ਹਾ ਸੀ ਅਤੇ ਰੋਟੀਆਂ ਵਾਲੀ ਟੋਕਰੀ ਅਜੇ ਵੀ ਉਸ ਦੇ ਉਤੇ ਹੀ ਸੀ।

ਜੰਗਲਾਤ ਵਿਭਾਗ ਦੀ ਇਕ ਹਥਣੀ ਸੁੰਦਰਬਾਲ ਘੜੀ ਮੁੜੀ ਘਰੋਂ ਭੱਜ ਜਾਣ ਦੀ ਆਦੀ ਹੋ ਗਈ। ਜਦੋਂ ਵੀ ਉਸਨੂੰ ਮੁੜ ਫ਼ੜਿਆ ਜਾਦਾ ਉਸ ਕੋਲ ਜੰਗਲੀ ਹਾਥੀ ਦੁਆਰਾ ਪੈਦਾ ਕੀਤਾ ਬੱਚਾ ਹੁੰਦਾ। ਉਹ ਕਦੇ ਵੀ ਜੰਗੀ ਸੱਦੇ ਦਾ ਵਿਰੋਧ

ਨਾ ਕਰਦੀ ਅਤੇ ਪਹਿਲੇ ਮੌਕੇ ਹੀ ਖਿਸਕ ਜਾਂਦੀ। ਉਹ ਤੀਜੀ ਵਾਰੀ ਉਦੋਂ ਭੱਜੀ ਜਦੋਂ ਉਹ ਸਟਰੇਸੀ ਦੇ ਕਬਜ਼ੇ ਵਿਚ ਸੀ। ਪੜਤਾਲ ਪਿਛੋਂ ਪਤਾ ਲੱਗਾ ਕਿ ਉਹਦਾ ਸੰਗਲ ਮਾੜਾ ਸੀ ਅਤੇ ਮਹਾਵਤ ਨੇ ਇਸ ਗੱਲ ਬਾਰੇ ਰੇਂਜ ਅਧਿਕਾਰੀ ਨੂੰ ਦੱਸਿਆ ਨਹੀਂ ਸੀ।

ਕਈ ਦਿਨ ਗੁਆਚੀ ਹਥਣੀ ਦੀ ਭਾਲ ਹੁੰਦੀ ਰਹੀ। ਇਸ ਰੱਖ ਵਿਚ ਬੜੇ ਹੀ ਜੰਗਲੀ ਹਾਥੀ ਸਨ ਅਤੇ ਉਸ ਹਥਣੀ ਨੂੰ ਪਛਾਣਨਾ ਬੇੜ੍ਹਾ ਔਖਾ ਸੀ। ਇਹ ਗੱਲ 1933 ਦੀ ਹੈ। ਫਿਰ 14 ਸਾਲ ਪਿਛੋਂ 1947 ਵਿਚ ਉਹ ਇਕ ਮੇਲੇ ਸ਼ਿਕਾਰ ਵਿਚ ਫੜੀ ਗਈ। ਮੇਲਾ ਸ਼ਿਕਾਰ ਵਿਚ ਸਿਧਾਏ ਹੋਏ ਹਾਥੀਆਂ ਨੇ ਦੋ ਬੱਚਿਆ ਵਾਲੀ ਇਕ ਹਥਣੀ ਘੇਰ ਲਈ। ਛੋਟਾ ਬੱਚਾ ਅਜੇ ਦੁੱਧ ਚੁੰਘਣਾ ਸੀ। ਹਥਣੀ., ਡਰੀ ਨਾ, ਇਸ ਤੇ ਬੰਦੇ ਭੰਬਲਭੂਸੇ ਵਿਚ ਪੈ ਗਏ। ਇਕ ਫਾਦੀ ਨੂੰ ਲੱਗਾ ਕਿ ਹੋ ਸਕਦਾ ਹੈ ਕਿ ਇਹ ਉਹੀ ਗੁਆਚੀ ਹਥਣੀ ਹੋਵੇ। ਉਸਨੇ ਬੈਠ ਜਾ, ਬੈਠ ਜਾ ਕਿਹਾ ਤਾਂ ਉਸਨੂੰ ਹੈਰਾਨ ਕਰਦੀ ਉਹ ਬੈਠ ਗਈ। ਉਹ ਅਜੇ ਇਹਨਾਂ ਹੁਕਮੀ ਸ਼ਬਦਾ ਨੂੰ ਭੁੱਲੀ ਨਹੀਂ ਸੀ। ਇਕ ਸ਼ਿਕਾਰੀ ਆਪਣੇ ਹਾਥੀ ਤੋਂ ਹੇਠਾਂ ਉਤਰਿਆ, ਦੌੜ ਕੇ ਉਸਨੇ ਉਸਦਾ ਕੰਨ ਫੜਿਆ ਅਤੇ ਉਸਦੀ ਧੌਣ ਤੇ ਚੜ੍ਹ ਬੈਠਾ। ਇਕ ਬੱਚਾ ਦੌੜ ਗਿਆ ਪਰ ਦੁੱਧ ਚੁੰਘਣ ਵਾਲਾ ਡੀਪੂ ਵੱਲ ਲੈ ਜਾਈ ਜਾ ਰਹੀ ਮਾਂ ਦੇ ਪਿਛੇ ਪਿਛੇ ਤੁਰ ਪਿਆ। ਭੱਜੀ ਹੋਈ ਹਥਣੀ ਦੇ ਵਾਪਸ ਆ ਜਾਣ ਤੇ ਡੀਪੂ ਵਿਚ ਖੁਸ਼ੀਆਂ ਹੋ ਗਈਆਂ। ਕਈਆਂ ਨੇ ਉਸਨੂੰ ਮੂਰਖ ਅਤੇ ਡਰਾਕਲ ਆਖਿਆ ਅਤੇ ਕਈਆ ਨੇ ਸ਼ਿਕਾਰੀ ਦੀ ਪ੍ਰਸੰਸਾ ਕੀਤੀ। ਉਸਦੀ ਵੇਰਵੇ ਵਾਲੀ ਪੁਸਤਕ ਵਿਚੋਂ ਜਦੋਂ ਉਸ ਬਾਰੇ ਪਤਾ ਕੀਤਾ ਗਿਆ ਤਾਂ ਛੇਤੀ ਹੀ ਇਹ ਸਿੱਟਾ ਨਿਕਲਿਆ ਕਿ ਇਹ ਹੋਰ ਕੋਈ ਨਹੀ ਸਗੋ ਸੁੰਦਰਬਾਲਾ ਹੀ ਹੈ। ਇਸ ਬੱਚੇ ਦਾ ਨਾਂ ਰੂਪਾ ਹੀ ਰੱਖਿਆ ਗਿਆ ਅਤੇ 1951 ਵਿਚ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵਲੋ ਇਹ ਜਪਾਨ ਦੀ ਸਰਕਾਰ ਨੂੰ ਤੋਹਫੇ ਵਜੋਂ ਭੇਜਿਆ ਗਿਆ। ਪਾਂਧੀ ਦੇ ਵਿਛੜਨ ਦਾ ਸਮਾਂ ਬੜਾ ਹੀ ਭਾਵਕ ਸੀ। ਇਕ ਹੋਰ ਹਥਣੀ ਭੱਜਣ ਤੋਂ 12 ਸਾਲ ਪਿਛੋਂ ਫੜੀ ਗਈ। ਉਹ 48 ਹਾਥੀਆਂ ਦੇ ਝੁੰਡ ਵਿਚ ਫਿਰ ਰਹੀ ਸੀ ਅਤੇ ਉਸਦੇ ਨਾਲ ਤਿੰਨ ਬੱਚੇ ਸਨ। ਪੈਰਾ ਤੇ ਸੰਗਲਾਂ ਦੇ ਨਿਸ਼ਾਨਾਂ ਤੋਂ ਉਸਦੀ ਪਛਾਣ ਹੋਈ। ਜਦੋਂ ਉਸਨੂੰ ਬੈਠ ਜਾਣ ਲਈ ਕਿਹਾ ਗਿਆ ਤਾਂ ਉਹ ਝੱਟ ਮੰਨ ਗਈ।

ਤਿੰਨ ਸਾਲ ਪਹਿਲਾਂ ਫੜੀ ਅਤੇ ਸਿਧਾਈ ਹੋਈ ਹਥਣੀ ਇਕ ਘੇਰੇ ਸਮੇਂ ਤ੍ਰਹਿ ਕੇ ਭੱਜ ਗਈ। ਇਸ ਘੇਰੇ ਵਿਚ ਇਕ ਬੱਚਾ ਅਤੇ ਵੀਹ ਹਾਥੀ ਕਾਬੂ ਆ ਗਏ। ਉਹ ਇੰਨੀ ਅਗਿਆਕਾਰ ਸੀ ਕਿ ਤਿੰਨ ਦਿਨਾਂ ਦੇ ਅੰਦਰ ਅੰਦਰ ਹੀ ਉਸਨੂੰ ਜੰਗਲੀ ਹਾਥੀ ਫੜਨ ਦੇ ਕੰਮ 'ਤੇ ਲਾ ਦਿੱਤਾ ਗਿਆ।

ਆਸਾਮ ਵਿਚ, ਭਗੌੜੇ ਹਾਥੀਆਂ ਦੇ ਝੁੰਡ ਫੜੇ ਜਾਣ ਕੋਈ ਅਚੰਭਾ ਨਹੀਂ। ਜਦੋਂ ਇਹੋ ਜਿਹਾ ਕੋਈ ਜਾਨਵਰ ਫੜਿਆ ਜਾਂਦਾ ਹੈ ਤਾਂ ਜੰਗਲਾਤ ਵਿਭਾਗ ਲਈ ਇਸਦੇ ਮਾਲਕ ਨੂੰ ਲੱਭਣਾ ਔਖਾ ਹੋ ਜਾਂਦਾ ਹੈ। ਪੰਜਾਹ ਸਾਲ ਪਹਿਲਾਂ ਕਿਸੇ ਕਚਹਿਰੀ ਵਿਚ ਫ਼ੈਸਲਾ ਹੋਇਆ ਕਿ ਕਾਬੂ ਕੀਤਾ ਜਾਨਵਰ ਕਾਬੂ ਕਰਨ ਵਾਲੇ ਦੀ ਹੀ ਮਾਲਕੀ

ਹੋਵੇਗਾ। ਜੱਜ ਨੇ ਇਕ ਯੂਨਾਨੀ ਕਹਾਣੀ ਦੱਸੀ ਜਿਸ ਅਨੁਸਾਰ ਜੰਗਲੀ ਜਾਨਵਰ, ਪੰਛੀ ਅਤੇ ਮੱਛੀਆਂ ਫੜੇ ਜਾਣ ਪਿਛੋਂ ਫੜਨ ਵਾਲੇ ਦੀ ਮਾਲਕੀ ਹੁੰਦੀਆਂ ਹਨ ਕਿਉਂਕਿ ਫੜੇ ਜਾਣ ਤੋਂ ਪਹਿਲਾਂ ਉਹਨਾ ਦਾ ਕੋਈ ਮਾਲਕ ਨਹੀਂ ਹੁੰਦਾ। ਜਿਸਦਾ ਕਬਜ਼ਾ ਹੋਏ ਜਾਨਵਰ ਵੀ ਉਸੇ ਦੀ ਵੀ ਮਾਲਕੀ ਹੁੰਦਾ ਹੈ। ਜਦੋਂ ਇਹ ਜਾਨਵਰ ਦੌੜ ਜਾਵੇ ਅਤੇ ਖੁੱਲ੍ਹਾ ਫਿਰਨ ਲੱਗ ਪਵੇ ਤਾਂ ਫ਼ਿਰ ਇਹ ਕਿਸੇ ਦੀ ਮਾਲਕੀ ਨਹੀਂ ਰਹਿੰਦਾ। ਸਿੱਟੇ ਵਜੋਂ, ਜੇ ਕਿਤੇ ਅਜਿਹਾ ਜਾਨਵਰ ਮੁੜ ਕੇ ਫ਼ੜਿਆ ਜਾਵੇ, ਉਸਦੇ ਅਸਲੀ ਮਾਲਕ ਦਾ ਪਤਾ ਵੀ ਲੱਗ ਜਾਵੇ, ਤਾ ਵੀ ਇਹ ਜ਼ਰੂਰੀ ਨਹੀਂ ਕਿ ਇਹ ਉਸਨੂੰ ਵੀ ਵਾਪਸ ਦਿੱਤਾ ਜਾਵੇ। ਉਂਜ ਇਕ ਨਿਯਮ ਹੈ ਕਿ ਜੇਕਰ ਹਾਥੀ ਸਰਕਾਰੀ ਨਿਕਲ ਆਵੇ ਤਾਂ ਇਹ ਸਰਕਾਰ ਨੂੰ ਵਾਪਸ ਕਰ ਦੇਣਾ ਚਾਹੀਦਾ ਹੈ ਕਿਉਂਕਿ ਫੜਨ ਵਾਲੇ ਨੂੰ ਸਰਕਾਰ ਖ਼ਰਚਾ ਦਿੰਦੀ ਹੈ।

7

# ਹਾਥੀਆਂ ਦਾ ਵਣਜ ਵਪਾਰ

## ਚਿੱਟਾ ਹਾਥੀ

ਗੌਤਮ ਦੀ ਮਾਂ ਮਹਾਰਾਣੀ ਮਹਾਮਾਇਆ ਨੇ ਸੁਪਨੇ ਵਿਚ ਚਿੱਟੇ ਹਾਥੀ ਨੂੰ ਆਪਣੇ ਸਰੀਰ ਅੰਦਰ ਵੜਦਿਆਂ ਵੇਖਿਆਂ। ਸ਼ਾਹੀ ਜੋਤਸੀਆਂ ਨੇ ਇਸ ਬਾਰੇ ਇਹ ਕਿਹਾ ਕਿ ਜੋ ਬੱਚਾ ਮਹਾਰਾਣੀ ਜੰਮੇਗੀ ਉਹ ਜਾ ਤਾਂ ਬਹੁਤ ਵੱਡਾ ਸ਼ਹਿਨਸ਼ਾਹ ਹੋਵੇਗਾ ਜਾ ਫ਼ਿਰ ਪਹੁੰਚਿਆ ਹੋਇਆ ਸੰਤ ਹੋਵੇਗਾ। ਭਾਰਹੱਟ (ਦੂਜੀ ਸਦੀ ਬੀ ਸੀ) ਦੇ ਸਤੂਪ ਤੇ ਇਹ ਕਹਾਣੀ ਉੱਕਰੀ ਹੋਈ ਮਿਲਦੀ ਹੈ।



ਏਸ਼ੀਆ ਵਿਚ ਚਿੱਟੇ ਹਾਥੀ ਦੀ ਖ਼ਾਸ ਹੀ ਕਦਰ ਕੀਤੀ ਜਾਂਦੀ ਹੈ। ਹਿੰਦੂ ਸੋਚਦੇ ਹਨ ਕਿ ਇਹ ਇੰਦਰ ਦੇ ਪਹਾੜ ਇਰਾਵਤ ਦਾ ਰੂਪ ਹੈ। ਵਾਲਮੀਕ ਨੇ ਚਿੱਟੇ ਹਾਥੀ ਨੂੰ ਕੈਲਾਸ਼ ਪਰਬਤ ਵਾਂਗ, ਚਾਰ ਦੰਦਾਂ ਵਾਲਾ, ਗਹਿਣਿਆਂ ਨਾਲ ਸਿੰਗਾਰਿਆ ਅਤੇ ਮਧੁਰ ਆਵਾਜ਼ ਵਾਲੀਆਂ ਟੱਲੀਆਂ ਵਾਲਾ ਖ਼ਿਆਲ ਕੀਤਾ ਹੈ।

ਇਕ ਕਥਾ ਅਨੁਸਾਰ, ਬੋਧੀਸਤਵ ਅਤੇ ਅਵਤਾਰੀ ਰੂਪ ਵਿਚ ਵਿਸ਼ ਸ਼ਹਿਜ਼ਾਦਾ ਸੀ। ਉਹ ਹਿਮਾਲਾ ਜਿਹੇ ਉੱਚੇ ਚਿੱਟੇ ਹਾਥੀ 'ਤੇ ਸਵਾਰ ਸੀ, ਸਾਨਮੱਤਾ, ਮੱਥੇ ਤੋਂ ਮਾਦਾ ਵਹਿ ਰਿਹਾ, ਜੋ ਬੜਾ ਹੀ ਆਗਿਆਕਾਰ, ਤਕੜਾ ਅਤੇ ਹਲਕੇ ਪੈਰੀਂ ਚੱਲਣ ਵਾਲਾ ਸੀ। ਇਸ ਹਾਥੀ ਦਾ ਨਾਂ ਸੀ ਗੰਧਾਹਸਤੀ। ਰਾਜਕੁਮਾਰ ਸਾਰੇ ਸ਼ਹਿਰ ਵਿਚ ਅਤੇ ਸਖਾਵਤ ਵਾਲੀਆਂ ਥਾਂਵਾਂ ਤੇ ਇਸੇ ਦੀ ਹਾਥੀ ਤੇ ਜਾਇਆ ਕਰਦਾ ਸੀ। ਇਕ ਵਾਰ ਇਕ ਗਵਾਂਢੀ ਰਾਜੇ ਨੇ ਰਾਜਕੁਮਾਰ ਨੂੰ ਸਬਕ ਸਿਖਾਉਣ ਦੀ ਗੱਲ ਸੋਚੀ ਕਿਉਂਕਿ ਰਾਜਕੁਮਾਰ ਇਕ ਸਖ਼ੀ ਰਾਜੇ ਦੇ ਤੌਰ ਤੇ ਪ੍ਰਸਿੱਧ ਹੋ ਰਿਹਾ ਸੀ ਜਿਸ ਤੋਂ ਰਾਜੇ ਨੂੰ ਈਰਖਾ ਸੀ। ਵਿਸ਼ਵੰਤਰਾ ਤੋਂ ਹਾਥੀ ਮੰਗਣ ਵਾਸਤੇ ਉਸਨੇ ਕੁਝ ਬ੍ਰਾਹਮਣਾਂ ਨੂੰ ਭੇਜਿਆ। ਇਹ ਬ੍ਰਾਹਮਣ ਰਾਜਕੁਮਾਰ ਨੂੰ ਉੱਚੀ ਉੱਚੀ ਅਸੀਸਾਂ ਦਿੰਦੇ ਦੱਸਣ ਲੱਗੇ ਕਿ ਉਹਨਾ ਨੇ ਰਾਜਕੁਮਾਰ ਦੀ ਸਖ਼ਾਵਤ ਬਾਰੇ ਅਤੇ ਉਸਦੇ ਹਾਥੀ ਬਾਰੇ ਬਹੁਤ ਕੁਝ ਸੁਣਿਆ ਹੈ ਅਤੇ ਹੁਣ ਉਹ ਇਸ ਹਾਥੀ ਦਾ ਦਾਨ ਲੈਣ ਆਏ ਹਨ। ਭਾਵੇ ਰਾਜਕੁਮਾਰ ਨੂੰ ਇਹ ਪਤਾ ਲੱਗ ਗਿਆ ਕਿ ਬ੍ਰਾਹਮਣਾਂ ਨੂੰ ਇਸੇ ਕੰਮ ਲਈ ਭੇਜਿਆ ਗਿਆ ਹੈ ਅਤੇ ਭੇਜਿਆ ਵੀ ਉਸ ਰਾਜੇ ਨੇ ਹੈ ਜੋ ਇਸ ਤੋਂ ਈਰਖਾ ਕਰਦਾ ਸੀ ਤਾਂ ਵੀ ਉਹ ਝੱਟਪਟ ਹਾਥੀ ਤੋਂ ਉਤਰਿਆ, ਇਕ ਹੱਥ ਵਿਚ ਪਾਣੀ ਦੀ ਭਰੀ ਸੋਨੇ ਦੀ ਗੜਵੀ ਫੜਦਾ, ਦੂਜੇ ਹੱਥ ਨਲ ਹਾਥੀ ਦੇ ਸੁੰਡ ਨੂੰ ਪਲੋਸਦਾ ਉਹ ਬੜੀ ਹੀ ਨਿਮਰਤਾ ਨਾਲ ਬ੍ਰਾਹਮਣਾ ਸਾਹਮਣੇ ਖੜਾ ਹੋ ਗਆ। ਉਸਨੇ ਬ੍ਰਾਹਮਣਾ ਨੂੰ ਕਿਹਾ—ਕਿਰਪਾ ਕਰਕੇ ਇਹ ਭੇਟਾ ਪ੍ਰਵਾਨ ਕਰੋ, ਅਤੇ ਹਾਥੀ ਉਨ੍ਹਾ ਨੂੰ ਦੇ ਦਿੱਤਾ। ਪਰ ਜਨਤਾ ਨੇ ਇਹ ਗੱਲ ਨਾ ਮੰਨੀ। ਉਨ੍ਹਾ ਅਨੁਸਾਰ ਤਾਂ ਇਹ ਹਾਥੀ ਰਾਜ ਦੀ ਸ਼ਾਨ ਸੀ। ਗਾਵਾਂ, ਸੋਨਾ, ਅੰਨ, ਕੱਪੜਾ ਆਦਿ ਤਾ ਬ੍ਰਾਹਮਣਾਂ ਨੂੰ ਦਿੱਤਾ ਜਾ ਸਕਦਾ ਹੇ ਪਰ ਹਾਥੀ ਦਾਨ ਨਹੀ ਹੋ ਸਕਦਾ— ਉਹਨਾ ਦੀ ਇਹ ਰਾਇ ਸੀ। ਲੋਕਾ ਦਾ ਵਿਦਰੋਹ ਇੰਨਾ ਤਕੜਾ ਸੀ ਕਿ ਰਾਜਕੁਮਾਰ ਨੂੰ ਬਨਵਾਸ ਲੈਣਾ ਪਿਆ। ਭਾਰਹੱਟ ਦੇ ਇਕ ਪੱਥਰ 'ਤੇ ਇਹ ਕਹਾਣੀ ਉੱਕਰੀ ਪਈ ਹੈ।

ਚਿੱਟੇ ਚੀਤੇ ਅਤੇ ਚਿੱਟੇ ਬਾਜ਼ ਵਾਂਗ ਚਿੱਟਾ ਹਾਥੀ ਵੀ ਕੁਦਰਤ ਦਾ ਇਕ ਚਮਤਕਾਰ ਹੈ। ਚਿੱਟੇ ਹਾਥੀ ਤਾਂ ਬਹੁਤ ਹੀ ਦੁਰਲੱਭ ਹਨ। ਪ੍ਰਾਚੀਨ ਭਾਰਤ ਵਿਚ ਹਾਥੀ ਪਾਲਕ, ਚਿੱਟੇ ਹਾਥੀਆਂ ਵੱਲ ਵਿਸ਼ੇਸ ਧਿਆਨ ਦਿੰਦੇ ਸਨ। ਵਾਲਮੀਕ ਨੇ ਰਾਵਣ ਦੇ ਤਬੇਲੇ ਵਿਚਲੇ ਹਾਥੀਆ ਦੀ ਚਿੱਟੇ ਬੱਦਲਾ ਨਾਲ ਤੁਲਨਾ ਕੀਤੀ ਹੈ। ਦੱਖਣੀ ਵੀਅਤਨਾਮ ਵਿਚ ਬਗੇਬੂ ਓਟ ਨੇੜੇ 1961 ਵਿਚ ਕੇਂਦਰੀ ਇਲਾਕੇ ਵਿਚੋਂ ਇਕ ਚਿੱਟਾ ਹਾਥੀ ਫੜਿਆ ਗਿਆ ਸੀ। ਵੀਅਤਨਾਮ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਚਿੱਟਾ ਹਾਥੀ ਕਿਸੇ ਗੈਬੀ ਬਾਦਸਾਹ ਦਾ ਰੂਪ ਹੁੰਦਾ ਹੈ।

ਉੱਤਰੀ ਸਿਆਮ ਵਿਚ ਕਾਬੂ ਕੀਤੇ ਇਕ ਚਿੱਟੇ ਹਾਥੀ ਦੀ ਸ਼ਾਹੀ ਤਬੇਲੇ ਤੱਕ

ਪੁੱਜਣ ਦੀ ਕਹਾਣੀ ਬੜੀ ਰੋਚਕ ਹੈ। ਜੰਗਲ ਵਿਚ ਪਹਿਲਾਂ ਇਕ ਚੌੜੀ ਪੱਟੀ ਬਣਾਈ ਗਈ ਜਿਸ ਉਤੋਂ ਦੀ ਉਸਨੂੰ ਦਰਿਆ ਤੇ ਲੈ ਜਾਇਆ ਗਿਆ। ਇਥੇ ਇਕ ਬੇੜੀਆ ਦਾ ਤਰਦਾ ਘਰ ਉਸਦੀ ਉਡੀਕ ਕਰ ਰਿਹਾ ਸੀ। ਇਸ ਘਰ ਦੀ ਛੱਤ ਘਾਹਫੂਸ ਦੀ ਸੀ ਅਤੇ ਦੁਆਲੇ ਲਾਲ ਪਰਦੇ ਸਨ। ਸਫ਼ਰ ਲੰਮਾ ਅਤੇ ਥਕਾ ਦੇਣ ਵਾਲਾ ਸੀ। ਜਦੋਂ ਹਾਥੀ ਆਰਾਮ ਕਰਨਾ ਚਾਹੁੰਦਾ, ਗਾਇਕ ਅਤੇ ਨ੍ਰਿਤਕਾਰ ਉਸਦਾ ਮਨਪ੍ਰਚਾਵਾ ਕਰਦੇ। ਜਦੋਂ ਉਹ ਬੇੜੇ ਤੋਂ ਉਤਰਿਆ ਸੁਆਗਤ ਵਾਸਤੇ ਸੋਨੇ ਦੀਆ ਧਾਰੀਆਂ ਵਾਲੀ ਦਰੀ ਵਿਛਾਈ ਗਈ। ਇਤਰ ਵਾਲੇ ਪਾਣੀ ਨਾਲ ਓਸਨੂੰ ਨੁਹਾਇਆ ਗਿਆ। ਫ਼ਿਰ ਉਸਨੂੰ ਚੌਲਾ ਦੇ ਆਟੇ ਦੀਆ ਬਹੁਤ ਸਾਰੀਆਂ ਰੋਟੀਆਂ ਅਤੇ ਗੰਨੇ ਖਾਣ ਨੂੰ ਦਿੱਤੇ ਗਏ। ਰਾਜਾ, ਦਰਬਾਰੀ ਅਤੇ ਪਾਦਰੀ ਆਦਿ ਸਾਰੇ ਉਸਨੂੰ ਜੀ ਆਇਆਂ ਕਹਿਣ ਲਈ ਆਏ। ਬੈਂਕਾਕ ਪੁੱਜਣ ਤੇ ਉਸਨੂੰ ਸੱਜੇ-ਫੱਬੇ ਪੰਡਾਲ ਵਿਚ ਲੈ ਜਾਇਆ ਗਿਆ। ਤੇਲ ਝੱਸ ਕੇ ਸੋਨੇ ਦੀਆ ਜ਼ੰਜੀਰਾਂ ਨਾਲ ਉਸਨੂੰ ਸਜਾਇਆ ਗਿਆ। ਨੌਂ ਦਿਨ ਲੋਕ ਉਸਨੂੰ ਭੇਟਾਂ ਚੜ੍ਹਾਉਂਦੇ ਰਹੇ ਅਤੇ ਉਸਦੀ ਪੂਜਾ ਕਰਦੇ ਰਹੇ। ਪਿਛੋਂ, ਇਕ ਵੱਡੇ ਜਲੂਸ ਦੀ ਸਕਲ ਵਿਚ ਉਸਨੂੰ ਸ਼ਾਹੀ ਤਬੇਲੇ ਵਿਚ ਪਹੁੰਚਾਇਆ ਗਿਆ।

ਅਗਸਤ 1966 ਵਿਚ ਇਕ ਚਿੱਟਾ ਹਾਥੀ ਕਿਸੇ ਹਾਦਸੇ ਦਾ ਸ਼ਿਕਾਰ ਹੋ ਗਿਆ। ਥਾਈਲੈਂਡ ਦੀ ਸਰਕਾਰ ਵਲੋਂ ਤੋਹਫ਼ੇ ਦੇ ਤੌਰ ਤੇ ਇਸਨੂੰ ਅਮਰੀਕਾ ਦੇ ਪ੍ਰਧਾਨ ਜਾਹਨਸਨ ਪਾਸ ਲਿਜਾਇਆ ਜਾ ਰਿਹਾ ਸੀ। ਬੇੜੀ ਵਿਚ ਉਸਨੇ ਸੰਗਲ ਤੁੜਾ ਲਿਆ ਅਤੇ ਡਾਂਵਾਡੋਲ ਹੋਣ ਲੱਗਾ। ਸਿੱਟੇ ਵਜੋਂ ਬੇੜੀ ਡੁੱਬ ਗਈ।

ਕਦੇ ਕਦੇ ਬਰਮਾ ਦੇ ਜੰਗਲਾ ਵਿਚੋ ਵੀ ਚਿੱਟੇ ਹਾਥੀ ਲੱਭ ਪੈਂਦੇ ਹਨ। ਇਥੇ ਵੀ ਪਹਿਲਾਂ ਪਹਿਲਾਂ ਥਾਈਲੈਂਡ ਵਰਗੀ ਹੀ ਉਨ੍ਹਾਂ ਦੀ ਆਓ ਭਗਤ ਹੁੰਦੀ ਸੀ। ਰਾਜਕੁਮਾਰ ਅਤੇ ਦਰਬਾਰੀ ਸੁਆਗਤ ਕਰਦੇ ਸਨ। ਇਨ੍ਹਾਂ ਨੂੰ ਲਾਲ ਰੇਸ਼ਮੀ ਡੋਰੀਆ ਨਾਲ ਕਿੱਲਿਆ ਤੇ ਬੱਧਾ ਹੋਇਆ ਸੀ। ਚਾਦੀ ਅਤੇ ਸੋਨੇ ਦੀਆਂ ਬਾਲਟੀਆਂ ਵਿਚ ਇਹਨਾਂ ਨੂੰ ਖੁਆਇਆ ਜਾਦਾ ਸੀ।

ਕਈ ਜਾਤਕ ਕਹਾਣੀਆਂ ਵਿਚ ਚਿੱਟੇ ਹਾਥੀਆ ਦਾ ਜ਼ਿਕਰ ਆਉਂਦਾ ਹੈ। ਸਾਂਚੀ ਅਤੇ ਭਾਰਹੱਟ ਦੇ ਪੱਥਰਾਂ ਤੇ ਓੱਕਰੀਆਂ ਕਹਾਣੀਆਂ ਵਿਚ ਵੀ ਹਾਥੀ ਦਰਸਾਏ ਗਏ ਹਨ। ਅਜੰਤਾ ਵਿਖੇ ਇਕ ਚਿੱਤਰ ਵਿਚ ਸਾਧਾਰਣ ਰੰਗ ਦੀ ਇਕ ਹਥਣੀ ਨਾਲ ਚਿੱਟੇ ਰੰਗ ਦੇ ਦੋ ਬੱਚੇ ਵਿਖਾਏ ਗਏ ਹਨ। ਇਕ ਹੋਰ ਗੁਫ਼ਾ ਵਿਚ ਛੇ ਦੰਦਾ ਵਾਲਾ ਹਾਥੀ ਹੈ ਜਿਸ ਕੋਲ ਇਕ ਚਿੱਟੇ ਰੰਗ ਦਾ ਬੱਚਾ ਹੈ। ਇਕ ਬੋਧੀਸਤਵ ਕਹਾਣੀ ਵਿਚ ਮਾਂ ਪੁੱਤ ਦੇ ਪਿਆਰ ਨੂੰ ਚਿੱਟੇ ਹਾਥੀ ਦੀ ਕਹਾਣੀ ਰਾਹੀਂ ਦਰਸਾਇਆ ਗਿਆ ਹੈ। ਕਹਾਣੀ ਇੰਜ ਹੈ :

> ਜਦੋਂ ਬਨਾਰਸ ਤੇ ਰਾਜਾ ਬ੍ਰਹਮਦੱਤ ਦਾ ਰਾਜ ਸੀ, ਹਿਮਾਲੀਆ ਪਰਬਤ ਉਤੇ ਚਿੱਟੇ ਹਾਥੀ ਦੇ ਰੂਪ ਵਿਚ ਬੋਧੀਸਤਵ ਦਾ ਜਨਮ ਹੋਇਆ। ਉਸਦੀ ਮਾ ਅੰਨ੍ਹੀ ਸੀ। ਇਕ ਵਾਰ ਉਸਨੇ ਜੰਗਲ ਵਿਚ ਗੁਆਚੇ ਆਦਮੀ ਨੂੰ ਬਚਾਇਆ ਸੀ। ਆਪਣੀ ਪਿੱਠ 'ਤੇ ਚੜ੍ਹਾ ਕੇ ਉਹ ਉਸਨੂੰ ਜੰਗਲ ਤੇ ਬਾਹਰ ਛੱਡ ਆਇਆ ਸੀ। ਇਸ ਸਮੇਂ ਹੀ ਰਾਜੇ ਦਾ ਇਕ ਹਾਥੀ ਚੱਲ

ਵਸਿਆ। ਉਹ ਉਸਦੀ ਥਾ ਹੋਰ ਹਾਥੀ ਚਾਹੁੰਦਾ ਸੀ। ਜਿਸ ਬੰਦੇ ਨੂੰ ਬੋਧੀਸਤਵ ਨੇ ਬਚਾਇਆ ਸੀ, ਉਸਨੇ ਰਾਜੇ ਨੂੰ ਹਾਥੀ ਬਾਰੇ ਦੱਸਿਆ ਅਤੇ ਹਾਥੀ ਨੂੰ ਫੜਨ ਲਈ ਬੰਦੇ ਭੇਜੇ ਗਏ। ਬੋਧੀਸਤਵ ਨੇ ਫੜੇ ਜਾਣ ਦੀ ਆਗਿਆ ਦੇ ਦਿੱਤੀ। ਉਸਨੂੰ ਸ਼ਾਹੀ ਤਬੇਲੇ ਵਿਚ ਲਿਆਂਦਾ ਗਿਆ। ਉਸਨੂੰ ਖਾਣ ਨੂੰ ਦਿੱਤਾ ਪਰ ਉਸਨੇ ਇਹ ਕਹਿੰਦਿਆਂ ਨਾਹ ਕਰ ਦਿੱਤੀ ਕਿ ਮੈਂ ਮਾਂ ਤੋਂ ਵੱਖ ਹੋ ਕੇ ਕੁਝ ਨਹੀਂ ਖਾਵਾਂਗਾ। ਜਦੋਂ ਰਾਜੇ ਨੂੰ ਬੋਧੀਸਤਵ ਦੀ ਅੰਨ੍ਹੀ ਅਤੇ ਮਜ਼ਬੂਰ ਮਾਂ ਬਾਰੇ ਪਤਾ ਲੱਗਾ, ਉਸਦਾ ਮਨ ਭਰ ਆਇਆ। ਉਸਨੇ ਬੋਧੀਸਤਵ ਨੂੰ ਛੱਡ ਦੇਣ ਦਾ ਹੁਕਮ ਦੇ ਦਿੱਤਾ।

ਚਿੱਟਾ ਹਾਥੀ ਵੀ ਬਿਲਕੁਲ ਹੀ ਚਿੱਟਾ ਨਹੀਂ ਹੁੰਦਾ। ਆਮ ਕਰਕੇ ਇਸਦਾ ਰੰਗ ਗੁਲਾਬੀ ਭਾਅ ਮਾਰਦਾ ਹੁੰਦਾ ਹੈ। ਲੰਡਨ ਦੇ ਚਿੜੀਆਘਰ ਵਿਚ ਇਕ ਵਾਰ ਇਕ ਇਹੋ ਜਿਹਾ ਹਾਥੀ ਲਿਆਂਦਾ ਗਿਆ ਸੀ। ਇਹ 1926 ਦੀ ਗੱਲ ਹੈ। ਉਸਨੂੰ ਬਰਮਾ ਦੇ ਜੰਗਲਾ ਵਿਚੋਂ ਫੜਿਆ ਗਿਆ ਸੀ। ਮੁਗਲਾਂ ਦੇ ਸਮੇਂ ਵੀ ਚਿੱਟੇ ਹਾਥੀ ਦਾ ਜ਼ਿਕਰ ਆਉਂਦਾ ਹੈ। ਰਾਜਾ ਮਾਨ ਸਿੰਘ ਨੇ ਅਕਬਰ ਨਾਲ ਇਕਰਾਰ ਕੀਤਾ ਸੀ ਕਿ ਉਹ ਆਰਕਾਨ ਦੇ ਰਾਜੇ ਨੂੰ ਦਬਾ ਕੇ ਆਪਣਾ ਚਿੱਟਾ ਹਾਥੀ ਅਕਬਰ ਨੂੰ ਲਿਆ ਦੇਵੇਗਾ।

ਕਿਉਂਕਿ ਚਿੱਟੇ ਹਾਥੀ ਨੂੰ ਪਵਿੱਤਰ ਪਸ਼ੂ ਸਮਝਿਆ ਜਾਂਦਾ ਸੀ, ਇਸ ਕਰਕੇ ਇਸ 'ਤੇ ਸਵਾਰੀ ਨਹੀਂ ਸੀ ਕੀਤੀ ਜਾਂਦੀ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਜਿਸ ਦੇਸ ਵਿਚ ਚਿੱਟੇ ਹਾਥੀ ਹੋਣ ਉਥੇ ਮੀਹ, ਖੁਸ਼ਹਾਲੀ ਅਤੇ ਅਮੀਰੀ ਦੀ ਥੁੜ ਨਹੀ ਰਹਿੰਦੀ। ਬਾਦਸ਼ਾਹ ਵੀ ਇਸ ਦੀ ਪ੍ਰਾਪਤੀ ਲਈ ਉਤਸੁਕ ਹੁੰਦੇ ਸਨ। ਕਿਉਂਕਿ ਚਿੱਟੇ ਹਾਥੀ ਤੋਂ ਕੰਮ ਨਹੀਂ ਸੀ ਲਿਆ ਜਾਦਾ ਜਿਸ ਕਰਕੇ ਇਸ ਨੂੰ ਰੱਖਣਾ ਬੜਾ ਵੱਡਾ ਬੋਝ ਸੀ। ਇਸੇ ਕਰਕੇ ਹੀ ਕਿਸੇ ਨਿਕੰਮੀ ਚੀਜ਼ ਜਾਂ ਸੰਸਥਾ ਨੂੰ ਚਿੱਟੇ ਹਾਥੀ ਕਿਹਾ ਜਾਦਾ ਹੈ।

## ਹਾਥੀਆਂ ਦੀ ਆਬਾਦੀ ਉਤੇ ਨਿਯੰਤਰਣ

ਡਾਗਲਸ ਹੈਮਿਲਟਨ ਅਨੁਸਾਰ 1979 ਵਿਚ ਅਫਰੀਕਾ ਦੇ 35 ਪ੍ਰਾਂਤਾਂ ਵਿਚ ਹਾਥੀਆਂ ਦੀ ਗਿਣਤੀ, 1,34,3,340 ਸੀ। 1962 ਵਿਚ ਕੀਨੀਆਂ ਦੀਆ ਰੱਖਾਂ ਵਿਚ 11000 ਹਾਥੀ ਸਨ। ਸਰਕਾਰ ਨੇ ਹਿਸਾਬ ਲਾਇਆ ਕਿ ਜਿੰਨੇ ਹਾਥੀ ਸੌਖੀ ਤਰ੍ਹਾ ਜੰਗਲ ਵਿਚ ਰਹਿ ਸਕਦੇ ਹਨ, ਇਹ ਗਿਣਤੀ ਉਹਨਾਂ ਤੋਂ ਦੁੱਗਣੀ ਹੈ। ਇਸ ਕਰਕੇ ਇਹ ਪ੍ਰਸਤਾਵਿਤ ਕੀਤਾ ਗਿਆ ਕਿ 5000 ਹਾਥੀਆਂ ਨੂੰ ਗੋਲੀ ਮਾਰ ਦਿੱਤੀ ਜਾਵੇ।

ਅਖ਼ਬਾਰਾ ਦੀਆਂ ਰਿਪੋਰਟਾਂ ਅਨੁਸਾਰ ਮਾਰਚ 1995 ਦੌਰਾਨ ਜਿੰਬਾਬਵੇ ਦੇ ਕੌਮੀ ਪਾਰਕ ਵਿਚ ਸੱਤਰ ਤੋਂ ਅੱਸੀ ਹਜ਼ਾਰ ਹਾਥੀ ਹੀ ਸੌਖੀ ਤਰ੍ਹਾ ਰਹਿ ਸਕਦੇ ਹਨ। ਇਸ ਦਬਾਅ ਨੂੰ ਘਟਾਉਣ ਲਈ ਜ਼ਿੰਬਾਬਵੇ ਸਰਕਾਰ ਨੇ 36,000 ਹਾਥੀ ਵੇਚਣ ਦਾ ਫੈਸਲਾ ਕਰ ਲਿਆ ਹੈ। ਜੇ ਇਹ ਵਿਕਦੇ ਨਹੀਂ ਤਾਂ ਇਹਨਾ ਨੂੰ ਮਾਰਨ ਤੋਂ ਸਿਵਾ ਸਰਕਾਰ ਕੋਲ ਹੋਰ ਕੋਈ ਚਾਰਾ ਨਹੀਂ।

ਪੁਰਤਗਾਲ—ਅਫ਼ਰੀਕਾ ਵਿਚ 2,254 ਹਾਥੀਆਂ ਨੂੰ ਗੋਲੀ ਮਾਰ ਦਿੱਤੀ ਗਈ

ਅਤੇ ਉਹਨਾਂ ਦੇ ਕੀਮਤੀ ਦੰਦ ਵੱਢ ਲਏ ਗਏ ਸਨ। ਸ਼ਿਕਾਰੀਆਂ ਨੇ 26 ਵਰਗ ਕਿਲੋਮੀਟਰ ਵਿਚ ਤਾਰਾਂ ਦੇ ਜਾਲ ਲਾ ਕੇ, ਇਕੋ ਰਾਤ ਵਿਚ ਹੀ ਏਨੇ ਹਾਥੀ ਮਾਰ ਲਏ ਸਨ।

ਸ੍ਰੀਲੰਕਾ ਵਿਚ ਇਹ ਸਮੱਸਿਆ ਵੱਖਰੀ ਸੀ। ਕਿਸੇ ਵੇਲੇ ਇਥੇ ਹਾਥੀਆ ਦੀ ਗਿਣਤੀ ਦਸ ਹਜ਼ਾਰ ਹੁੰਦੀ ਸੀ ਜੋ ਕਿ ਕੇਵਲ 800 ਹੀ ਰਹਿ ਗਈ। ਇਸ ਤਬਾਹੀ ਨੂੰ ਮੁੱਖ ਰੱਖ ਕੇ ਹਾਥੀਆ ਦੀ ਸੁਰੱਖਿਆ ਲਈ ਸਰਕਾਰ ਨੂੰ ਕਈ ਕਦਮ ਚੁੱਕਣੇ ਪਏ। ਸ਼ਿਕਾਰ ਤੇ ਪਾਬੰਦੀ ਲਾਉਣੀ ਪਈ। ਰੱਖਵਾਲੀ ਪ੍ਰਾਪਤੀ ਪਿਛੋਂ ਹਾਥੀਆ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ। ਆਰ. ਆਲੀਵਰ ਅਨੁਸਾਰ 1978 ਵਿਚ ਸ੍ਰੀਲੰਕਾ ਦੇ ਹਾਥੀਆਂ ਦੀ ਗਿਣਤੀ ਦੋ ਤੋਂ ਚਾਰ ਹਜ਼ਾਰ ਦੇ ਵਿਚਾਲੇ ਸੀ।

ਭਾਰਤ ਵਿਚ ਜੰਗਲੀ ਹਾਥੀਆਂ ਦੀ ਗਿਣਤੀ 9950 ਤੋਂ 15080 ਦੇ ਵਿਚਾਲੇ ਦੱਸੀ ਜਾਂਦੀ ਹੈ। ਇਹਨਾ ਵਿਚੋਂ ਇਕ ਹਜਾਰ ਤੋਂ 8000 ਤੱਕ ਉੱਤਰ-ਪੂਰਬੀ ਭਾਰਤ ਵਿਚ, 4500 ਪੱਛਮੀ ਘਾਟ ਖੇਤਰ ਵਿਚ, 900 ਤੋ 2000 ਕੇਂਦਰੀ ਖੇਤਰ ਵਿਚ, 500 ਪੱਛਮੀ ਹਿਮਾਲਿਆ ਖੇਤਰ ਵਿਚ ਅਤੇ ਕੋਈ 30 ਅੰਡੇਮਾਨ ਟਾਪੂਆਂ ਵਿਚ ਦੱਸੇ ਜਾਂਦੇ ਹਨ।

ਏਸ਼ੀਆ ਦੇ ਦੂਜੇ ਹਿੱਸਿਆਂ ਦੀ ਜੇ ਗੱਲ ਕਰਨੀ ਹੋਵੇ ਤਾਂ ਸਭ ਤੋਂ ਵਧ ਗਿਣਤੀ ਬਰਮਾ ਵਿਚ ਹੈ—5000 ਇਸ ਪਿਛੋਂ ਥਾਈਲੈਂਡ—2500 ਤੋਂ 4500. ਕੰਪੂਚੀਆ (ਕੰਬੋਡੀਆ) ਲਾਓਸ ਅਤੇ ਵੀਅਤਨਾਮ ਕੋਈ 3500 ਤੋਂ 5000, ਮਲੇਸ਼ੀਆ 3000 ਤੋ 6000 ਅਤੇ ਬੋਰਨੀਓ 2000 ਆਦਿ।

ਭਾਵੇਂ ਇਹਨਾਂ ਦੀ ਗਿਣਤੀ ਘਟਾਉਣ ਲਈ ਗੋਲੀ ਵੀ ਮਾਰਨ ਬਾਰੇ ਸੋਚਿਆ ਜਾਵੇ ਪਰ ਇਹ ਸਭ ਕਿਸੇ ਵਿਉਂਤ ਅਨੁਸਾਰ ਹੀ ਹੋਣਾ ਚਾਹੀਦਾ ਹੈ। ਇਹਨਾ ਦੇ ਮਾਰਨ ਦੀ ਕਿਰਿਆ ਛੇਤੀ ਅਤੇ ਚੰਗੇ ਹਮਦਰਦੀ ਭਰੇ ਢੰਗ ਨਾਲ ਹੋਣੀ ਚਾਹੀਦੀ ਹੈ। ਚੰਗੀ ਤਕੜੀ ਬੰਦੂਕ ਨਾਲ ਵੀ ਹਾਥੀ ਮਾਰਨਾ ਸੌਖਾ ਨਹੀ। ਗੋਲੀ ਚਲਾਉਣ ਵਾਲੇ ਨੂੰ ਨਿਸ਼ਾਨਾ ਲਾਉਣ ਵਾਲੀਆਂ ਸੂਖ਼ਮ ਥਾਵਾ ਦਾ ਪਤਾ ਹੋਣਾ ਚਾਹੀਦਾ ਹੈ।

## ਵਪਾਰਕ ਕੇਂਦਰ

ਹਾਥੀਆਂ ਦੇ ਮੁੱਖ ਵਪਾਰਕ ਕੇਂਦਰ ਬਿਹਾਰ ਅਤੇ ਦੱਖਣ ਵਿਚ ਕਾਲੀਕੱਟ ਵਿਖੇ ਹਨ। ਉਤਰੀ ਬਿਹਾਰ ਵਿਚ ਜੋ ਚਾਰ ਪ੍ਰਸਿੱਧ ਸਾਲਾਨਾ ਪਸ਼ੂ ਮੇਲੇ ਲੱਗਦੇ ਹਨ, ਵਿਚ ਆਸਾਮ ਅਤੇ ਬੰਗਾਲ ਦੇ ਜੰਗਲਾਂ ਵਿਚੋਂ ਫੜੇ ਹਾਥੀ ਵੇਚਣ ਲਈ ਲਿਆਦੇ ਜਾਦੇ ਹਨ। ਨਵੰਬਰ ਵਿਚ ਸੋਨਪੁਰ ਹੋਣ ਵਾਲੇ ਮੇਲੇ ਵਿਚ ਇਕ ਵਾਰੀ 600 ਤੋਂ 800 ਹਾਥੀ ਵੇਚਣ ਲਈ ਲਿਆਦੇ ਗਏ ਸਨ। ਸੋਨਪੁਰ ਪਿਛੋਂ ਇਸ ਪੱਖੋਂ ਜਨਵਰੀ ਵਿਚ ਖਾਗੜਾ ਵਿਖੇ ਲੱਗਣ ਵਾਲਾ ਮੇਲਾ ਆਉਂਦਾ ਹੈ। ਫਿਰ ਮਾਰਚ ਵਿਚ ਲੱਗਣ ਵਾਲਾ ਸਿਮੇਸਵਰ ਦਾ ਮੇਲਾ ਤੇ ਅੰਤ ਤੇ ਅਪ੍ਰੈਲ ਮਹੀਨੇ ਦਾ ਨਾਕਮਾਰਦ ਦਾ ਮੇਲਾ ਆਉਂਦਾ ਹੈ। ਇਹਨਾਂ ਥਾਵਾਂ ਤੇ ਹਾਥੀਆ ਦੀ ਖਰੀਦ-ਵੇਚ ਹਜ਼ਾਰਾ ਸਾਲਾ ਤੋ ਹੁੰਦੀ ਆਉਦੀ ਹੈ। ਸ਼ਾਇਦ ਚੰਦਰਗੁਪਤ ਮੌਰੀਆ ਨੇ ਵੀ ਆਪਣੀ ਫ਼ੌਜ ਲਈ ਹਾਥੀ ਇਹਨਾਂ ਹੀ ਥਾਂਵਾ ਤੋਂ ਖਰੀਦੇ ਸਨ।

## ਸ਼ੁਭ ਅਤੇ ਅਸ਼ੁਭ ਸੰਕੇਤ

ਹਾਥੀ ਦੇ ਅਗਲੇ ਪੈਰਾਂ ਦੀਆਂ ਪੰਜ ਪੰਜ ਅਤੇ ਪਿਛਲੇ ਪੈਰਾਂ ਦੀਆਂ ਚਾਰ ਚਾਰ ਉਂਗਲਾਂ ਹੁੰਦੀਆਂ ਹਨ। ਇੰਜ ਇਹ ਕੁਲ 18 ਉਂਗਲਾਂ ਬਣਦੀਆਂ ਹੋਨ। ਜੇ ਕਿਸੇ ਹਾਥੀ ਦੀਆਂ ਉਂਗਲਾਂ ਇਸ ਤੋਂ ਵੱਧ ਜਾਂ ਘੱਟ ਹੋਣ ਤਾਂ ਉਸਨੂੰ ਮਨਹੂਸ ਜਾ ਅਸ਼ੁਭ ਗਿਣਿਆ ਜਾਂਦਾ ਹੈ। ਜੇ ਕਿਸੇ ਦੀਆਂ 16 ਉਂਗਲਾਂ ਹੋਣ, ਉਸਨੂੰ ਤਾਂ ਬਹੁਤ ਹੀ ਨਹਿਸ਼ ਸਮਝਿਆ ਜਾਂਦਾ ਹੈ। ਇਥੋ ਤਕ ਕਿ ਇਸਦੀ ਵਿਕਰੀ ਅਸੰਭਵ ਹੋ ਜਾਂਦੀ ਹੈ। ਹਾਥੀ ਦੀ ਖਰੀਦ ਜਾ ਵੇਚ ਸਮੇਂ ਇਹ ਉਂਗਲਾਂ ਤਾਂ ਜਰੂਰ ਹੀ ਦੇਖੀਆਂ ਜਾਦੀਆਂ ਹਨ। ਜੇ ਹਾਥੀ ਵਿਦੇਸ਼ ਭੇਜਣਾ ਹੋਵੇ ਤਾਂ ਵੀ ਇਹ ਉਂਗਲਾਂ ਜ਼ਰੂਰ ਹੀ ਵੇਖੀਆਂ ਜਾਂਦੀਆਂ ਹਨ।

ਆਮ ਕਰਕੇ ਜਦੋਂ ਹਾਥੀ ਫੜ ਕੇ ਕੈਂਪ ਵਿਚ ਲਿਆਂਦਾ ਜਾਂਦਾ ਹੈ ਤਾਂ ਲੋਕ ਇਹ ਉਂਗਲਾਂ ਵੇਖਣ ਲਈ ਹੀ ਉੱਲਰ ਪੈਂਦੇ ਹਨ। ਜੇ ਇਸ ਪੱਖੋਂ ਜਾਨਵਰ ਪੂਰਾ ਨਾ ਹੋਵੇ ਤਾਂ ਫੜਨ ਵਾਲੇ ਇਹ ਯਤਨ ਕਰਦੇ ਨੇ ਕਿ ਗਾਹਕ ਨੂੰ ਇਸਦਾ ਪਤਾ ਨਾ ਲੱਗੇ। ਗਾਹਕ ਇਸ ਗੱਲ ਤੇ ਅੜੀ ਕਰਦਾ ਹੈ ਕਿ ਜਾਨਵਰ ਨੂੰ ਬਾਹਰ ਖੁਲ੍ਹੇ ਥਾਂ ਲਿਆਂਦਾ ਜਾਵੇ ਤਾਂ ਜੋ ਉਸਦੇ ਪੈਰ ਵੇਖੇ ਜਾ ਸਕਣ। ਕੁਝ ਚਲਾਕ ਅਤੇ ਵਹਿਮੀ ਲੋਕ ਹਾਥੀ ਦੇ ਪੈਰਾ ਨੂੰ ਕੌਡੀਆਂ ਬੰਨ੍ਹ ਦਿੰਦੇ ਹਨ ਤਾਂ ਜੋ ਗਾਹਕ ਨੂੰ ਪੂਰਾ ਪਤਾ ਨਾ ਲੱਗੇ।

ਅਕਬਰ ਦੇ ਸਮਿਆਂ ਵਿਚ ਪੀਲੀਆ ਚਿੱਟੀਆਂ ਅੱਖਾਂ ਜਿਹਨਾਂ ਵਿਚ ਲਾਲੀ ਦੀ ਭਾਅ ਵੱਜਦੀ ਹੋਵੇ ਵਾਲੇ ਹਾਥੀ ਨੂੰ ਚੰਗਾ ਜਾਂ ਸ਼ੁਭ ਮੰਨਿਆ ਜਾਂਦਾ ਸੀ। ਅੱਜ ਦੇ ਸ਼ਿਕਾਰੀ ਅਜਿਹੇ ਹਾਥੀ ਨੂੰ ਖ਼ਤਰਨਾਕ ਅਤੇ ਬੇਇਤਬਾਰਾ ਸਮਝਦੇ ਹਨ। ਔਕੜ ਸਮੇਂ ਇਹੋ ਜਿਹੇ ਜਾਨਵਰ ਦਹਿਸ਼ਤ ਫੈਲਾਉਂਦੇ ਹਨ। ਕਈ ਉਦਾਹਰਣਾਂ ਹਨ ਜਿਨ੍ਹਾਂ ਵਿਚ ਅਜਿਹੇ ਦਿਸਦੇ ਹਾਥੀਆਂ ਨੇ ਅਜਿਹੀ ਡਰਾਉਣੀ ਸਥਿਤੀ ਪੈਦਾ ਕਰ ਦਿੱਤੀ ਕਿ ਉਹਨਾਂ ਨੂੰ ਗੋਲੀ ਮਾਰਨੀ ਪਈ।

ਜੇ ਕਿਸੇ ਹਾਥੀ ਦੀ ਜੀਭ ਦਾ ਰੰਗ ਕਾਲਾ ਹੋਵੇ ਜਾਂ ਇਸ ਤੇ ਕਾਲਾ ਧੱਬਾ ਹੋਵੇ ਤਾਂ ਵੀ ਇਸ ਨੂੰ ਨਹਿਸ਼ ਗਿਣਿਆ ਜਾਂਦਾ ਹੈ। ਮੂੰਹ ਦੇ ਤਾਲੂ ਉਤੇ ਵੀ ਇਹੋ ਜਿਹੇ ਨਿਸ਼ਾਨ ਨੂੰ ਬੁਰਾ ਸਮਝਿਆ ਜਾਦਾ ਹੈ। ਜੇ ਇਹੋ ਜਿਹੇ ਹਾਥੀ ਨੂੰ ਮੰਡੀ ਲਿਜਾਣਾ ਹੋਵੇ ਤਾਂ ਸਭ ਤੋਂ ਪਹਿਲਾ ਇਹਨਾਂ ਧੱਬਿਆਂ ਦਾ ਇਲਾਜ ਕੀਤਾ ਕੀਤਾ ਜਾਂਦਾ ਹੈ। ਉਸਨੂੰ ਨੂੜ ਕੇ ਜ਼ਮੀਨ ਤੇ ਲੰਮਾ ਪਾ ਲਿਆ ਜਾਦਾ ਹੈ। ਉਸਦਾ ਮੂੰਹ ਖੋਲ੍ਹ ਕੇ ਨੀਲੇ ਥੋਥੇ ਨਾਲ ਇਹਨਾਂ ਧੱਬਿਆਂ ਨੂੰ ਰਗੜਿਆ ਜਾਦਾ ਹੈ, ਇਸ ਨਾਲ ਜ਼ਖ਼ਮ ਵੀ ਹੋ ਜਾਂਦੇ ਹਨ। ਇਹਨਾ ਜ਼ਖ਼ਮਾਂ ਨੂੰ ਨਰਮ ਕਰਨ ਲਈ ਫਿਰ ਘਿਉ ਲਾਇਆ ਜਾਂਦਾ ਹੈ। ਇਹ ਇਲਾਜ ਕੇਵਲ ਛੋਟੀ ਉਮਰ ਦੇ ਹਾਥੀਆਂ ਲਈ ਹੀ ਹੈ। ਉਹਨਾਂ ਉਤੇ ਇਹਦਾ ਅਸਰ ਵੀ ਥੋੜ੍ਹ-ਚਿਰਾ ਹੀ ਹੁੰਦਾ ਹੈ। ਕੁਝ ਸਮੇਂ ਪਿਛੋਂ ਹੀ ਇਹ ਨਿਸਾਨ ਫਿਰ ਉੱਭਰ ਆਉਂਦੇ ਹਨ।

ਕੁਝ ਹਾਥੀਆਂ ਦੇ ਗਲ ਹੇਠਾਂ ਬੱਕਰੀ ਦੇ ਥਣਾਂ ਵਰਗੇ ਦੋ ਥਣ ਜਿਹੇ ਹੁੰਦੇ ਹਨ। ਇਹ ਵੀ ਅਸ਼ੁਭ ਹੀ ਮੰਨੇ ਜਾਂਦੇ ਹਨ। ਸਿੱਧੀ ਧੌਣ ਵਾਲਾ ਹਾਥੀ ਥੱਲੇ ਨੂੰ ਝੁਕੀ ਧੌਣ ਵਾਲੇ ਤੋਂ ਚੰਗਾ ਸਮਝਿਆ ਜਾਂਦਾ ਹੈ। ਹੇਠਾ ਨੂੰ ਝੁਕੀ ਧੌਣ ਵਾਲਾ ਜ਼ਿਆਦਾ

ਦੂਰ ਤੱਕ ਵੇਖ ਨਹੀਂ ਸਕਦਾ। ਇਹੋ ਗੱਲ ਦੰਦਾਂ ਬਾਰੇ ਵੀ ਕਹੀ ਜਾਂਦੀ ਹੈ। ਜਿਸ ਹਾਥੀ ਦੇ ਦੰਦ ਹੇਠਾਂ ਨੂੰ ਵਲ ਖਾਂਦੇ ਹੋਣ, ਉਸਨੂੰ ਵੀ ਚੰਗਾ ਨਹੀਂ ਸਮਝਿਆ ਜਾਂਦਾ। ਇਹ ਸਪਸ਼ਟ ਹੈ ਕਿ ਲੜਾਈ ਸਮੇਂ ਉੱਚੇ ਦੰਦਾ ਵਾਲਾ ਹਾਥੀ ਹਮਲੇ ਦੀ ਬਿਹਤਰ ਸਥਿਤੀ ਵਿਚ ਹੋਵੇਗਾ।

ਜਿਸ ਹਾਥੀ ਦੀਆਂ ਅੱਖਾ ਹਿਰਨ ਜਿਹੀਆ, ਮੱਥਾ ਚੌੜਾ ਅਤੇ ਕੰਨ ਵੱਡੇ ਹੋਣ ਉਸਨੂੰ ਚੰਗਾ ਸਮਝਿਆ ਜਾਦਾ ਹੈ। ਹਾਥੀ ਦੇ ਕੰਨ ਬਹੁਤ ਛੋਟੇ ਨਹੀ ਹੋਣੇ ਚਾਹੀਦੇ। ਚੰਗਾ ਵਿਕਸਿਤ ਮੱਥਾ ਅਤੇ ਸਿਰ ਉਤੇ ਵਾਲ ਹੋਣੇ ਵੀ ਸੁਭ ਸੰਕੇਤ ਹਨ।

ਕੰਨਾ ਦਾ ਮਾਸ ਮੋਟਾ, ਝੁਰੜੀਆ ਵਾਲਾ ਅਤੇ ਲਮਕਦਾ ਹੋਣਾ ਚਾਹੀਦਾ ਹੈ ਤਾਂ ਜੋ ਸੌਖ ਨਾਲ ਫੜਿਆ ਜਾ ਸਕੇ। ਚਿੱਤਰਮਿੱਤਰਾ ਹਾਥੀ ਬਹੁਤ ਪਸੰਦ ਕੀਤਾ ਜਾਦਾ ਹੈ। ਇਹੋ ਜਿਹੇ ਹਾਥੀ ਦੇ ਸਾਰੇ ਸਰੀਰ ਤੇ ਚਿੱਟੇ ਅਤੇ ਕਾਲੇ ਨਿਸ਼ਾਨ ਹੁੰਦੇ ਹਨ।

ਪੂਛ ਲੰਮੀ ਅਤੇ ਨਰਮ ਹੋਣੀ ਚਾਹਦੀ ਹੈ ਅਤੇ ਇਸਦੇ 27 ਮਣਕੇ ਹੋਣੇ ਚਾਹੀਦੇ ਹਨ। ਇਸਦਾ ਮੁੱਢ ਮੋਟਾ ਹੋਵੇ ਤੇ ਸਿਰਾ ਪਤਲਾ ਅਤੇ ਕਮਾਨੀਦਾਰ ਹੋਵੇ। ਇਹ ਪਿਛਲੀ ਲੱਤ ਦੇ ਗੋਡੇ ਦੇ ਜੋੜ ਤੱਕ ਲੰਮੀ ਹੋਣੀ ਚਾਹੀਦੀ ਹੈ। ਸੌਣ ਦੇ ਸਮੇ ਹਾਥੀ ਹਰ ਵੇਲੇ ਪੂਛ ਹਿਲਾਉਂਦਾ ਰਹੇ। ਛੋਟੀ ਭੱਦੀ ਪੂਛ ਵਾਲੇ ਹਾਥੀ ਦਾ ਮੁੱਲ ਬਹੁਤ ਨਹੀਂ ਪੈਦਾ। ਤੁਰਨ ਸਮੇਂ ਜੇ ਲੰਮੀ ਪੂਛ ਧਰਤੀ ਹੂੰਝਦੀ ਆਵੇ ਤਾ ਵੀ ਜਾਨਵਰ ਨੂੰ ਮਨਹੂਸ ਗਿਣਿਆ ਜਾਦਾ ਹੇ। ਇਹੋ ਜਿਹੇ ਹਾਥੀ ਨੂੰ ਇਕ ਵਾਰ ਸਟਰੇਸੀ ਨੇ ਖ਼ਤਰਨਾਕ ਖ਼ੂਨੀ ਹੁੰਦੇ ਵੇਖਿਆ ਸੀ।

ਜਿਹੜਾ ਹਾਥੀ ਫੜਨ ਵੇਲੇ ਅੜੀ ਕਰਦਾ ਹੈ ਉਹ ਪਿਛੋ ਜਾ ਕੇ ਬੜਾ ਹੀ ਆਗਿਆਕਾਰ ਨਿਕਲਦਾ ਹੈ। ਇਹੋ ਜਿਹਾ ਜਾਨਵਰ ਤਾਂ ਗੱਡੀ ਨਾਲੋ ਵੀ ਤਿੱਖਾ ਹੁੰਦਾ ਹੈ।

## ਮੁੱਲ

ਚੰਗਾ ਸਿਧਾਇਆ ਹੋਇਆ ਹਾਥੀ ਬੜੇ ਪੈਸੇ ਦੇ ਜਾਦਾ ਹੇ। ਹਾਥੀ ਦੀ ਖਰੀਦ-ਵੇਚ ਸਮੇਂ ਉਸਦੀ ਉਮਰ ਬੜੀ ਮਹੱਤਵਪੂਰਣ ਹੁੰਦੀ ਹੈ। ਜਦੋਂ ਹਾਥੀ ਚਾਲੀ ਸਾਲ ਦਾ ਹੋ ਜਾਵੇ ਤਾ ਉਸਦਾ ਮੁੱਲ ਡਿੱਗਣਾ ਸੁਰੂ ਹੋ ਜਾਦਾ ਹੈ। ਮੈਸੂਰ ਵਿਚ ਸਿਧਾਏ ਹੋਏ ਹਾਥੀ ਦਾ ਮੁੱਲ ਛੇ ਲੱਖ ਰੁਪਏ ਤੱਕ ਚਲੇ ਜਾਂਦਾ ਹੈ ਜਦ ਕਿ ਨਾ ਸਿਧਾਈ ਗਈ ਹਥਣੀ ਚਾਰ ਲੱਖ ਤੱਕ ਵਿਕਦੀ ਹੈ।

## ਦੰਦ-ਖੰਡ ਦੀ ਕਲਾ

ਮੋਹੰਜੋਦੜੋ ਅਤੇ ਹੜੱਪਾ ਵਿਚੋਂ ਮਿਲੇ ਦੰਦ-ਖੰਡ ਦੇ ਨਮੂਨਿਆ ਤੋਂ ਇਹ ਪਤਾ ਲੱਗਦਾ ਹੈ ਕਿ ਭਾਤਰ ਵਿਚ ਇਹ ਕਲਾ ਪੰਜ ਹਜ਼ਾਰ ਸਾਲ ਤੋਂ ਵੀ ਪਹਿਲਾ ਪ੍ਰਫੁੱਲਤ ਹੋ ਚੁੱਕੀ ਸੀ। ਬਹੁਤ ਸਾਰੀ ਗਿਣਤੀ ਦੀਆਂ ਬਹੁਤ ਸਾਰੀਆ ਚੀਜ਼ਾ ਘਰੇਲੂ ਵਰਤੋਂ ਲਈ

ਅਤੇ ਗਹਿਣਿਆਂ ਦੇ ਤੌਰ ਵਰਤਣ ਲਈ ਬਣਾਈਆ ਜਾਦੀਆਂ ਸਨ। ਦੰਦ-ਖੰਡ ਦੇ ਖਿਡੌਣੇ ਵੀ ਮਿਲੇ ਹਨ ਜਿਨ੍ਹਾਂ ਤੇ ਭਾਂਤ ਸੁਭਾਂਤੇ ਨਮੂਨੇ ਬਣੇ ਹੋਏ ਹਨ।

ਖੁਦਾਈ ਤੋਂ ਵੱਖ ਵੱਖ ਤਰ੍ਹਾਂ ਦੇ ਵੱਡੇ ਨਿੱਕੇ ਦੰਦ-ਖੰਡ ਪਦਾਰਥ ਮਿਲੇ ਹਨ ਜਿਹੜੇ ਪਾਸ਼ਾ ਸੁੱਟਣ ਵਾਲੀ ਲੰਮੀ ਗਲਾਸੀ ਵਰਗੇ ਹਨ ਅਤੇ ਇਹਨਾਂ ਉਤੇ ਲਕੀਰਾਂ ਅਤ ਘੇਰੇ ਉੱਕਰੇ ਹੋਏ ਹਨ। ਇਹਨਾਂ ਦੀ ਵਰਤੋਂ ਪਰਤੱਖ ਤੋਰ ਤੇ ਕੌਲੀਆਂ ਗਲਾਸੀਆਂ ਅਤੇ ਪਾਸ਼ਾ ਸੁੱਟਣ ਵਜੋਂ ਹੀ ਹੁੰਦੀ ਹੋਵੇਗੀ। ਇਹਨਾਂ ਲਕੀਰਾਂ ਅਤੇ ਘੇਰਿਆਂ ਦਾ ਸਾਇਦ ਕੋਈ ਜਾਦੂਈ ਪ੍ਰਭਾਵ ਹੁੰਦਾ ਹੋਵੇ। ਹਿੰਦੂ ਪਰਿਵਾਰਾ ਵਿਚ ਵਿਆਹ ਵੇਲੇ ਦੰਦ-ਖੰਡ ਦੇ ਚੂੜੇ ਨੂੰ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ।

ਪੁਰਾਤਨ ਸਮਿਆਂ ਵਿਚ ਦੰਦ-ਖੰਡ ਦੇ ਮਾਹਰਾਂ ਨੂੰ ਸਾਹੀ ਮਹੱਲਾਂ ਵਿਚ ਤਖਤਾਂ, ਕਾਊਚਾਂ ਅਤੇ ਹੋਰ ਫ਼ਰਨੀਚਰ ਨੂੰ ਹਾਥੀ-ਦੰਦ ਮੜ੍ਹਨ ਨਹੀ ਲਾਇਆ ਜਾਂਦਾ ਸੀ। ਬਾਣਭੱਟ (630 ਬੀ ਸੀ) ਹਰਸ਼ ਦੇ ਸਮੇਂ ਬਾਰੇ ਲਿਖਦਾ ਇਹ ਕਹਿੰਦਾ ਹੈ ਕਿ ਸ਼ਾਹੀ ਮਹੱਲਾਂ ਦੇ ਪਲੰਘਾ ਤੇ ਦੰਦ-ਖੰਡ ਲੱਗਾ ਹੁੰਦਾ ਸੀ। ਅਯੁਧਿਆ ਦੀ ਰਾਣੀ ਕੈਕਈ ਦਾ ਪੀਹੜਾ ਵੀ ਦੰਦ-ਖੰਡ ਦਾ ਸੀ ਅਤੇ ਉਸਦੇ ਰਥਾਂ ਨੂੰ ਵੀ ਹਾਥੀ ਦੰਦ ਨਾਲ ਸਜਾਇਆ ਹੁੰਦਾ ਸੀ।

ਅਫ਼ਰੀਕਾ ਵਿਚ ਵੀ ਦੰਦ-ਖੰਡ ਬੜੀ ਕੀਮਤੀ ਚੀਜ਼ ਹੈ। ਨਾਇਜੇਰੀਆ ਵਿਚ ਕਬੀਲੇ ਦੇ ਸਰਦਾਰ ਦੇ ਘਰ ਦੇ ਪਹਿਰੇਦਾਰਾਂ ਦੇ ਹੱਥਾ ਵਿਚ ਹਾਥੀ ਦੇ ਵੱਡੇ ਵੱਡੇ ਦੰਦ ਹੀ ਹੁੰਦੇ ਹਨ।

ਭਾਰਤ ਦੇ ਬਹੁਤ ਸਾਰੇ ਭਾਗਾਂ ਵਿਚ ਪੁਰਾਤਨ ਸਮੇਂ ਤੋਂ ਹੀ ਹਾਥੀ ਦੰਦ ਤੇ ਫ਼ੁੱਲ ਬੂਟੇ ਪਾਉਣ ਦਾ ਰਿਵਾਜ਼ ਸੀ। ਇਹ ਲੱਕੜ ਦੀ ਖੁਦਵਾਈ ਨਾਲੋਂ ਬਹੁਤ ਹੀ ਵਧੀਆ ਨਿਖਰੀ ਹੋਈ ਹੁੰਦੀ ਹੇ। ਦਿੱਲੀ, ਮੁਰਸ਼ਦਾਬਾਦ, ਮੈਸੂਰ ਅਤੇ ਟਰਾਵਨਕੋਰ ਅਜੋਕੇ ਕੇਰਲਾ ਪ੍ਰਾਂਤ ਦੇ ਇਕ ਅੰਗ, ਦਾ ਹਾਥੀ-ਦੰਦ ਦਾ ਕੰਮ ਸੰਸਾਰ ਪ੍ਰਸਿੱਧ ਹੈ। ਉੜੀਸਾ ਵਿਚ ਵੀ ਇਹ ਕੀਤਾ ਜਾਂਦਾ ਹੈ। ਹੁਸ਼ਿਆਰਪੁਰ ਅਤੇ ਮੁੰਗੇਰ ਵਿਚ ਵੀ ਦੰਦ-ਖੰਡ ਦਾ ਬਹੁਤ ਵਧੀਆ ਕੰਮ ਹੁੰਦਾ ਹੈ। ਗਣਤੰਤਰ ਦਿਵਸ 1968 ਨੂੰ ਸਨਮਾਨਿਤ ਕੀਤੇ ਜਾਣ ਵਾਲੇ ਵਿਅਕਤੀਆਂ ਵਿਚ ਦੰਦ-ਖੰਡ ਦਾ ਕੰਮ ਕਰਨ ਵਾਲੇ ਦੋ ਬੰਦੇ ਕੇਰਲਾ ਦੇ ਅਤੇ ਇਕ ਬੰਦਾ ਬੰਗਾਲ ਦਾ ਸੀ। ਦੇਵੀ ਦੇਵਤਿਆਂ ਦੇ ਬੁੱਤਾਂ, ਬਟਨਾਂ, ਕੰਘੀਆਂ, ਸਿਗਰੇਟ ਕੇਸ, ਸਤਰੰਜ ਦੇ ਮੋਹਰੇ, ਚੂੜੀਆਂ ਆਦਿ ਬਣਾਉਣ ਲਈ ਹਾਥੀ-ਦੰਦ ਬਹੁਤ ਵਧੀਆ ਸਿੱਧ ਹੋਇਆ ਹੈ।

ਰਾਜਧਾਨੀ ਵਿਚ ਬਹਤੁ ਸਾਰੇ ਕਾਰੀਗਰ ਇਸ ਨੂੰ ਰੋਟੀ ਰੋਜ਼ੀ ਦਾ ਵਸੀਲਾ ਬਣਾਈ ਬੈਠੇ ਹਨ। ਉਨ੍ਹਾ ਦਾ ਕੀਤਾ ਕੰਮ ਵਿਦੇਸ਼ੀ ਹਸਤੀਆਂ ਨੂੰ ਪੇਸ਼ ਕੀਤਾ ਜਾਂਦਾ ਹੈ। ਜਦੋਂ ਜੈਕੁਲੀਨ ਕੈਨੇਡੀ ਭਾਰਤ ਆਈ ਸੀ ਤਾ ਉਸਨੂੰ ਹਾਥੀ-ਦੰਦ ਦਾ ਬਣਿਆ ਟੇਬਲ-ਲੈਂਪ ਭੇਟ ਕੀਤਾ ਗਿਆ ਸੀ। ਜਦੋਂ ਡਾ ਰਾਜਿੰਦਰ ਪ੍ਰਸਾਦ ਰਾਸ਼ਟਰਪਤੀ ਪਦ ਤੋਂ ਮੁਕਤ ਹੋਏ, ਦਿੱਲੀ ਦੇ ਪੱਤਰਕਾਰਾਂ ਵਲੋਂ ਉਹਨਾਂ ਨੂੰ ਦੰਦ-ਖੰਡ ਦਾ ਬੁੱਧ ਭੇਟਾ ਕੀਤਾ ਗਿਆ ਸੀ।

ਬੋਸਟਨ ਦੀ ਇਕ ਪ੍ਰਦਰਸ਼ਨੀ ਵਿਚ ਹਾਥੀ-ਦੰਦ ਦੇ ਕੰਮ ਕਾਰਣ ਭਾਰਤੀ ਪੰਡਾਲ ਵੱਲ ਬਹੁਤ ਦੁਨੀਆ ਖਿੱਚੀ ਆਉਂਦੀ ਸੀ। ਇਥੇ ਅਤਿ ਸੂਖ਼ਮਤਾ ਨਾਲ ਉੱਕਰੇ

ਬੁੱਤ ਅਤੇ ਫੁਲਦਾਨ ਸਨ। ਇਕ ਤਿੱਤਲੀ ਸੀ ਜਿਸਦੇ ਵਾਲ ਦੰਦ-ਖੰਡ ਦੇ ਸਨ। ਇਕ ਜਾਦੂ ਦੀ ਗੇਂਦ ਵੀ ਸੀ ਜਿਸਦੇ ਅੰਦਰ ਅਤੇ ਹੋਰ ਅੰਦਰ ਹੋਰ ਗੇਂਦਾ ਸਨ (ਕੁੱਲ 24)।

## ਦੰਦ-ਖੰਡ ਦੀ ਰਸਾਇਣਕ ਬਣਤਰ

ਦੰਦ-ਖੰਡ ਹੈ ਤਾਂ ਦੰਦ ਹੀ। ਇਸਦਾ ਵੱਡਾ ਭਾਗ 56-60 % ਕੈਲਸੀਅਮ ਯੋਗਿਕ ਹਨ ਅਤੇ ਉਹ ਵੀ ਮੁੱਖ ਤੋਰ ਤੇ ਫ਼ਾਸਫੇਟਸ। 40-43 ਆਰਗੈਨਿਕ ਮਾਦਾ ਅਤੇ 0.24—0.34% ਚਰਬੀ ਹੈ। ਹੋਰ ਦੰਦਾ ਦੀ ਬਣਤਰ ਨਾਲੋ ਥੋੜ੍ਹਾ ਜਿੰਨਾ ਅੰਤਰ ਹੈ ਤੇ ਉਹ ਹੈ ਇਸ ਵਿਚ ਆਰਗੈਨਿਕ ਮਾਦਾ ਥੋੜ੍ਹਾ ਵੱਧ ਹੈ। ਇਸ ਦੀ ਬਣਤਰ ਵੀ ਵੱਖਰੀ ਹੈ। ਇਹ ਵਧੇਰੇ ਦਬਾਅ ਵਾਲੀਆਂ ਹੱਡੀਆ ਤੋਂ ਵੀ ਵੱਖਰਾ ਹੈ।

ਸੁਕਾਉਣ ਨਾਲ ਦੰਦ-ਖੰਡ ਸੁੰਗੜਦਾ ਹੈ। ਇਸ ਕਰਕੇ, ਦੰਦ-ਖੰਡ ਦੀ ਵਸਤ ਬਣਾਉਣ ਸਮੇਂ ਇਸਨੂੰ ਸਾਧਾਰਣ ਸ਼ਕਲ ਵਿਚ ਕੱਟ ਕੇ ਸੁੱਕਣ ਲਈ ਛੱਡ ਦਿੱਤਾ ਜਾਂਦਾ ਹੈ ਅਤੇ ਪਿਛੋਂ ਅਸਲੀ ਸ਼ਕਲ ਅਤੇ ਸੂਰਤ ਦਿੱਤੀ ਜਾਂਦੀ ਹੇ।

ਇਸਨੂੰ ਲਚਕੀਲਾ ਬਣਾਉਣ ਲਈ ਫ਼ਾਸਫ਼ੋਰਿਕ ਤੇਜ਼ਾਬ ਦੀ ਵਰਤੋਂ ਕੀਤੀ ਜਾਦੀ ਹੈ। ਜਦੋਂ ਪਾਣੀ ਵਿਚ ਧੋ ਕੇ ਸੁਕਾਇਆ ਜਾਵੇ ਇਹ ਫ਼ਿਰ ਸਖ਼ਤ ਹੋ ਜਾਦਾ ਹੈ। ਇਸ ਢੰਗ ਲਾਲ ਇਸ ਦੇ ਗੁਣ ਬਦਲ ਜਾਂਦੇ ਹਲ। ਫ਼ਿਰ ਇਸਨੂੰ ਇਛਿੱਤ ਰੰਗਾਂ ਨਾਲ ਰੰਗ ਦਿੱਤਾ ਜਾਂਦਾ ਹੈ। ਧੁੱਪੇ ਪਾ ਕੇ ਜਾ ਹਾਈਡਰੋਜਨ ਪਰਆਕਸਾਈਡ ਨਾਲ ਪਹਿਲਾ ਤੇ ਲਾਲ ਦੁਆਈ ਨਾਲ ਪਿਛੋਂ ਧੋ ਕੇ ਇਸ ਦੇ ਰੰਗ ਉਡਾਏ ਵੀ ਜਾ ਸਕਦੇ ਹਨ। ਚੂਰੇ ਚਿੱਪਰਾਂ ਅਤੇ ਦੰਦ-ਖੰਡ ਦੇ ਧੂੜੇ ਨੂੰ ਹੱਡੀਆ ਦੀ ਪਾਲਿਸ਼ ਅਤੇ ਕਾਲਾ ਦੰਦ-ਖੰਡ ਬਣਾਉਣ ਲਈ ਵਰਤਿਆ ਜਾਦਾ ਹੈ। ਢੁੱਕਵੀਂ ਕਿਰਿਆ ਪਿਛੋਂ ਇਸ ਬਚੀ ਖੁਚੀ ਚੀਜ਼ ਨੂੰ ਇਕ ਸੱਚੇ ਵਿਚ ਪਾ ਲਿਆ ਜਾਂਦਾ ਹੈ। ਇਸਨੂੰ ਪਾਣੀ ਹੇਠਾ ਦੋ ਤੋਂ ਤਿੰਨ ਕਿਲੋ ਪ੍ਰਤੀ ਘਣ ਸੈਂਟੀਮੀਟਰ ਦੇ ਦਬਾਅ ਹੇਠ ਰਖਿਆ ਜਾਦਾ ਹੈ। ਜਦੋਂ ਇਹ ਧੁੱਪ ਵਿਚ ਸੁੱਕ ਕੇ, ਬੇਰੰਗ ਹੋ ਜਾਵੇ ਤਾਂ ਇਕ ਪਦਾਰਥ ਮਿਲਦਾ ਹੈ ਜਿਸਨੂੰ ਬਨਾਵਟੀ ਬਰੋਜ਼ੇ ਨਾਲ ਰਲਾ ਦਿੱਤਾ ਜਾਂਦਾ ਹੈ। ਦੰਦ-ਖੰਡ ਦੇ ਧੂੜੇ ਨੂੰ ਆਮ ਤਾਪਕ੍ਰਮ ਤੇ ਰੱਖੇ ਸੱਚਿਆ ਵਿਚ ਪਾ ਕੇ ਕਈ ਤਰ੍ਹਾ ਦੀਆਂ ਚੀਜ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ।

ਅਸਲੀ ਦੰਦ-ਖੰਡ ਅਤੇ ਬਣਾਵਟੀ ਦੰਦ-ਖੰਡ ਦਾ ਪਤਾ ਕਰਨ ਲਈ ਇਸਨੂੰ ਪਰਾਬੈਂਗਣੀ ਚਾਨਣ ਵਿਚ ਰਖਿਆ ਜਾਦਾ ਹੈ। ਅਸਲੀ ਵਿਚੋਂ ਨੀਲੀ ਰੌਸ਼ਨੀ ਨਿਕਲਦੀ ਹੈ ਜੋ ਕਿ ਬਣਾਵਟੀ ਵਿਚੋਂ ਨਹੀਂ ਨਿਕਲਦੀ।

## ਹਾਥੀ ਦੇ ਸਰੀਰ ਦੀ ਵਰਤੋਂ

ਸ਼ਿਵ ਨੂੰ ਆਪਣੀ ਬਰਫ਼ ਵਾਲੀ ਰੱਖ ਵਿਚ ਹਾਥੀ ਦੀ ਖੱਲ ਹੇਠਾ ਸੁੱਤੇ ਵਿਖਾਇਆ ਗਿਆ ਹੈ।

ਹਾਥੀ ਦੀ ਖੱਲ ਤੋਂ ਸੂਟਕੇਸ, ਛਤਰੀਆਂ, ਸਟੂਲਾਂ ਦੇ ਕਵਰ ਅਤੇ ਹੋਰ ਇਸ ਤਰ੍ਹਾ ਦੀਆਂ ਚੀਜ਼ਾ ਬਣਾਈਆ ਜਾਂਦੀਆਂ ਹਨ।

ਪੂਛ ਦੇ ਵਾਲਾਂ ਤੋਂ ਕੜੇ, ਚੂੜੀਆਂ ਅਤੇ ਵਾਲੀਆ ਆਦਿ ਬਣਾਏ ਜਾਂਦੇ ਹਨ। ਕੇਰਲਾ ਪ੍ਰਾਂਤ ਵਿਚ ਇਹਨਾ ਨੂੰ ਪਾਉਣਾ ਸ਼ੁਭ ਗਿਣਿਆ ਜਾਂਦਾ ਹੈ।

ਵੱਡੇ ਭਾਰੇ ਨਹੁੰ ਚਾਕੂ ਦੇ ਹੈਂਡਲ, ਬਟਨ, ਚਮਚ, ਪਲੇਟਾਂ ਬਣਾਉਣ ਦੇ ਕੰਮ ਆਉਂਦੇ ਹਨ। ਇਹਨਾ ਦੀ ਵਪਾਰਕ ਵਰਤੋਂ ਘੱਟ ਹੁੰਦੀ ਹੈ ਅਤੇ ਇਸੇ ਕਰਕੇ ਹੀ ਆਰਥਿਕ ਤੌਰ ਤੇ ਇਕ ਇੰਨੇ ਮਹੱਤਵਪੂਰਣ ਨਹੀਂ।

## ਹਾਥੀ ਦੀ ਚਰਬੀ ਅਤੇ ਮਾਸ

1964 ਵਿਚ ਅਟਲਾਂਟਾਂ ਸ਼ਹਿਰ ਵਿਖੇ ਹੋਈ ਡੈਮੋਕਰੈਟਿਕ ਪਾਰਟੀ ਦੀ ਕਨਵੈਂਨਸ਼ਨ ਵਿਚ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਡੈਲੀਗੇਟਾਂ ਨੂੰ ਹਾਥੀ ਦਾ ਮਾਸ ਪਰੋਸਿਆ ਜਾਵੇ, ਕਿਉਂਕਿ ਹਾਥੀ ਹੀ ਪਾਰਟੀ ਦਾ ਚਿੰਨ੍ਹ ਸੀ। ਕਿਉਂਕਿ ਬਹੁਤੇ ਦੇਸ਼ਾਂ ਵਿਚ ਹਾਥੀਆਂ ਦਾ ਮਾਰਨਾਂ ਮਨ੍ਹਾ ਹੈ, ਇਸ ਕਰਕੇ ਇਹ ਤਾਂ ਇਕ ਸਮੱਸਿਆ ਬਣ ਗਈ। ਫ਼ਿਰ ਇਕ ਹੱਲ ਲੱਭਿਆ। ਕਿਉਂਕਿ ਜੰਗਲਾਤ ਵਿਭਾਗ ਖ਼ੂਨੀ ਹਾਥੀ ਨੂੰ ਮਾਰਨ ਦੀ ਆਗਿਆ ਦਿੰਦਾ ਹੈ, ਇਸ ਕਰਕੇ ਇਤੋਸਾ ਦੀ ਰੱਖ ਵਿਚ ਦੱਖਣ-ਪੱਛਮੀ ਅਫ਼ਰੀਕਾ ਵਿਚ ਵਿੰਡੋਕ ਤੋਂ 647 ਕਿਲੋਮੀਟਰ ਦੂਰ ਇਕ ਅਜਿਹਾ ਹਾਥੀ ਲੱਭਿਆ ਗਿਆ ਅਤੇ ਇਸ ਨੂੰ ਮਾਰਨ ਦੀ ਆਗਿਆ ਵੀ ਲੈ ਲਈ ਗਈ। ਉਸ ਨੂੰ ਮਾਰ ਲਿਆ ਗਿਆ। ਡੈਲੀਗੇਟਾਂ ਨੂੰ ਨਿਰਾਸਾ ਹੋਈ ਕਿਉਂਕਿ ਪਤਾ ਇਹ ਲੱਗਾ ਕਿ ਅਮਰੀਕਾ ਦੇ ਖੇਤੀਬਾੜੀ ਮਹਿਕਮੇ ਨੇ ਅਮਰੀਕਾ ਵਿਚ ਹਾਥੀ ਦਾ ਮਾਸ ਲਿਆਉਣਾ ਮਨ੍ਹਾਂ ਕੀਤਾ ਹੋਇਆ ਸੀ।

ਚਰਕ ਅਨੁਸਾਰ ਹਾਥੀ ਦਾ ਮਾਸ ਉਹਨਾ ਰੋਗੀਆ ਲਈ ਚੰਗਾ ਹੈ ਜਿਨ੍ਹਾਂ ਦੇ ਅੰਦਰ ਸੜਨ ਪੈਂਦੀ ਹੋਵੇ। ਜੇ ਨੇਮ ਨਾਲ ਖਾਧਾ ਜਾਵੇ ਤਾਂ ਇਹ ਸਰੀਰ ਬਣਾ ਦਿੰਦਾ ਹੈ। ਬਰਮਾ ਵਿਚ ਹਾਥੀ ਦਾ ਮਾਸ ਬਹੁਤ ਖਾਧਾ ਜਾਦਾ ਹੈ। ਨਾਗਿਆਂ ਨੇ ਹਾਥੀ ਨੂੰ ਪਾਲਤੂ ਬਣਾਉਣਾ ਨਹੀਂ ਸਿਖਿਆ ਭਾਵੇਂ ਕਿ ਉਥੇ ਹਾਥੀ ਬਹੁਤ ਹਨ। ਨਾਗਿਆਂ ਵਾਸਤੇ ਤਾਂ ਇਹ ਫ਼ਸਲਾਂ ਉਜਾੜਨ ਵਾਲਾ ਜਾਨਵਰ ਹੈ ਪਰ ਬਹੁਤਾ ਕਰਕੇ ਮੀਟ (ਮਾਸ) ਵਾਲਾ ਜਾਨਵਰ ਹੈ। ਇਸ ਕਰਕੇ ਉਹ ਇਨ੍ਹਾ ਦਾ ਸ਼ਿਕਾਰ ਕਰਦੇ ਹਨ। ਇਸ ਵਿਚੋਂ ਉਹਨਾ ਨੂੰ ਖੇਡ ਦਾ ਹੁਲਾਰਾ ਅਤੇ ਪਾਰਟੀਆਂ ਵਿਚ ਖਾਣ ਲਈ ਮਾਸ ਆਦਿ ਦੋਵੇ ਚੀਜਾ ਮਿਲਦੀਆ ਹਨ।

ਕੇਂਦਰੀ ਅਫ਼ਰੀਕਾ ਦੇ ਚਾਰੀ ਦਰਿਆ ਦੇ ਮਲਾਹਾ ਦਾ ਇਕ ਗੀਤ ਹੈ ਜੋ ਇੰਜ ਹੈ :

> ਅਸੀਂ ਹਾਥੀ ਨੂੰ ਮਾਰਾਂਗੇ, ਅਸੀਂ ਹਾਥੀ ਨੂੰ ਖਾਵਾਂਗੇ,
> ਉਸਦੇ ਅੰਦਰ ਵੜ ਕੇ ਉਸਦਾ ਦਿਲ ਜਿਗਰ ਖਾਵਾਂਗੇ।

ਜਦੋਂ 1964 ਵਿਚ ਡੈਜ਼ਮੰਡ ਵਾਰਾਡੇ ਨੇ ਇਕ ਇਕਦੰਦਾ ਹਾਥੀ ਮਾਰਿਆ ਤਾਂ ਪਿੰਡ ਵਾਲਿਆ ਨੇ ਰਾਤ ਭਰ ਨੱਚ ਕੇ ਅਤੇ ਇਸਦਾ ਮਾਸ ਖਾ ਕੇ ਇਸ ਮੌਕੇ ਤੇ ਖੁਸੀ ਦਾ ਪ੍ਰਗਟਾ ਕੀਤਾ। ਅਫਰੀਕਾ ਦੇ ਮੁੱਢਲੇ ਵਾਸੀਆ ਲਈ ਹਾਥੀ ਦੇ ਮਾਸ ਨੂੰ ਇੰਜ ਇਕੱਲੇ ਹੀ ਖਾਣ ਦੇ ਮੌਕੇ ਬਹੁਤ ਘੱਟ ਹੁੰਦੇ ਹਨ।

## ਦਵਾਈਆਂ ਵਿਚ ਵਰਤੋਂ

ਚਰਕ ਤਾਂ ਹਾਥੀ ਨੂੰ ਸਭ ਤੋਂ ਸਮਰੱਥ ਜਾਨਵਰ ਕਹਿੰਦਾ ਹੈ।[1] ਸਮਰੱਥ ਅਤੇ ਸ਼ਕਤੀਸ਼ਾਲੀ ਬੰਦੇ ਦੀ ਤੁਲਨਾ ਹਾਥੀ ਨਾਲ ਹੀ ਕੀਤੀ ਜਾਂਦੀ ਹੈ।[2] ਚਰਕ ਨੇ ਘਿਉ, ਸ਼ਹਿਦ, ਮਿਸ਼ਰੀ ਅਤੇ ਕਣਕ ਦੇ ਆਟੇ ਤੋਂ ਇਕ ਕੜਾਹ ਵਰਗਾ ਪਦਾਰਥ ਬਣਾਉਣ ਬਾਰੇ ਵੀ ਦੱਸਿਆ ਹੈ ਜੋ ਬੰਦੇ ਨੂੰ ਹਾਥੀ ਵਰਗਾ ਤਕੜਾ ਕਰ ਦਿੰਦਾ ਹੈ।[3] ਚਰਕ ਦਾ ਇਕ ਪ੍ਰਸਿੱਧ ਨੁਸਖ਼ਾ ਮਰੀਜ਼ ਤੇ ਵਰਤਣ ਤੋਂ ਪਹਿਲਾ ਹਾਥੀ ਦੀ ਪਿੱਠ ਤੇ ਰਖਿਆ ਜਾਂਦਾ ਸੀ। ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਇਸ ਨਾਲ ਇਹ ਦਵਾਈ ਹੋਰ ਵੀ ਅਸਰਦਾਰ ਹੋ ਜਾਂਦੀ ਸੀ।[4] ਅੰਡੇਮਾਨ ਵਿਚ ਹਾਥੀ ਦਾ ਮਾਦਾ ਜਾ ਮਸਤ ਤਰਲ ਜਣਨ ਅੰਗਾਂ ਦੀ ਮਾਲਸ਼ ਲਈ ਵਰਤਿਆ ਜਾਦਾ ਹੈ। ਔਰਤ ਨੂੰ ਬਾਂਝ ਕਰਨ ਵਾਸਤੇ, ਕੁਚੀਮਰਤੰਤਰ ਵਿਚ ਇਹ ਲਿਖਿਆ ਗਿਆ ਹੈ ਕਿ ਹਾਥੀ ਦੀ ਲਿੱਦ ਤੇ ਪਾਣੀ ਨੂੰ ਸ਼ਹਿਦ ਵਿਚ ਮਿਲਾ ਕੇ ਸੱਤ ਦਿਨ ਲਿਆ ਜਾਵੇ।

ਕਿਸੇ ਸਮੇਂ ਜ਼ਹਿਰ ਦੇਣ ਵਾਸਤੇ ਇਸਨੂੰ ਹਾਥੀ ਦੀ ਪਿੱਠ ਤੇ ਮਲ ਕੇ ਦੋਸ਼ੀ ਨੂੰ ਇਸ ਤੇ ਚੜ੍ਹਾ ਦਿੱਤਾ ਜਾਂਦਾ ਸੀ।[5] ਜ਼ਹਿਰ ਨੂੰ ਖ਼ਤਮ ਕਰਨ ਲਈ ਚਰਕ ਨੇ ਹਾਥੀ ਦੀ ਮਣੀ ਪਾਉਣ ਬਾਰੇ ਵੀ ਦੱਸਿਆ ਹੈ।[6]

ਬਵਾਸੀਰ ਜੋ ਖ਼ੂਨੀ ਨਹੀਂ, ਦੇ ਇਲਾਜ ਵਾਸਤੇ ਚਰਕ ਨੇ ਇਕ ਮਲ੍ਹਮ ਦੱਸੀ ਹੈ ਜੋ ਹਾਥੀ ਦੀਆਂ ਹੱਡੀਆਂ ਅਤੇ ਨਿੰਮ ਤੋਂ ਬਣਦੀ ਹੈ।[7] ਮਲੇਸ਼ੀਆ ਵਿਚ ਮਸਤ ਤਰਲ ਨੂੰ ਚਮੜੀ ਦੇ ਚਟਾਕ ਦੂਰ ਕਰਨ ਲਈ ਵਰਤਿਆ ਜਾਂਦਾ ਹੈ।

ਵਾਲ ਉਗਾਉਣ ਵਾਲੇ ਨੁਸਖ਼ੇ ਵਿਚ ਦੰਦ-ਖੰਡ ਇਕ ਮਹੱਤਵਪੂਰਣ ਪਦਾਰਥ ਹੈ। ਸੁਸ਼ਰੂਤਾ ਕਹਿੰਦਾ ਹੈ ਕਿ ਜੇ ਦੰਦ-ਖੰਡ ਸਾੜ ਕੇ, ਪੀਹ ਕੇ, ਬੱਕਰੀ ਦੇ ਦੁੱਧ ਵਿਚ ਮਿਲਾ ਕੇ ਲਾਇਆ ਜਾਵੇ ਤਾਂ ਤਲੀ ਤੇ ਵੀ ਵਾਲ ਉੱਗ ਆਉਂਦੇ ਹਨ।[8]

ਹਾਥੀ ਦੇ ਜਿਸ ਬੱਚੇ ਨੇ ਅਜੇ ਘਾਹ ਖਾਣਾ ਸ਼ੁਰੂ ਨਾ ਕੀਤਾ ਹੋਵੇ, ਦੀ ਲਿੱਦ ਨੂੰ ਵੀ ਦਵਾਈ ਵਜੋ ਵਰਤਿਆ ਜਾਂਦਾ ਹੈ। ਕੇਰਲਾ ਵਿਚ ਇਸਨੂੰ ਕਾਰੀਵੇਨਾ ਕਿਹਾ ਜਾਂਦਾ ਹੈ। ਉੱਤਰੀ ਭਾਰਤ ਦੇ ਵੈਦ ਇਸਨੂੰ ਕਾਨਕੁਸ਼ਤਾ ਆਖਦੇ ਹਨ ਅਤੇ ਵੱਖੀ ਦਰਦ, ਗੈਸ, ਗੁਦਾ ਦੀਆਂ ਬਿਮਾਰੀਆਂ ਅਤੇ ਹੋਰ ਅਲਾਮਤਾਂ ਲਈ ਇਸ ਦੀ ਵਰਤੋਂ ਕਰਨ ਲਈ ਆਖਦੇ ਹਨ।[9]

ਪੁਰਾਤਨ ਸੰਸਕ੍ਰਿਤ ਸਾਹਿਤ ਵਿਚ ਇਸ ਤਰ੍ਹਾਂ ਦੀ ਇਕ ਉਦਾਹਰਣ ਮਿਲਦੀ ਹੈ ਕਿ ਮਸਤ ਤਰਲ ਬਾਜ਼ਾਰ ਵਿਚ ਵਿਕਦਾ ਹੁੰਦਾ ਸੀ। ਇਸਨੂੰ ਵੀ ਵਿਕਰੀ ਦੀ ਹੀ ਇਕ ਚੀਜ਼ ਸਮਝਿਆ ਜਾਂਦਾ ਸੀ। ਕਿਸੇ ਹਕੀਮ ਨੇ ਇਸਨੂੰ ਵਾਲਾਂ ਦੇ ਵਾਧੇ ਲਈ, ਪੇਟ ਦੀਆ ਬਿਮਾਰੀਆਂ ਲਈ, ਬਲਗਮ ਅਤੇ ਗੈਸ ਲਈ ਅਤੇ ਜ਼ਹਿਰ ਨੂੰ

---

1. Charaka Vajıkarana. 11 2 (29).
2. ਉਹੀ, II, 4 (6)
3. ਉਹੀ, II, 4, (35).
4. Charaka Sıddhısthana, XII, 19 (1)
5. Charaka vıshachikıtsıta, XXIII, 119
6 ਉਹੀ, XXIII, 252.
7. Charaka, Arshechikıtsıta, XIV, 55
8. Sushruta, Dvıvraniva Chıkıtsita, I 88.
9. Rasaratnasamuchchaya, III, 115, 118

ਕੱਟਣ ਦੀ ਦਵਾਈ ਵਜੋਂ ਤੇ ਜ਼ਖਮਾਂ ਨੂੰ ਰਾਜ਼ੀ ਕਰਨ ਲਈ ਬਹੁਤ ਹੀ ਚੰਗਾ ਦੱਸਿਆ ਹੈ। ਉਹ ਤਾ ਇਸਨੂੰ ਖ਼ੁਰਕ ਲਈ ਅਤੇ ਕੋਹੜ ਰੋਗ ਤੋਂ ਪੈਦਾ ਹੋਏ ਜ਼ਖਮਾਂ ਦੇ ਇਲਾਜ ਲਈ ਵਰਤੋਂ ਕਰਨ ਵਾਸਤੇ ਵੀ ਆਖਦਾ ਹੈ।

ਜੇਕਰ ਕਿਸੇ ਰੋਗੀ ਨੂੰ ਅਨੀਮਾ ਕਰਨ ਪਿਛੋਂ ਵੀ ਹਾਜਤ ਨਾ ਹੋਵੇ ਤਾਂ ਹਾਥੀ ਦਾ ਡਰ ਇਸ ਕੰਮ ਲਈ ਪ੍ਰਭਾਵਸਾਲੀ ਹੋ ਨਿਬੜਦਾ ਸੀ।[10] ਪਾਗਲ ਆਦਮੀ ਜੋ ਉਂਜ ਕਾਬੂ ਨਹੀਂ ਸੀ ਆਉਂਦੇ ਨੂੰ ਵੀ ਹਾਥੀ ਦਾ ਡਰ ਦੇ ਕੇ ਕਾਬੂ ਕੀਤਾ ਜਾਂਦਾ ਸੀ। ਕੇਰਲਾ ਵਿਚ ਬੱਚਿਆਂ ਨੂੰ ਹਾਥੀ ਦੀਆ ਲੱਤਾਂ ਵਿਚੋਂ ਲੰਘਾ ਕੇ ਨਿਡਰ ਬਣਾਇਆ ਜਾਦਾ ਹੈ।[11] ਚਰਕ ਅਨੁਸਾਰ ਹਾਥੀ ਫੜਨ ਵੇਲੇ ਹੋਈ ਵਾਧੂ ਥਕਾਵਟ ਫੇਫੜਿਆਂ ਤੇ ਅਸਰ ਪਾਉਦੀ ਹੈ ਅਤੇ ਇਸ ਨਾਲ ਖੰਘ ਲੱਗ ਸਕਦੀ ਹੈ।[12] ਉਹ ਕਹਿੰਦਾ ਹੇ ਕਿ ਜੇ ਬਲਗਮ ਵਧੇਰੇ ਜਾਂਦੀ ਹੋਵੇ ਤਾ ਹਾਥੀ ਦੀ ਲਿੱਦ ਦਾ ਪਾਣੀ ਸ਼ਹਿਦ ਵਿਚ ਮਿਲਾ ਕੇ ਮਰੀਜ਼ ਨੂੰ ਦੇਣਾ ਚਾਹੀਦਾ ਹੈ।

ਹਥਣੀ ਦਾ ਦੁੱਧ ਅੱਖਾਂ ਵਾਸਤੇ ਬਹੁਤ ਚੰਗਾ ਮੰਨਿਆ ਜਾਦਾ ਹੈ। ਇਹ ਬਹੁਤ ਪੌਸ਼ਟਿਕ ਵੀ ਹੁੰਦਾ ਹੈ। ਸੱਜਰ ਸੂਈ ਹਥਣੀ ਦੇ ਦੁੱਧ ਵਿਚ 7.2 ਤੋਂ 7.8 ਪ੍ਰਤੀਸ਼ਤ ਚਰਬੀ, 2.8 ਤੋਂ 3.1 ਪ੍ਰਤੀਸ਼ਤ ਪ੍ਰੋਟੀਨ ਅਤੇ 6.5 ਤੋਂ 6.9 ਪ੍ਰਤੀਸ਼ਤ ਲੈਕਟੋਜ਼ ਹੁੰਦਾ ਹੈ।

ਗਾ ਦੇ ਦੁੱਧ ਦੇ ਟਾਕਰੇ ਵਿਚ ਹਥਣੀ ਦੇ ਦੁੱਧ ਵਿਚ ਏ ਅਤੇ ਡੀ ਵਿਟਾਮਿਨ ਘੱਟ, ਬੀ ਅਤੇ ਸੀ ਵਧੇਰੇ ਅਤੇ ਬੀ2 ਲਗਭਗ ਇਕੋ ਜਿੰਨਾ ਹੀ ਹੁੰਦਾ ਹੈ। ਹਥਣੀ ਦੇ ਦੁੱਧ ਤੋਂ ਬਣਿਆ ਘਿਉ ਖਿਦਿਆਈ ਵਿਚ 180 ਤੋਂ 192 ਦਰਜੇ ਅਤੇ ਆਇਓਡੀਨ ਵਿਚ 14 ਤੋਂ 18 ਦਰਜੇ ਦਾ ਹੁੰਦਾ ਹੈ। ਇਹ ਕਬਜ਼ ਤੋੜ, ਬਲਗਮ ਦਾ ਖ਼ਤਮਾ ਕਰਨ ਵਾਲਾ, ਭੁੱਖ ਵਧਾਉਣ ਵਾਲਾ ਅਤੇ ਪੇਟ ਦੇ ਕੀੜਿਆਂ ਤੋਂ ਛੁਟਕਾਰਾ ਦਿਵਾਉਣ ਵਾਲਾ ਹੁੰਦਾ ਹੈ।

---

10. Charaka, Sidhisthana, 7, 34
11. Charaka, Unmada Chiktsita, 18; 20
12. Charaka, Hikkashwara, 18; 116

## Bibliograhy

Elephant Gold, by P.D. Stracey, 1963.
Wealth of India, Vol. 3, 1952
Harappa, by Kedarnath Shastri.
The Ramayana.
Charaka Samhita.
Jungle ki Or, by Suresh Vaidya.
Shishupala Vadha, by Magha.
Raghuvansha, by Kalidasa.
Meghadoota, by Kalidasa.
Journal of Bombay Natural History Society.
'Elephant, by S.K. Eltringham, 1982.

ਨੈਸਨਲ ਪ੍ਰੈੱਸ ਆਫ਼ ਇੰਡੀਆ, 32-ਬੀ, ਪਲੱਈਅਰ ਗਾਰਡਨ·ਮਾਰਕਿਟ, ਚਾਦਨੀ ਚੌਕ, ਦਿੱਲੀ-6
ਤੋਂ ਲੈਜਰ ਟਾਈਪਸੈਟਿੰਗ ਹੋ ਕੇ ਜੇ ਕੇ ਆਫ਼ਸੈੱਟ ਵਜੀਰਪੁਰ ਦਿੱਲੀ-35 ਤੋਂ ਛਪੀ।